12ਵੇਂ ਸਾਲ ਦਾ ਪ੍ਰਵੇਸ਼ ਅੰਕ
ਹਫਤਾਵਾਰੀ
# ਦੇਸ਼ ਦੁਆਬਾ
VOL -12 ISSUE -1
April 13, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com


'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼ ਲੇਖ ਅੰਦਰ ਦੇਖੋ

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


ਅਦਾਰਾ 'ਦੇਸ਼ ਦੁਆਬਾ' ਵੱਲੋਂ ਆਪ ਸਭ ਨੂੰ ਵਿਸਾਖ, ਵਿਸਾਖੀ, ਖਾਲਸਾ ਜੀ ਦੇ ਸਾਜਨਾ ਦਿਵਸ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਗੱਦੀ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਹੋਵਣ ਜੀ। ਅਦਾਰਾ 'ਦੇਸ਼ ਦੁਆਬਾ' ਜਲਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਨਿੱਘੀ ਸ਼ਰਧਾਂਜਲੀ ਦਿੰਦਾ ਹੈ।

## 1984 ਹਿੰਸਾ ਨੂੰ ਸਿੱਖ ਨਸਲਕੁਸ਼ੀ ਵਜੋਂ ਕੈਲੀਫੋਰਨੀਆ ਵਿਧਾਨ ਸਭਾ ਵੱਲੋਂ ਮਾਨਤਾ

**ਕੈਲੀਫੋਰਨੀਆ (ਬਿਊਰੋ)–** ਸੰਯੁਕਤ ਰਾਜ ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੀ ਅਸੈਂਬਲੀ ਨੇ ਭਾਰਤ ਵਿੱਚ ਨਵੰਬਰ 1984 ਵਿਚ ਵਾਪਰੀ ਸਿੱਖਾਂ ਵਿਰੁੱਧ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਹੈ। ਇਸ ਦਾ ਖੁਲਾਸਾ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕਾਕਸ ਕਮੇਟੀ ਦੇ ਆਗੂ ਡਾ। ਪ੍ਰਿਤਪਾਲ ਸਿੰਘ ਵੱਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕੈਲੀਫੋਰਨੀਆ ਦੀ ਅਸੈਂਬਲੀ ਵਿੱਚ ਇਹ ਮਤਾ ਪਹਿਲੀ ਵਾਰ ਚੁਣੀ ਗਈ ਸਿੱਖ ਮੈਂਬਰ ਜਸਬੀਰ ਕੌਰ ਬੈਂਸ ਵੱਲੋਂ ਪੇਸ਼ ਕੀਤਾ ਗਿਆ ਜਿਸ ਨੂੰ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਵਿਚ ਇਸ ਮਤੇ ਦਾ ਸਮਰਥਨ ਸਿੱਖ ਹਿਤੈਸ਼ੀ ਵਿਧਾਨ ਸਭਾ ਮੈਂਬਰ ਕਾਰਲੋਸ ਵਿਲਾਪੁਡੂਆ ਵੱਲੋਂ ਕੀਤਾ ਗਿਆ।



ਕੈਲਫੋਰਨੀਆ ਦੀ ਵਿਧਾਨ ਸਭਾ ਨੇ ਨਵੰਬਰ 1984 ਵਿੱਚ ਭਾਰਤ ਵਿਚ ਹੋਈ ਸਿੱਖ ਵਿਰੋਧੀ ਹਿੰਸਾ ਦੀ ਨਿੰਦਾ ਵੀ ਕੀਤੀ ਹੈ। ਦੱਸਣਾ ਬਣਦਾ ਹੈ ਕਿ ਨਿਊ ਜਰਸੀ ਵਿਧਾਨ ਸਭਾ ਇਸ ਸਬੰਧੀ ਪਹਿਲਾਂ ਹੀ ਮਤਾ ਪਾਸ ਕਰ ਚੁੱਕੀ ਹੈ। ਅਮਰੀਕੀ ਸਿੱਖ ਆਗੂ ਨੇ ਦੱਸਿਆ ਕਿ ਕੈਲੀਫੋਰਨੀਆ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰਨ ਵਾਲੀ ਵਿਧਾਇਕਾ ਜਸਮੀਤ ਕੌਰ ਬੈਂਸ ਅਤੇ ਮਤੇ ਦਾ ਸਮਰਥਨ ਕਰਨ ਵਾਲੇ ਵਿਧਾਇਕ ਕਾਰਲੋਸ ਦਾ ਬਾਅਦ ਵਿਚ ਸਟਾਕਟਨ ਦੇ ਗੁਰਦੁਆਰੇ ਵਿਖੇ ਸਨਮਾਨ ਕੀਤਾ ਗਿਆ। ਇਸ ਮੌਕੇ ਮਨਮੀਤ ਸਿੰਘ ਗਰੇਵਾਲ, ਮੇਅਰ ਬੌਬੀ ਸਿੰਘ, ਸਿੱਖ ਕਾਕਸ ਕਮੇਟੀ ਦੇ ਸਾਬਕਾ ਕਾਰਜਕਾਰੀ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਸ਼ਾਮਲ ਸਨ।


ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ 132ਵੇਂ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ
(ਸਬੰਧਿਤ ਲੇਖ ਅੰਦਰ ਦੇਖੋ)

## ਕੈਨੇਡਾ ਵਿੱਚ ਸਿੱਖ ਵਿਰਾਸਤੀ ਮਹੀਨੇ ਦੇ ਜਸ਼ਨ ਆਰੰਭ

**ਵੈਨਕੂਵਰ (ਬਿਊਰੋ)–** ਕੈਨੇਡਾ ਵਿਚ 'ਸਿੱਖ ਵਿਰਾਸਤੀ ਮਹੀਨੇ' ਦੇ ਜਸ਼ਨ ਸ਼ੁਰੂ ਹੋ ਗਏ ਹਨ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ 10 ਸਾਲ ਪਹਿਲਾਂ ਅਪਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਉਣ ਦੀ ਮਾਨਤਾ ਦਿੱਤੀ ਗਈ ਸੀ। ਵੈਨਕੂਵਰ (ਰੌਸ ਸਟਰੀਟ) ਅਤੇ ਸਰੀ (ਦਸਮੇਸ਼ ਦਰਬਾਰ) ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ 15 ਅਪਰੈਲ ਅਤੇ 22 ਅਪਰੈਲ ਨੂੰ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ। ਬੀਤੇ ਦਿਨੀਂ ਦੇਸ਼ ਦੀ ਰਾਜਧਾਨੀ ਔਟਵਾ ਸਥਿਤ ਪਾਰਲੀਮੈਂਟ ਹਿੱਲ 'ਤੇ ਸਿੱਖ ਸੰਗਤ ਵਲੋਂ ਖਾਲਸਈ ਨਿਸ਼ਾਨ ਸਾਹਿਬ ਝੁਲਾਇਆ ਗਿਆ, ਜੋ ਪੂਰਾ ਮਹੀਨਾ ਝੂਲਦਾ ਰਹੇਗਾ। ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿਚ ਵੀ ਜਸ਼ਨ ਮਨਾਏ ਜਾ ਰਹੇ ਹਨ। ਸਰੀ ਦੇ ਮਿਉਂਸਿਪੈਲਿਟੀ ਦਫਤਰ ਵਿਚ ਕਈ ਦਿਨਾਂ ਤੋਂ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਦਰਸ਼ਨੀ ਲਗਾਈ ਗਈ ਹੈ। ਟੋਰਾਂਟੋ, ਐਡਮੰਟਨ, ਵਿਨੀਪੈਗ, ਕੈਲਗਰੀ, ਰਿਜਾਈਨਾ, ਮੌਂਟਰੀਅਲ ਅਤੇ ਹੋਰ ਥਾਵਾਂ ਤੋਂ ਵਿਰਾਸਤੀ ਸਮਾਗਮਾਂ ਦੀਆਂ ਤਿਆਰੀਆਂ ਸ਼ੁਰੂ ਹੋਣ ਦੀਆਂ ਸੂਚਨਾਵਾਂ ਹਨ। ਹਰ ਸਾਲ ਵਾਂਗ ਦੇਸ਼ ਦੇ ਪ੍ਰਧਾਨ ਮੰਤਰੀ ਦਾ ਵਧਾਈ ਸੰਦੇਸ਼ ਵਿਸਾਖੀ ਮੌਕੇ ਆਉਣ ਦੀ ਸੰਭਾਵਨਾ ਹੈ। ਕੈਨੇਡਾ ਦੇ ਬਹੁ-ਸਭਿਆਚਾਰ ਤੇ ਹਾਊਸਿੰਗ ਮੰਤਰੀ ਅਹਿਮਦ ਡੀ। ਹੁਸੈਨ ਨੇ ਦੇਸ਼ ਵਿਚ ਰਹਿੰਦੇ ਕਰੀਬ 5 ਲੱਖ ਸਿੱਖਾਂ ਵੱਲੋਂ ਮੁਲਕ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਬੀਸੀ ਦੇ ਪ੍ਰੀਮੀਅਰ ਡੇਵਿਡ ਈਬੀ ਵਲੋਂ ਵੀ ਵਧਾਈ ਸੰਦੇਸ਼ ਭੇਜੇ ਗਏ ਹਨ। ਕੈਨੇਡੀਅਨ ਫੌਜ ਦੇ ਕੈਪਟਨ ਚਰਨਕਮਲ ਸਿੰਘ ਦੁੱਲਟ ਵਲੋਂ ਫੌਜੀ ਮਿਊਜ਼ੀਅਮ ਵਿਚ ਸਿੱਖ ਵਿਰਾਸਤ ਬਾਰੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ 'ਚ ਅਲਬਰਟਾ ਤੋਂ ਸੰਸਦ ਮੈਂਬਰ ਜਸਰਾਜ ਸਿੰਘ ਹੱਲਣ ਵੀ ਸ਼ਾਮਲ ਹੋਏ।



SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵਿਖੇ ਖਾਲਸਾ ਜੀ ਦਾ ਸਿਰਜਣਾ ਦਿਵਸ 16 ਅਪ੍ਰੈਲ 2023 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਭਾਈ ਕਸ਼ਮੀਰੀ ਭਾਟੀਆ, ਬੀਬੀ ਕਮਲਜੀਤ ਭਾਟੀਆ ਪਰਿਵਾਰ ਵੱਲੋਂ 14 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਜਿਹਨਾਂ ਦੇ ਭੋਗ 16 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ।

**ਸਮੂਹ ਸੰਗਤਾਂ ਨੂੰ ਭਾਟੀਆ ਪਰਿਵਾਰ ਵੱਲੋਂ ਬੇਨਤੀ ਹੈ ਕਿ ਤਿੰਨੋ ਦਿਨ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ।**

23 ਅਪ੍ਰੈਲ 2023, ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਦੀ ਸੇਵਾ ਹਰਬੰਸ ਰੱਤੂ ਅਤੇ ਗਿਆਨ ਕੌਰ ਰੱਤੂ ਵੱਲੋਂ ਹੈ ਜੀ।

30 ਅਪ੍ਰੈਲ 2023, ਸ੍ਰੀ ਸੁਖਮਨੀ ਸਾਹਿਬ ਜੀ ਦੀ ਅਤੇ ਕੀਰਤਨ ਦੀ ਸੇਵਾ ਸਰਦਾਰ ਨਿਰੰਜਣ ਸਿੰਘ, ਬੀਬੀ ਸੰਤੋਸ਼ ਕੁਮਾਰੀ ਵੱਲੋਂ ਹੈ ਜੀ ਅਤੇ ਲੰਗਰ ਦੀ ਸੇਵਾ ਨਿਰੰਜਣ ਸਿੰਘ ਪਰਿਵਾਰ ਵੱਲੋਂ ਹੈ ਜੀ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਸਮਾਗਮਾਂ ਤੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Sangat Sewadars** www.sriguruкravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |



# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**




BHIM INTERNATIONAL FOUNDATION
BIF
USA

# Bhim International Foundation USA (BIF USA)

Celebrates

## DR. B.R. AMBEDKAR SAHIB 132ND BIRTH ANNIVERSARY

On Sunday 16th April 2023, From 5:00 pm to 9:00 pm

Venue

**Raja Sweets Indian Cuisine**

12/5 West Winton Avenue Hayward Ca 94545

### Special Guest Speakers:

Dr. Dilip Mandal (Sr. Journalist)
Aisha Wahab (Senator)
Teresa Cox (Vice Mayor Fremont)
Vanessa Russel (Founder Love Never Fail)

### Cultural Program :

Professional Singer Sukhdev Sahil & Vijay Kumar
Please join us for this great event.
Any kind help will be appreciated.

For More info Call :

Vinod Kumar Chumber 510-953-9800
Naresh Kumar 510-857-4551
Vikas Jassal 347-951-0944

Jai Bhim Jai Bhim Jai Bhim

Stylish Printers # 94653-39604

# ਡਾ. ਅੰਬੇਦਕਰ ਦੀ ਜੈਅੰਤੀ 14 ਅਪ੍ਰੈਲ ਨੂੰ ਊਨਾ ਵਿਚ ਮਨਾਈ ਜਾਵੇਗੀ

## ਰਿਟਾਇਰਡ ਰਾਜਦੂਤ ਵਿਦਿਆ ਭੂਸ਼ਣ ਸੋਨੀ ਹੋਣਗੇ ਮੁੱਖ ਮਹਿਮਾਨ



**ਊਨਾ (ਹਿਮਾਚਲ ਪ੍ਰਦੇਸ਼)–** ਸ੍ਰੀ ਗੁਰੂ ਰਵਿਦਾਸ ਮਹਾਂ ਸਭਾ ਦੁਆਰਾ ਭਾਰਤ ਰਤਲ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮਰਾਓ ਅੰਬੇਦਕਰ ਦੀ ਜੈਅੰਤੀ ਦਾ ਆਯੋਜਨ 14 ਅਪ੍ਰੈਲ ਨੂੰ ਐਮ. ਸੀ. ਪਾਰਕ ਊਨਾ ਵਿਚ ਕੀਤਾ ਜਾਵੇਗਾ, ਜਿਸ ਵਿਚ ਭਾਰਤੀ ਵਿਦੇਸ਼ ਸੇਵਾ ਤੋਂ ਰਾਜਦੂਤ ਦੇ ਰੂਪ ਵਿਚ ਰਿਟਾਇਰਡ ਦਿੱਲੀ ਨਿਵਾਸੀ ਸ੍ਰੀ ਵਿਦਿਆ ਭੂਸ਼ਣ ਸੋਨੀ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਿਰਕਤ ਕਰਨਗੇ। ਇਸ ਦੀ ਜਾਣਕਾਰੀ ਦਿੰਦਿਆਂ ਮਹਾਂਸਭਾ ਦੇ ਬੁਲਾਰੇ ਸ੍ਰੀ ਪੀ. ਆਰ. ਭੱਟੀ ਨੇ ਦੱਸਿਆ ਕਿ ਸ੍ਰੀ ਵਿਦਿਆ ਭੂਸ਼ਣ ਸੋਨੀ 1867 ਬੈਚ ਦੇ ਭਾਰਤੀ ਵਿਦੇਸ਼ ਸੇਵਾ (ਆਈ. ਐਫ. ਐਸ.) ਦੇ ਅਧਿਕਾਰੀ ਹਨ। ਜਿਹਨਾਂ ਨੇ ਬਤੌਰ ਭਾਰਤੀ ਰਾਜਦੂਤ ਦੇਸ਼ ਵਿਦੇਸ਼ ਵਿਚ ਭਾਰਤੀ ਵਿਦੇਸ਼ ਮੰਤਰਾਲੇ ਦੇ ਤਹਿਤ 1967 ਤੋਂ 2002 ਤੱਕ ਭਾਰਤੀ ਹਿੱਤਾਂ ਦੀ ਜ਼ੋਰਦਾਰ ਅਗਵਾਈ ਕੀਤੀ। ਆਪਣੇ ਸੇਵਾਕਾਲ ਦੌਰਾਨ ਉਹਨਾਂ ਨੇ ਮਾਸਕੋ, ਕੈਰੋ, ਕੁਆਲਾਲੰਪੁਰ ਅਤੇ ਲੰਡਨ ਸਮੇਤ ਇਕ ਦਰਜਨ ਤੋਂ ਜ਼ਿਆਦਾ ਮੁਲਕਾਂ ਵਿਚ ਆਪਣੀਆਂ ਡਿਪਲੋਮੈਟਿਕ ਸੇਵਾਵਾਂ ਦਿੱਤੀਆਂ ਹਨ। ਇੰਗਲੈਂਡ ਦੇ ਲਾਰਡਜ਼ ਵਿਚ ਆਯੋਜਿਤ 1983 ਵਿਚ ਪਹਿਲੀ ਵਾਰ ਵਿਸ਼ਵ ਕੱਪ ਜੇਤੂ ਰਹੀ ਭਾਰਤੀ ਕ੍ਰਿਕਟ ਟੀਮ ਦੇ ਇਹ ਮੈਨੇਜਰ ਵੀ ਰਹੇ ਹਨ। ਇਸ ਤੋਂ ਬਾਅਦ ਭਾਰਤੀ ਵਣਿਜ ਮੰਤਰਾਲੇ ਵਿਚ ਰਹਿ ਕੇ ਭਾਰਤ ਵੱਲੋਂ ਵੱਖ-ਵੱਖ ਦੇਸ਼ਾਂ ਦੇ ਨਾਲ ਹੋਣ ਵਾਲੀਆਂ ਵਪਾਰਕ ਸੰਧੀਆਂ ਵਿਚ ਅਹਿਮ ਭੂਮਿਕਾ ਨਿਭਾਈ। ਸ੍ਰੀ ਬੀ. ਵੀ. ਸੋਨੀ ਯੂਕਰੇਨ ਆਦਿ ਮਾਮਲਿਆਂ ਦੇ ਮਾਹਿਰ ਹਨ। ਇਹਨਾਂ ਮਾਮਲਿਆਂ ਨੂੰ ਲੈ ਕੇ ਇਹ ਐਨ. ਡੀ. ਟੀ. ਵੀ. ਸਮੇਤ ਬਹੁਤ ਸਾਰੇ ਟੀ. ਵੀ. ਪ੍ਰੋਗਰਾਮਾਂ ਵਿਚ ਭਾਰਤ ਦਾ ਡਿ-ਪਲੋਮੈਟਿਕ ਪੱਖ ਮਜ਼ਬੂਤੀ ਨਾਲ ਰੱਖਦੇ ਰਹਿੰਦੇ ਹਨ। ਸ੍ਰੀ ਸੋਨੀ ਮੂਲ ਤੌਰ ਤੇ ਦਿੱਲੀ ਦੇ ਨਿਵਾਸੀ ਹਨ, ਜਿਹਨਾਂ ਦੇ ਦਾਦਾ ਜੀ ਅਤੇ ਪਿਤਾ ਸ੍ਰੀ ਬਾਂਕੇ ਲਾਲ ਭਵਨ ਨਿਰਮਾਣ ਦੇ ਪੇਸ਼ੇ ਵਿਚ ਏ. ਗ੍ਰੇਡ ਠੇਕੇਦਾਰ ਸਨ। ਜਿਹਨਾਂ ਨੇ ਦਿੱਲੀ ਸਥਿਤ ਬਹੁਤ ਸਾਰੇ ਇਤਿਹਾਸਕ ਸਰਕਾਰੀ ਭਵਨਾਂ ਦਾ ਨਿਰਮਾਣ ਵੀਹਵੇਂ ਤੋਂ ਸੱਤਵੇਂ ਦਹਾਕੇ ਵਿਚਕਾਰ ਕਰਵਾਇਆ ਸੀ। ਸ੍ਰੀ ਸੋਨੀ ਨਾ ਕੇਵਲ ਦਿੱਲੀ ਦੇ ਅਮੀਰ ਪਰਿਵਾਰ ਨਾਲ ਸਬੰਧ ਰੱਖਦੇ ਹਨ, ਬਲਕਿ ਇਹਨਾਂ ਦੀ ਪਤਨੀ ਸ੍ਰੀਮਤੀ ਕਮਲੇਸ਼ ਊਨਾਂ ਦੇ ਦੇਹਲਾਂ ਪਿੰਡ ਨਾਲ ਸਬੰਧਤ ਰਿਟਾਇਰਡ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ੍ਰੀ ਈਸ਼ਵਰ ਦਾਸ ਪਵਾਰ ਦੀ ਪੁੱਤਰੀ ਹੈ। ਸ੍ਰੀ ਈਸ਼ਵਰ ਦਾਸ ਪਵਾਰ ਸਾਂਝੇ ਪੰਜਾਬ ਦੇ ਲੋਕਪ੍ਰਿਆ ਜੱਜਾਂ ਵਿਚੋਂ ਇਕ ਰਹੇ ਹਨ। ਸ੍ਰੀ ਪਵਾਰ ਆਪਣੀ ਨਿਆਂਸ਼ੀਲਤਾ ਅਤੇ ਲੋਕ ਸਹਾਇਤਾ ਦੇ ਲਈ ਨਾ ਕੇਵਲ ਆਪਣੇ ਭਾਈਚਾਰੇ ਸਰਵ ਸਮਾਜਵੀ ਉਹਨਾਂ ਦੀ ਕਾਰਜਸ਼ੈਲੀ ਦੀ ਮੁਰੀਦ ਸੀ। ਸ੍ਰੀ ਪਵਾਰ ਦੁਆਰਾ ਲਿਖੀ ਪੁਸਤਕ 'ਮਾਈ ਸਟ੍ਰਗਲ ਇਨ ਲਾਈਫ' ਦਾ ਸੱਚ ਕਹਿਣਾ ਨਾ ਕੇਵਲ ਉਹਨਾਂ ਦੇ ਸੰਘਰਸ਼ ਦਾ ਗਵਾਹ ਹੈ ਬਲਕਿ ਭਾਰਤੀ ਸਮਾਜ ਵਿਚ ਮੌਜੂਦ ਸਮਾਜਿਕ ਅਸਮਾਨਤਾਵਾਂ ਦਾ ਸੂਚਕ ਵੀ ਹੈ। ਸ੍ਰੀ ਬੀ. ਵੀ. ਸੋਨੀ ਅੰਬੈਸਡਰ ਨੂੰ ਰਿਟਾਇਰਡ ਸੈਸ਼ਨ ਜੱਜ ਦੇ ਜਵਾਈ ਹੋਣ ਦਾ ਮਾਣ ਵੀ ਪ੍ਰਾਪਤ ਹੈ। ਉਹ ਭਾਰਤੀ ਦਲਿਤ ਸਮਾਜ ਦੇ ਮਾਣਮੱਤੇ ਚਿਹਰੇ ਵੀ ਹਨ, ਜਿਹਨਾਂ ਨੇ ਬਚਪਨ ਵਿਚ ਦਿੱਲੀ ਵਿਚ ਰਹਿੰਦੇ ਹੋਏ ਅੰਬੇਡਕਰ ਪਰਿਵਾਰ ਦਾ ਸਾਥ ਵੀ ਪ੍ਰਾਪਤ ਹੋਇਆ ਜ?।

# ਡਾ. ਸੁਖਵਿੰਦਰ ਸੁੱਖੀ ਜਿਮਨੀ ਚੋਣ ਦੇ ਉਮੀਦਵਾਰ

## ਬੰਗਾ ਹਲਕੇ ਤੋਂ ਦੋ ਵਾਰ ਵਿਧਾਇਕ ਬਣੇ ਜਲੰਧਰ ਤੋਂ ਸੰਸਦ ਉਮੀਦਵਾਰ

**ਨਵਾਂ ਸ਼ਹਿਰ (ਸੰਤੋਖ ਸਿੰਘ ਜੱਸੀ)–** ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ, ਜੋ ਜ਼ਿਲ੍ਹਾ ਜਲੰਧਰ ਦੀ ਕਿਸੇ ਸਮੇਂ ਤਹਿਸੀਲ ਨਵਾਂਸ਼ਹਿਰ ਦੇ ਪਿੰਡ ਗੁਣਾਚੌਰ ਦੇ ਜੱਦੀ ਵਸਨੀਕ ਹਨ, ਉਹਨਾਂ ਨੇ ਪਹਿਲਾਂ ਬਹੁਜਨ ਸਮਾਜ ਪਾਰਟੀ ਦੀ ਟਿਕਟ ਤੇ ਹੁਸ਼ਿਆਰਪੁਰ ਤੇ ਉਹਨਾਂ ਦੇ ਸੇਵਾ ਮੁਕਤ ਤਹਿਸੀਲਦਾਰ ਨੇ ਨਵਾਂ ਸ਼ਹਿਰ ਤੋਂ ਬੀ. ਐਸ. ਪੀ. ਦੀ ਟਿਕਟ 'ਤੇ ਚੋਣ ਲੜੀ। ਉਹ ਇਲਾਕੇ ਵਿਚ ਨੱਕ, ਕੰਨ ਤੇ ਗਲੇ ਦੇ ਮਾਹਿਰ ਡਾਕਟਰ ਵਜੋਂ ਜਾਣੇ ਜਾਂਦੇ ਹਨ। ਉਹਨਾਂ ਦਾ ਪ੍ਰਭਾਵ ਮਿਲਣਸਾਰ, ਸ਼ਰੀਫ, ਇਮਾਨਦਾਰ ਹੋਣ ਕਾਰਨ ਹਰ ਕੋਈ ਉਹਨਾਂ ਨਾਲ ਸਿੱਧੀ ਪਹੁੰਚ ਕਰ ਸਕਦਾ ਹੈ। ਜਲੰਧਰ ਤੋਂ ਉਮੀਦਵਰ ਬਣਨ ਤੇ ਉਹਨਾਂ ਨੇ ਪ੍ਰਮਾਤਮਾ, ਕੁਦਰਤ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਦੋਵੇਂ ਪਾਰਟੀਆਂ ਦੀ ਕੌਮੀ ਲੀਡਰਸ਼ਿਪ ਨੇ ਉਹਨਾਂ ਤੇ ਜੋ ਭਰੋਸਾ ਦਿਵਾਇਆ, ਉਸ ਲਈ ਧੰਨਵਾਦ ਕਰਦੇ ਹਾਂ। ਉਹਨਾਂ ਅੱਗੇ ਕਿਹਾ ਕਿ ਜੇਕਰ ਉਹਨਾਂ ਨੂੰ ਜਲੰਧਰ ਤੋਂ ਮੌਕਾ ਦੇਣਗੇ ਤਾਂ ਉਹ ਜਲੰਧਰ ਲੋਕ ਸਭਾ ਦੇ ਲੋਕਾਂ ਦੀਆਂ ਮੰਗਾਂ, ਸਮੱਸਿਆਵਾਂ ਨੂੰ ਹੱਲ ਕਰਨ ਤੇ ਇਕ ਵਿਕਸਤ ਜ਼ਿਲ੍ਹਾ ਬਣਾਉਣ ਲਈ ਹਰ ਸੰਭਵ ਕਦਮ ਚੁੱਕਣਗੇ।

# ਪਵਿੱਤਰ ਵੇਈਂ ਦੇ 21 ਦੇਸ਼ਾਂ ਦੇ 100 ਸ਼ਰਧਾਲੂਆਂ ਨੇ ਕੀਤੇ ਦਰਸ਼ਨ

**ਸੁਲਤਾਨਪੁਰ ਲੋਧੀ–** ਪਵਿੱਤਰ ਵੇਈਂ ਦੇ ਦਰਸ਼ਨਾਂ ਲਈ 21 ਦੇਸ਼ਾਂ ਦੇ 100 ਸ਼ਰਧਾਲੂਆਂ ਦਾ ਜੱਥਾ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪੁੱਜਾ। ਜੱਥੇ ਦੀ ਅਗਵਾਈ ਕਰ ਰਹੇ ਯੋਗੀ ਅਮਨਦੀਪ ਸਿੰਘ ਨੇ ਦੱਸਿਆ ਕਿ ਉਹ ਵਿਸ਼ਵ ਪੱਧਰ 'ਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ, ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹਨ ਅਤੇ ਗੁਰਬਾਣੀ ਰਾਹੀਂ ਯੋਗ ਸਾਧਨਾ ਸਿਖਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਰ ਸਾਲ ਵੱਖ-ਵੱਖ ਦੇਸ਼ ਦੇ ਲੋਕਾਂ ਨੂੰ ਇੱਕਠਾ ਕਰ ਕੇ ਭਾਰਤ ਦਾ ਦੌਰਾ ਕੀਤਾ ਜਾਂਦਾ ਹੈ, ਇਸ ਵਾਰ ਉਹ ਜੱਥੇ ਸਮੇਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ 'ਤੇ ਪਵਿੱਤਰ ਵੇਈਂ ਦੇ ਦਰਸ਼ਨਾਂ ਲਈ ਸੁਲਤਾਨਪੁਰ ਲੋਧੀ ਆਏ ਹਨ, ਜਿੱਥੇ ਉਨ੍ਹਾਂ ਵੱਲੋਂ ਵਾਤਾਵਰਣ ਪ੍ਰੇਮੀ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਜੱਥੇ ਦਾ ਸਵਾਗਤ ਕਰਦਿਆਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਇਹ ਸਥਾਨ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਹੈ, ਜਿੱਥੇ ਉਨ੍ਹਾਂ ਆਪਣੇ ਜੀਵਨ ਦਾ ਲੰਬਾ ਸਮਾਂ ਬਤੀਤ ਕੀਤਾ ਸੀ। ਇਸ ਮੌਕੇ



ਸੰਤ ਸੀਚੇਵਾਲ ਵੱਲੋਂ ਜੱਥੇ ਨੂੰ ਲੈ ਕੇ ਆਏ ਯੋਗੀ ਅਮਨਦੀਪ ਸਿੰਘ ਦਾ ਸਨਮਾਨ ਕੀਤਾ ਗਿਆ ਤੇ ਉਨ੍ਹਾਂ ਨੂੰ ਪਵਿੱਤਰ ਵੇਈਂ ਦੇ ਪਾਣੀ ਦਾ ਟੀ। ਡੀ। ਐਸ। ਚੈਕ ਕਰਵਾਇਆ ਗਏ ਅਤੇ ਹਾਲਟਾਂ ਵਾਲਾ ਖੂਹ ਵੀ ਦਿਖਾਇਆ ਗਿਆ।

ਉਨ੍ਹਾਂ ਆਏ ਜੱਥੇ ਨੂੰ ਸੰਬੋਧਨ ਹੁੰਦਿਆ ਦੱਸਿਆ ਕਿ ਜਿਸ ਵੇਈਂ ਦੇ ਦਰਸ਼ਨਾਂ ਲਈ ਉਹ ਆਏ ਹਨ, ਉਹ ਵੀ ਬਾਕੀ ਕੁਦਰਤੀ ਸ੍ਰੋਤਾਂ ਵਾਂਗ ਪ੍ਰਦੂਸ਼ਿਤ ਹੋ ਚੁੱਕੀ ਸੀ, ਜਿਸਨੂੰ ਮੁੜ ਸੁਰਜੀਤ ਕਰਨ ਲਈ ਸੰਗਤਾਂ ਵੱਲੋਂ ਦਿਨ-ਰਾਤ ਕਾਰਸੇਵਾ ਕੀਤੀ ਗਈ, ਜਿਸ ਬਾਰੇ ਜੱਥੇ ਨੂੰ ਵੇਈਂ ਦੀ ਕਾਰਸੇਵਾ 'ਤੇ ਬਣੀ ਗਈ ਦਸਤਾਵੇਜ਼ੀ ਫਿਲਮ ਵੀ ਦਿਖਾਈ ਗਈ। ਸੰਤ ਸੀਚੇਵਾਲ ਨੇ ਆਏ ਜੱਥੇ ਨੂੰ 'ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ' ਦੇ ਸਿਧਾਂਤਾਂ ਨੂੰ ਜੀਵਨ ਵਿਚ ਅਪਣਾਉਣ ਤੇ ਗੁਰਬਾਣੀ ਅਨੁਸਾਰ ਹਵਾ ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਦਾ ਤੇ ਧਰਤੀ ਨੂੰ ਮਾਤਾ ਦਾ ਦਰਜ਼ਾ ਦੇਣ ਲਈ ਪ੍ਰੇਰਿਤ ਕੀਤਾ। ਜੱਥੇ ਵਿਚ ਅਮਰੀਕਾ, ਕੈਨੇਡਾ, ਜਰਮਨੀ, ਰਸ਼ੀਆਮ ਤਜਾਕੀਸਤਾਨ ਤੇ ਚਾਇਨਾ ਸਮੇਤ ਵੱਖ-ਵੱਖ ਦੇਸ਼ਾਂ ਦੇ ਸ਼ਰਧਾਲੂ ਸ਼ਾਮਲ ਸੀ।

# ਦਲਿਤ ਵਿਦਿਆਰਥੀ ਜਾਤੀ ਵਿਤਕਰੇ ਕਾਰਨ ਕਰ ਰਹੇ ਨੇ ਖ਼ੁਦਕੁਸ਼ੀਆਂ

**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਸਾਲ 1942 ਵਿਚ ਕੈਨੇਡਾ 'ਚ ਭਾਸ਼ਨ ਦਿੰਦਿਆਂ ਡਾ। ਬੀ।ਆਰ। ਅੰਬੇਡਕਰ ਨੇ ਭਾਰਤ ਵਿਚ ਦਲਿਤਾਂ ਦੀ ਸਮੱਸਿਆ ਦੀ ਚਰਚਾ ਕਰਦੇ ਹੋਏ ਦੋ ਮੁੱਖ ਗੱਲਾਂ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਨੇ ਪਹਿਲੀ ਗੱਲ ਇਹ ਕਹੀ ਸੀ ਕਿ ਜਾਤੀ ਵਿਵਸਥਾ ਸਾਮਰਾਜਵਾਦ ਤੋਂ ਜ਼ਿਆਦਾ ਖ਼ਤਰਨਾਕ ਹੈ ਅਤੇ ਭਾਰਤ ਵਿਚ ਜਾਤੀ ਪ੍ਰਥਾ ਖ਼ਤਮ ਹੋਣ ਤੋਂ ਬਾਅਦ ਹੀ ਸ਼ਾਂਤੀ ਅਤੇ ਵਿਵਸਥਾ ਕਾਇਮ ਹੋ ਸਕੇਗੀ। ਦੂਜੀ ਗੱਲ ਇਹ ਕਹੀ ਸੀ ਕਿ ਭਾਰਤ ਵਿਚ ਜੇਕਰ ਕਿਸੇ ਵਰਗ ਨੂੰ ਆਜ਼ਾਦੀ ਚਾਹੀਦੀ ਹੈ ਤਾਂ ਉਹ ਦਲਿਤ ਹੈ।

ਸਿੱਖਿਆ ਸੰਸਥਾਵਾਂ ਸਮੇਤ ਕਈ ਖੇਤਰਾਂ ਵਿਚ ਵੀ ਵੱਡੇ ਪੱਧਰ 'ਤੇ ਜਾਤੀ ਭੇਦਭਾਵ ਜਾਰੀ ਹੈ। ਇਸ ਕਾਰਣ ਦਲਿਤ ਵਿਦਿਆਰਥੀ ਯੂਨੀਵਰਸਿਟੀਆਂ ਛਡਕੇ ਜਾ ਰਹੇ ਹਨ। ਇਥੋਂ ਤਕ ਉਹ ਜਾਤੀ ਵਿਤਕਰੇ ਤੋਂ ਤੰਗ ਆ ਕੇ ਖ਼ੁਦਕੁਸ਼ੀਆਂ ਕਰ ਰਹੇ ਹਨ। ਸਾਲ 2021 ਦੇ ਦਸੰਬਰ ਮਹੀਨੇ ਵਿਚ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਸੰਸਦ 'ਚ ਦੱਸਿਆ ਸੀ ਕਿ ਪਿਛਲੇ 7 ਸਾਲਾਂ ਵਿਚ 122 ਵਿਦਿਆਰਥੀਆਂ ਨੇ ਦੇਸ਼ ਦੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿਚ ਖ਼ੁਦਕੁਸ਼ੀਆਂ ਕੀਤੀਆਂ ਹਨ। ਇਨ੍ਹਾਂ ਖ਼ੁਦਕੁਸ਼ੀਆਂ ਕਰਨ ਵਾਲਿਆਂ ਵਿਚ ਦਲਿਤ, ਆਦਿਵਾਸੀ, ਪੱਛੜੇ ਵਰਗ ਅਤੇ ਮੁਸਲਿਮ ਵਿਦਿਆਰਥੀ ਸ਼ਾਮਿਲ ਸਨ। ਇਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਦਲਿਤਾਂ ਦੀ ਸੀ। ਖ਼ੁਦਕੁਸ਼ੀ ਕਰਕੇ ਆਪਣੇ ਜੀਵਨ ਦਾ ਅੰਤ ਕਰਨ ਵਾਲੇ ਵਿਦਿਆਰਥੀ ਆਈ।ਆਈ।ਟੀ।, ਆਈਆਈਐਮ ਤੇ ਮੈਡੀਕਲ ਕਾਲਜਾਂ ਦੇ ਸਨ। ਇਨ੍ਹਾਂ 122 ਵਿਦਿਆਰਥੀਆਂ ਵਿਚੋਂ 3 ਆਦਿਵਾਸੀ, 24 ਦਲਿਤ ਅਤੇ 3 ਘੱਟ-ਗਿਣਤੀ ਨਾਲ ਸੰਬੰਧਿਤ ਸਨ। ਖ਼ੁਦਕੁਸ਼ੀ ਕਰਨ ਵਾਲੇ 34 ਵਿਦਿਆਰਥੀ ਆਈ।ਆਈ।ਟੀ। ਜਾਂ ਆਈ।ਆਈ।ਐਮ। ਵਿਚ ਪੜ੍ਹਦੇ ਸਨ। ਤੀਹ ਵਿਦਿਆਰਥੀ ਵੱਖ-ਵੱਖ ਕੌਮੀ ਤਕਨੀਕੀ ਸੰਸਥਾਵਾਂ ਦੇ ਸਨ।

ਸਾਲ 2016 ਦੇ ਜਨਵਰੀ ਮਹੀਨੇ ਦੀ 17 ਤਰੀਕ ਨੂੰ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਦੇ ਪੀਐੱਚਡੀ ਵਿਦਿਆਰਥੀ ਰੋਹਿਤ ਵੇਮਯੁਲਾ ਨੇ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਪ੍ਰਸ਼ਾਸਨ ਖ਼ਿਲਾਫ਼ ਕਈ ਸ਼ਿਕਾਇਤਾਂ ਕੀਤੀਆਂ ਸਨ। ਸਾਲ 2019 ਵਿਚ ਟੋਪੀਵਾਲਾ ਨੈਸ਼ਨਲ ਮੈਡੀਕਲ ਕਾਲਜ, ਮੁੰਬਈ ਦੀ ਵਿਦਿਆਰਥਣ ਪਾਇਲ ਤੜਵੀ ਨੇ ਖ਼ੁਦਕੁਸ਼ੀ ਕਰ ਲਈ ਸੀ। ਤੜਵੀ ਨੇ ਕਾਲਜ ਵਿਚ ਉੱਚ ਜਾਤੀ ਦੇ ਵਿਦਿਆਰਥੀਆਂ ਵਲੋਂ




ਲਗਾਤਾਰ ਭੇਦਭਾਵ ਅਤੇ ਸਤਾਏ ਜਾਣ ਦੀ ਸ਼ਿਕਾਇਤ ਕੀਤੀ ਸੀ। ਵੇਮਯੁਲਾ ਅਤੇ ਤੜਵੀ ਦੋਵੇਂ ਦਲਿਤ ਸਨ। ਦੋਵਾਂ ਦੇ ਖ਼ੁਦਕੁਸ਼ੀ ਕਰਨ ਤੋਂ ਬਾਅਦ ਉੱਠੇ ਤੂਫ਼ਾਨ ਦੇ ਮੱਦੇਨਜ਼ਰ ਉਮੀਦ ਸੀ ਕਿ ਉੱਚ ਸਿੱਖਿਆ ਸੰਸਥਾਵਾਂ ਵਿਚ ਦਲਿਤ ਵਿਦਿਆਰਥੀਆਂ ਦੇ ਪ੍ਰਤੀ ਵਿਵਹਾਰ 'ਚ ਕੁਝ ਫ਼ਰਕ ਆਏਗਾ। ਪਰ ਉਸ ਤੋਂ ਬਾਅਦ ਤੋਂ ਲੈ ਕੇ ਅੱਜ ਤੱਕ ਜੋ ਅੰਕੜੇ ਸਾਹਮਣੇ ਆਏ ਹਨ, ਉਨ੍ਹਾਂ ਤੋਂ ਲਗਦਾ ਹੈ ਕਿ ਨਾ ਸਿਰਫ਼ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ, ਸਗੋਂ ਸਥਿਤੀ ਹੋਰ ਵੀ ਬਦਤਰ ਹੋ ਗਈ ਲਗਦੀ ਹੈ। ਸੰਸਦੀ ਕਮੇਟੀ ਦੀ ਰਿਪੋਰਟ ਅਨੁਸਾਰ ਏਮਜ਼ ਦਿੱਲੀ 'ਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀ ਲਗਾਤਾਰ ਪ੍ਰੀਖਿਆਵਾਂ 'ਚ ਫੇਲ੍ਹ ਹੋ ਰਹੇ ਹਨ। ਇਸ ਦਾ ਕਾਰਨ ਉਨ੍ਹਾਂ ਦੇ ਨਾਲ ਹੋਣ ਵਾਲਾ ਭੇਦਭਾਵ ਹੈ।

ਇਹ ਗੱਲ ਐਸਸੀ-ਐਸਟੀ ਕਮੇਟੀ ਦੇ ਪ੍ਰਧਾਨ ਭਾਜਪਾ ਸੰਸਦ ਮੈਂਬਰ ਪ੍ਰੇਮ ਜੀ ਭਾਈ ਸੋਲੰਕੀ ਨੇ ਵੀ ਮੰਨੀ ਸੀ। ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਜਿੱਥੋਂ ਤੱਕ ਕਿ ਵੱਖ-ਵੱਖ ਪੁਜ਼ੀਸ਼ਨਾਂ ਲਈ ਅਪਲਾਈ ਕਰਨ ਸਮੇਂ ਵੀ ਉਨ੍ਹਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ।

ਲੋਕ ਸਭਾ ਵਿਚ ਸਿੱਖਿਆ ਮੰਤਰਾਲੇ ਨੇ ਦੱਸਿਆ ਕਿ ਦੇਸ਼ ਦੇ 45 ਕੇਂਦਰੀ ਯੂਨੀਵਰਸਿਟੀਆਂ ਵਿਚੋਂ ਸਿਰਫ਼ ਇਕ ਵਿਚ ਅਨੁਸੂਚਿਤ ਜਾਤੀ ਦਾ ਕੁਲਪਤੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਕੁੱਲ 8668 ਉਮੀਦਵਾਰਾਂ ਨੇ ਸਹਾਇਕ ਪ੍ਰੋਫੈਸਰ ਦੀ ਅਸਾਮੀ ਲਈ ਅਪਲਾਈ ਕੀਤਾ, ਜਿਨ੍ਹਾਂ ਵਿਚੋਂ 5247 ਆਮ ਵਰਗ ਦੇ ਸਨ, ਉੱਥੇ ਹੀ 1045 ਅਨੁਸੂਚਿਤ ਜਾਤੀ, 490 ਅਨੁਸੂਚਿਤ ਜਨਜਾਤੀ ਅਤੇ 1567 ਹੋਰ ਪੱਛੜੇ ਵਰਗ (ਓਬੀਸੀ) ਦੇ ਸਨ। ਭੇਦਭਾਵ ਦੀ ਇਹ ਸਥਿਤੀ ਸਿਰਫ਼ ਉੱਚ ਸਿੱਖਿਆ ਸੰਸਥਾਵਾਂ ਤੱਕ ਸੀਮਤ ਨਹੀਂ ਹੈ, ਸਗੋਂ ਲਗਭਗ ਸਾਰੀਆਂ ਸਿੱਖਿਆ ਸੰਸਥਾਵਾਂ ਵਿਚ ਪਾਈ ਜਾਂਦੀ ਹੈ।

### ਜਾਤੀ ਵਿਤਕਰੇ ਕਾਰਣ ਦਲਿਤ ਵਿਦਿਆਰਥੀਆਂ ਨੇ ਪੜ੍ਹਾਈ ਛੱਡੀ

ਪਿਛਲੇ 5 ਸਾਲਾਂ ਵਿਚ 19000 ਤੋਂ ਵੱਧ ਐਸ ਸੀ, ਬੀਸੀ, ਐਸਟੀ ਵਿਦਿਆਰਥੀਆਂ ਨੇ ਅੱਧ ਵਿਚਾਲੇ ਹੀ ਉੱਚ ਸਿੱਖਿਆ ਸੰਸਥਾਵਾਂ ਵਿੱਚ ਉੱਚੇਰੀ ਸਿੱਖਿਆ ਦੀ ਪੜ੍ਹਾਈ ਛੱਡ ਦਿੱਤੀ। ਇਸ ਗੱਲ ਦਾ ਪ੍ਰਗਟਾਵਾ ਕੇਂਦਰੀ ਸਿੱਖਿਆ ਰਾਜ ਮੰਤਰੀ ਸੁਭਾਸ਼ ਸਰਕਾਰ ਨੇ ਬੀਤੇ ਦਿਨੀਂ ਰਾਜ ਸਭਾ ਵਿੱਚ ਕੀਤਾ ਸੀ। ਇੱਕ ਲਿਖਤੀ ਸਵਾਲ ਦੇ ਜਵਾਬ ਵਿੱਚ ਆਂਕੜਾ ਸਾਂਝਾ ਕਰਦਿਆਂ ਸੁਭਾਸ਼ ਸਰਕਾਰ ਨੇ ਦੱਸਿਆ ਕਿ 2018-2022 ਦੀ ਮਿਆਦ ਦੇ ਦੌਰਾਨ ਹੋਰ ਪੱਛੜੀਆਂ ਸ਼੍ਰੇਣੀਆਂ , ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ 19,256 ਵਿਦਿਆਰਥੀਆਂ ਨੇ ਸਾਰੀਆਂ ਕੇਂਦਰੀ ਯੂਨੀਵਰਸਿਟੀਆਂ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਤੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਵਿੱਚ ਅੱਧ ਵਿਚਾਲੇ ਹੀ ਆਪਣੀ ਪੜ੍ਹਾਈ ਛੱਡ ਦਿੱਤੀ ਸੀ।

ਹੁਣ ਭਾਵੇਂ ਸਰਕਾਰ ਐਸਸੀ, ਐਸਟੀ ਅਤੇ ਓਬੀਸੀ ਵਿਦਿਆਰਥੀਆਂ ਦੇ ਸਕੂਲ ਛੱਡਣ ਦਾ ਕਾਰਨ ਨਹੀਂ ਦੱਸ ਰਹੀ ਹੈ। ਪਰ ਆਦਿਵਾਸੀ ਅਤੇ ਦਲਿਤ ਨੇਤਾਵਾਂ ਨੇ ਲੰਬੇ ਸਮੇਂ ਤੋਂ ਕਹਿ ਰਹੇ ਹਨ ਕਿ ਇਹਨਾਂ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਸੰਸਥਾਵਾਂ ਵਿੱਚ ਆਮ ਨਾਲੋਂ ਵੱਧ ਦਬਾਅ ਅਤੇ ਜਾਤੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਿਸ ਦਾ ਇੱਕ ਵੱਡਾ ਨਤੀਜਾ ਇਹ ਹੁੰਦਾ ਹੈ ਕਿ ਇਹ ਵਿਦਿਆਰਥੀ ਆਪਣੀ ਪੜ੍ਹਾਈ ਅੱਧ ਵਿਚਾਲੇ ਛੱਡ ਦਿੰਦੇ ਹਨ। ਨੈਸ਼ਨਲ ਇੰਸਟੀਚਿਊਟ ਰੈਂਕਿੰਗਜ਼ ਵਿੱਚ ਸਿਖਰਲੇ 10 ਸਥਾਨਾਂ ਵਿੱਚ 7 ਆਈਆਈਟੀਜ਼ ਨੂੰ ਦਲਿਤ ਵਿਦਿਆਰਥੀਆਂ ਵਲੋਂ ਛਡਣ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਇਹਨਾਂ ਸੰਸਥਾਵਾਂ ਵਿਚ ਜਾਤੀ ਵਿਤਕਰਾ ਬਹੁਤ ਜ਼ਿਆਦਾ ਹੈ। ਵਿਦਿਅਕ ਅਦਾਰਿਆਂ ਅਤੇ ਜ਼ਿੰਦਗੀ ਦੇ ਹੋਰ ਖੇਤਰਾਂ ਵਿਚ ਦਲਿਤਾਂ ਨਾਲ ਹੋ ਰਹੇ ਵਿਤਕਿਰਿਆਂ ਨੂੰ ਖ਼ਤਮ ਕਰਵਾਉਣ ਲਈ ਠੋਸ ਕਦਮ ਉਠਾਏ ਜਾਣ ਦੀ ਲੋੜ ਹੈ।

ਦੇਸ਼ ਦੁਆਬਾ

# ਬੈਸਾਖ ਸੁਹਾਵਾ ਤਾ ਲਗੈ...

ਵਿਸਾਖ ਮਹੀਨਾ ਬਿਕਰਮੀ ਸੰਮਤ ਅਤੇ ਨਾਨਕਸ਼ਾਹੀ ਸੰਮਤ ਦਾ ਪਹਿਲਾ ਮਹੀਨਾ ਅਤੇ ਈਸਵੀਂ ਸੰਨ ਦਾ ਚੌਥਾ ਮਹੀਨਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਵਿਸਾਖ ਨੂੰ ਮਹੀਨੇ ਨੂੰ ਇਵੇਂ ਚਿਤਰਿਆ ਹੈ ਨਾਨਕ ਕੀ ਪ੍ਰਭ ਬੇਨਤੀ ਪ੍ਰਭੁ ਮਿਲਿਉ ਪ੍ਰਾਪਤ ਤੋਈ ਹੋਇ, ਬੈਸਾਖ ਸੁਹਾਵਾ ਤਾ ਲਗੈ ਜਾ ਸੰਤ ਭੇਟੇ ਹਰਿ ਸੋਏ।

ਵਿਸਾਖ ਦਾ ਮਹੀਨਾ ਕੁਦਰਤ ਦੀ ਮਿਹਰ ਨਾਲ ਕਿਰਤੀ ਕਿਸਾਨਾਂ ਦੀ ਖ਼ੂਨ ਪਸੀਨੇ ਦੀ ਸਾਂਝੀ ਮਿਹਨਤ ਨੂੰ ਫਲ ਦੇਵਣ, ਪੱਕਣ ਅਤੇ ਘਰ ਲਿਆ ਕੇ ਬਚਦੀ ਮੰਡੀਆਂ ਵਿੱਚ ਵੇਚਣ ਦਾ ਮਹੀਨਾ ਹੁੰਦਾ ਹੈ। ਭਾਰਤੀ ਉੱਪ ਮਹਾਂਦੀਪ ਦੇ ਕਿਰਤੀਆਂ ਕਿਸਾਨਾਂ ਦੇ ਆਰਥਿਕ ਅਤੇ ਸਾਮਾਜਿਕ ਏਕਤਾ ਦੀ ਪ੍ਰੀਖਿਆ ਦੇ ਨਤੀਜੇ ਸੁਣਨ ਦਾ ਮਹੀਨਾ ਹੁੰਦਾ ਹੈ। ਵਿਦਿਆਰਥੀਆਂ ਦੇ ਪੇਪਰ ਦੇ ਨਤੀਜਿਆਂ ਦੀਆਂ ਉਡੀਕਾਂ ਜਾਂ ਕਾਲਜਾਂ, ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦਾ ਮਹੀਨਾ ਹੁੰਦਾ ਹੈ। ਅਪ੍ਰੈਲ ਦਾ ਦੂਸਰਾ ਅਤੇ ਮਈ ਦਾ ਪਹਿਲਾ ਅੱਧ ਮਿਲ ਕੇ ਵਿਸਾਖ ਬਣਦਾ ਹੈ। ਵਿਸਾਖੀ ਮਹੀਨੇ ਦੀ ਆਮਦ ਦੀ ਪਹਿਲੀ ਤਰੀਕ ਦੇ ਤਿਉਹਾਰ ਦਾ ਨਾਂ ਹੈ ਜੋ ਸਿੰਧੂ ਘਾਟੀ ਸੱਭਿਅਤਾ ਤੋਂ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿੱਚ ਮਨਾਉਂਦੇ ਆ ਰਹੇ ਹਾਂ। ਚਾਹੇ ਇਸਲਾਮ ਵਿੱਚ ਵਿਸਾਖੀ ਦੇ ਤਿਉਹਾਰ ਦਾ ਕੋਈ ਮਹੱਤਵ ਨਹੀਂ ਹੈ, ਪਰ ਪਾਕਿਸਤਾਨ ਦੇ ਮੁਸਲਮਾਨ ਅਜੇ ਵੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ, ਜੋ ਸਿੰਧੂ ਘਾਟੀ ਸੱਭਿਅਤਾ ਦਾ ਪ੍ਰਭਾਵ ਦਰਸਾਉਂਦਾ ਹੈ। ਵਿਸਾਖੀ ਦੇ ਤਿਉਹਾਰ ਨੂੰ ਅਮਰੀਕਾ ਵਿੱਚ ਅਬਰਾਹਮਲਿੰਕਨ ਰਾਸ਼ਟਰਪਤੀ ਨੇ 1863 ਈ. ਵਿੱਚ ਕੌਮੀ ਤਿਉਹਾਰ ਦੀ ਮਾਨਤਾ ਦਿੱਤੀ।

ਅਮਰੀਕਾ ਵਿੱਚ ਫਸਲ ਦੀ ਵਾਢੀ ਤੋਂ ਬਾਅਦ 1625 ਈ. ਤੋਂ ਇਹ ਤਿਉਹਾਰ ਸ਼ੁਰੂ ਹੋਇਆ ਅਤੇ ਨਵੰਬਰ ਦੇ ਚੌਥੇ ਵੀਰਵਾਰ ਛੁੱਟੀ ਹੁੰਦੀ ਹੈ। ਸਿੰਧੂ ਘਾਟੀ ਸੱਭਿਅਤਾ ਵਾਂਗ ਚੀਨ, ਮਿਸਰ, ਯੂਨਾਨ ਅਤੇ ਰੋਮਨ ਦੀਆਂ ਪੁਰਾਣੀਆਂ ਸੱਭਿਅਤਾਵਾਂ ਵਿੱਚ ਵੀ ਫਸਲਾਂ ਦੀ ਵਾਢੀ ਸਮੇਂ ਇਹ ਤਿਉਹਾਰ ਮਨਾਉਣ ਦੀ ਰੀਤ ਸੀ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਨਾਵਾਂ ਅਧੀਨ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਦੱਖਣੀ ਭਾਰਤ ਦੀ ਕੇਰਲ ਪ੍ਰਾਂਤ ਵਿੱਚ 'ਪੂਰਮ' ਤਾਮਿਲਨਾਡੂ ਪ੍ਰਾਂਤ ਵਿੱਚ ਵਿਸਾਖ ਮਹੀਨੇ ਨੂੰ 'ਵਿਸ਼ੂ' ਕਿਹਾ ਜਾਂਦਾ ਹੈ ਅਤੇ ਤਿਉਹਾਰ ਨੂੰ 'ਪੁਥਾਂਡੂ' ਅਤੇ ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਵੀ ਵਿਸਾਖੀ ਤਿਉਹਾਰ ਮਨਾਉਂਦੇ ਹਨ। ਭਾਰਤ ਦੇ ਆਸਾਮ ਅਤੇ ਨਾਲ ਲੱਗਦੇ ਸੱਤ ਪੂਰਬੀ ਰਾਜਾਂ ਵਿੱਚ ਵੀ ਰੰਗਲੀ 'ਬਿਹੂ' ਆਦਿ ਦੇ ਨਾਂ ਤੇ ਮਨਾਇਆ ਜਾਂਦਾ ਹੈ। ਹਰਿਦੁਆਰ, ਹਰਿਆਣਾ, ਹਿਮਾਚਲ ਪ੍ਰਦੇਸ਼ ਵਿੱਚ ਵਿਸਾਖੀ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਆਦਿ ਧਰਮੀ ਵੀ ਹਰ ਸਾਲ ਗੁਰੂ ਰਵਿਦਾਸ ਧਰਮ ਸਥਾਨ, ਖੁਰਾਲਗੜ੍ਹ (ਹੁਸ਼ਿਆਰਪੁਰ) ਵਿਖੇ ਮਨਾਉਂਦੇ ਹਨ। ਇਹ ਤਾਂ ਹੋਈ ਵਿਸਾਖੀ ਦੇ ਆਰਥਿਕ ਅਤੇ ਸਾਮਾਜਿਕ ਪਿਛੋਕੜ ਬਾਰੇ ਸਿੱਖ ਧਰਮ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਵਿਸਾਖੀ ਦਾ ਤਿਉਹਾਰ ਮਨਾਉਂਦਾ ਆ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਮਨਾਉਣ ਤੋਂ ਮਹੰਤਾਂ ਨੇ ਰੋਕਣ, ਉਨ੍ਹਾਂ ਦੇ ਗੁਰੂ ਬਣਨ ਦੀ ਰੁਕਾਵਟ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਵੱਲੋਂ ਅਸਫਲ ਕਰਨਾ, ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਇਕ ਦਲਿਤ ਭਾਈ ਜੈਤਾ ਵੱਲੋਂ ਸੀਸ ਤਲੀ ਤੇ ਧਰ ਕੇ ਦਿੱਲੀ ਤੋਂ ਆਨੰਦਪੁਰ ਪਹੁੰਚਾਉਣਾ ਅਤੇ ਇੱਕ ਹੋਰ ਦਲਿਤ ਭਾਈ ਲੱਖੀਸ਼ਾਹ ਵਣਜਾਰਾ ਲੁਬਾਣਾ ਵੱਲੋਂ ਆਪਣੇ ਘਰ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਰੱਖ ਕੇ ਘਰ ਨੂੰ ਅਗਨ ਭੇਂਟ ਕਰਕੇ ਅੰਤਿਮ ਸੰਸਕਾਰ ਕਰਨਾ ਵਰਗੇ ਦਲੇਰਾਨਾ ਕਾਰਵਾਈਆਂ ਅਤੇ ਗੁਰੂ ਗਰੰਥ ਸਾਹਿਬ ਵਿੱਚ 'ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ' ਜਿਹੇ ਪਹਿਲੀ ਪਾਤਸਾਹੀ ਧੰਨ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ, ਗੁਰੂ ਹਰਗੋਬਿੰਦ ਰਾਇ ਦੇ ਮੀਰੀ-ਪੀਰੀ ਦੇ ਸਿਧਾਂਤ ਦੇ ਮੰਥਨ ਵਿੱਚੋਂ 30 ਮਾਰਚ 1696 ਈ. ਨੂੰ 33 ਸਾਲਾ ਦੀ ਉਮਰ ਦੌਰਾਨ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਤਿਉਹਾਰ ਤੇ ਮਨੂੰਵਾਦੀ ਸਾਮਾਜਿਕ ਆਰਥਿਕ ਵਿਵਸਥਾ ਅਤੇ ਪੰਨਡਤ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਸਲਤਨਤ ਨੂੰ ਸੰਤ ਸਿਪਾਹੀ ਬਣਕੇ ਸ਼ੂਦਰਾਂ ਅਤੇ ਵੈਸ਼ਾਂ ਵਿਚੋਂ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਅਤੇ ਫਿਰ ਸ਼ੂਦਰਾਂ ਅਤੇ ਵੈਸ਼ਾਂ ਵਿੱਚੋਂ ਸਜੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਵਿਚੋਂ ਅੰਮ੍ਰਿਤ ਛੱਕ ਕੇ 'ਖ਼ਾਲਸਾ ਪੰਥ' ਦੀ ਨੀਂਹ ਰੱਖੀ ਜੋ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਉਸ ਸਮੇਂ ਸਥਾਪਿਤ ਜਾਤੀਵਾਦੀ ਅਤੇ ਮਨਮੁਖ ਮਹੰਤਾਂ ਲਈ ਵੀ ਚੈਲਿੰਜ ਸੀ, ਜਿਸ ਨੇ ਭਾਈ ਜੈਤਾ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦਰਸ਼ਨ ਅਤੇ ਇਸ਼ਨਾਨ ਦੀ ਇਜਾਜਤ ਨਹੀਂ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਸੀ. ਆਈ. ਡੀ. ਰਿਪੋਰਟ ਵਿੱਚ ਅਹਿਮਦ ਸ਼ਾਹ ਬਟਾਲਵੀ ਨੇ ਔਰੰਗਜ਼ੇਬ ਨੂੰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੇ ਐਲਾਨਿਆ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇੱਕ ਰਾਹ ਦੇ ਉੱਤੇ ਚੱਲੋ, ਇੱਕੋ ਧਰਮ ਅਪਣਾਓ, ਵੱਖ-ਵੱਖ ਜਾਤਾਂ ਦੇ ਵਖਰੇਵੇਂ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਨਣ ਸ਼ਾਸਤਰਾਂ ਵਿੱਚ ਆਇਆ ਹੈ, ਜੜੋਂ ਹੀ ਮੁਕਾ ਦਿਓ ਅਤੇ ਇਕ ਦੂਜੇ ਨਾਲ ਖੁੱਲ ਕੇ ਮਿਲੋ। ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਉੱਚਾ ਜਾਂ ਵੱਡਾ ਨਾ ਸਮਝੇ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਤੇ ਵਿਸ਼ਵਾਸ ਲਿਆਓ, ਸਾਰੇ ਇੱਕੋ ਖੰਡੇ ਬਾਟੇ ਵਿੱਚੋਂ ਅੰਮ੍ਰਿਤ ਛਕੋ ਅਤੇ ਇੱਕ ਦੂਜੇ ਨੂੰ ਪਿਆਰ ਕਰੋ।"

ਇਉਂ ਲਗਦੈ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਡੂੰਘੇ ਅਧਿਐਨ ਬਾਅਦ ਗੀਤਾ ਦੇ ਨੌਵੇਂ ਚੈਪਟਰ ਦੇ 32ਵੀਂ ਸਲੋਕ ਦੇ ਪ੍ਰਤੀਕਰਮ ਅਤੇ ਉਸ ਦੇ ਨਿਸ਼ੇਧ ਲਈ ਖ਼ਾਲਸਾ ਪੰਥ ਨੂੰ ਜੁਝਾਰੂ ਰੂਪ ਵਿੱਚ ਸੰਗਠਿਤ ਕੀਤਾ ਕਿ ਇਸ ਮਨੂੰਵਾਦੀ ਵਿਵਸਥਾ ਨੂੰ ਨਾ ਸੰਤ ਅਤੇ ਨਾ ਸਿਪਾਹੀ ਇਕੱਲੇ-ਇਕੱਲੇ ਖਤਮ ਕਰ ਸਕਦੇ ਹਨ। ਦੋਵਾਂ ਕ੍ਰਿਸ਼ਨ ਅਤੇ ਅਰਜੁਨ ਜਾ ਚਾਣਕਿਆ ਅਤੇ ਚੰਦਰਗੁਪਤ ਮੌਰੀਆ ਦੇ ਸੁਮੇਲਾਂ ਵਾਂਗ ਹੀ ਮਨੂੰਵਾਦੀ ਵਿਵਸਥਾ ਨੂੰ ਵੀ ਮਾਨਵਵਾਦੀ ਖਾਲਸਾ ਸੰਤ ਅਤੇ ਮਾਨਵਵਾਸੀ ਖ਼ਾਲਸਾ ਸਿਪਾਹੀ ਬੋਤਾ ਸਿੰਘ, ਗਰਜਾ ਸਿੰਘ ਵਾਂਗ ਪਿੱਠ ਨਾਲ ਪਿੱਠ ਜੋੜ ਕੇ ਟੱਕਰ ਦੇ ਸਕਦੇ ਹਨ। ਗੀਤਾ ਦੇ ਉਕਤ ਸਲੋਕ ਵਿੱਚ ਕ੍ਰਿਸ਼ਨ ਨੇ ਐਲਾਨਿਆ ਹੈ ਕਿ ਸਾਰੀਆਂ ਜਾਤਾਂ ਵਰਣਾਂ ਧਰਮਾਂ ਦੀਆਂ ਔਰਤਾਂ ਸ਼ੂਦਰ (ਐਸ.ਸੀ., ਪੱਛੜੀਆਂ ਸ਼੍ਰੇਣੀਆਂ, ਜੱਟ ਆਦਿ) ਅਤੇ ਵੈਸ਼ (ਖੱਤਰੀ ਜਿਨ੍ਹਾਂ ਵਿਚੋਂ ਦੱਸ ਗੁਰੂ ਹੋਏ) ਪਾਪ ਯੋਨੀ ਭਾਵ ਜਨਮ ਤੋਂ ਨੀਚ ਹਨ। ਪੰਜ ਪਿਆਰਿਆਂ ਵਿੱਚ ਚਾਰ ਸ਼ੂਦਰ ਅਤੇ ਇਕ ਵੈਸ਼ ਸਨ। ਉਨ੍ਹਾਂ ਕੋਲੋਂ ਅੰਮ੍ਰਿਤ ਛੱਕਣ ਵਾਲੇ ਗੁਰੂ ਗੋਬਿੰਦ ਸਿੰਘ ਵੈਸ਼ ਖੱਤਰੀ ਸਨ ਅਤੇ ਅੰਮ੍ਰਿਤ ਬਨਾਉਣ ਲਈ ਪਤਾਸੇ ਘੋਲਣ ਵਾਲੇ ਮਾਤਾ ਸਾਹਿਬ ਕੌਰ ਔਰਤ ਜਾਤੀ ਦੇ ਪ੍ਰਤੀਨਿਧ ਸਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਘੇ ਸਿੱਖ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਵੱਲੋਂ ਖ਼ਾਲਸੇ ਦੀ ਉਤਪਤੀ ਲਿਖੀ ਛਾਪੀ ਪੁਸਤਕ ਵਿੱਚ ਸ੍ਰੀ ਬੈਨਰਜੀ ਲਿਖਦੇ ਹਨ ਕਿ ਸ਼ੂਦਰ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦਾ ਜੁਝਾਰੂਪਣ ਪ੍ਰੇਰਨਾ ਦਿੰਦਾ ਹੈ, ਪਰ ਵੈਸ਼ ਸਿੱਖਾਂ ਨੂੰ ਖਿੱਚਦਾ ਨਹੀਂ। ਇਸੇ ਕਾਰਣ ਵੈਸ਼ ਸਿੱਖਾਂ ਦੀ ਸੰਸਥਾ ਚੀਫ ਖ਼ਾਲਸਾ ਦੀਵਾਨ ਦੇ ਕਦੇ ਵੀ ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਸਕੂਲ ਜਾਂ ਕਾਲਜ ਨਹੀਂ ਖੋਲਿਆ ਅਤੇ ਬੀਬੀ ਜਗੀਰ ਕੌਰ ਦੇ ਪ੍ਰਧਾਨਗੀ ਦੇ ਸਮੇਂ ਨੂੰ ਛੱਡ ਕੇ ਸ਼੍ਰੋਮਣੀ ਕਮੇਟੀ ਨੇ ਕਦੇ ਸਿੱਖ ਗੁਰੂਆਂ ਦੀਆਂ ਪਤਨੀਆਂ ਦੇ ਨਾਂ ਤੇ ਕਾਲਜ ਨਹੀਂ ਖੋਲ੍ਹੇ। ਜੱਟ ਸਿੱਖਾਂ ਨੇ ਮਾਸਟਰ ਤਾਰਾ ਸਿੰਘ ਖੱਤਰੀ ਨੂੰ 'ਜੱਟ ਸਿੱਖ' ਗਰੁੱਪ ਦੇ ਪੱਤੇ ਨਾਲ ਅਕਾਲੀ ਦਲ ਤੋਂ ਲਾਹ ਕੇ ਸਦਾ ਲਈ ਪ੍ਰਧਾਨਗੀ ਜੱਟ ਸਿੱਖ ਲਈ ਰਾਖਵੀਂ ਕਰਕੇ 'ਖ਼ਾਲਸਾ ਪੰਥ' ਦੀ ਵਿਚਾਰਧਾਰਾ ਨੂੰ ਕਮਜ਼ੋਰ ਕਰ ਲਿਆ। ਗੁਰੂ ਗੋਬਿੰਦ ਸਿੰਘ ਨੇ ਬ੍ਰਾਹਮਣਾਂ ਨੂੰ ਚੈਲਿੰਜ ਕਰਦਿਆਂ ਕਿਹਾ ਸੀ, "ਖੱਤਰੀ ਕਾ ਪੂਤ ਹੂੰ, ਬਾਮਣ ਕਾ ਨਾਂਹੀ।" ਅੱਜ ਖ਼ਾਲਸਾ ਪੰਥ ਨੂੰ ਰਾਜਸੀ, ਸਾਮਾਜਿਕ, ਆਰਥਿਕ, ਧਾਰਮਿਕ ਅਤੇ ਸੱਭਿਆਚਾਰਕ ਪੱਖੋਂ ਬ੍ਰਾਹਮਣਵਾਦ ਨੂੰ ਇਤਿਹਾਸ ਵਿੱਚ ਆਇਆ ਸੱਭ ਤੋਂ ਵੱਡਾ ਖਤਰਾ ਹੈ। ਬ੍ਰਾਹਮਣਵਾਦ ਨੇ 'ਖ਼ਾਲਸਾ ਪੰਥ' ਦੇ ਮਲਿਕ ਭਾਗੋਆ ਨੂੰ ਗੰਢ ਕੇ 'ਭਾਈ ਲਾਲੋਆ' ਦਾ ਸਰਵਪੱਖੀ ਸ਼ੋਸ਼ਣ ਕਰਨ ਦਾ ਦਸਤੂਰ ਜਾਰੀ ਰੱਖਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਪ੍ਰੋ. ਦਿੱਤ ਰਾਮ ਗਿਆਨੀ ਉਰਫ ਪ੍ਰੋ. ਦਿੱਤ ਸਿੰਘ ਗਿਆਨੀ ਵਰਗਿਆਂ ਕਲਮ ਦੇ ਧਨੀਆਂ ਸੰਤ-ਸਿਪਾਹੀਆਂ ਦੀ ਲੋੜ ਹੈ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖ ਸਮਾਜ ਨੂੰ ਮਹੰਤਵਾਦ ਅਤੇ ਬ੍ਰਾਹਮਣਵਾਦ ਤੋਂ ਬਚਾ ਕੇ 20ਵੀਂ ਸਦੀ ਦੇ ਹਾਣੀ ਬਣਾਇਆ ਸੀ। ਪ੍ਰੋ. ਸਾਹਿਬ ਦਾ ਜਨਮ ਇਸੇ ਮਹੀਨੇ ਦੇ 21 ਅਪ੍ਰੈਲ ਨੂੰ 1850 ਈ. ਵਿੱਚ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਕਲੌੜ ਵਿੱਚ ਹੋਇਆ ਸੀ। ਉਨ੍ਹਾਂ ਨੂੰ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵੇਦਾਂ ਦੀ ਉਤਪਤੀ ਪੁਨਰ ਜਨਮ ਤੇ ਹਰਾਇਆ। ਵੇਦਾਂ ਵਿੱਚ ਅਗਿਆਨਤਾ ਤੋਂ ਸਿਵਾਏ ਕੁਝ ਵੀ ਨਹੀਂ, ਐਲਾਨਣ ਵਾਲੇ ਅਤੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਅਪ੍ਰੈਲ ਮਹੀਨੇ ਦੀ 14 ਤਰੀਕ ਨੂੰ ਹੋਇਆ ਸੀ। ਵਿਸਾਖੀ ਵਾਲੇ ਦਿਨ 99ਵੇਂ ਵਰ੍ਹੇ ਪਹਿਲੇ 1913 ਈ. ਨੂੰ ਅਮਰੀਕਾ ਦੀ ਧਰਤੀ ਉੱਪਰ ਪੰਜਾਬੀਆਂ ਨੇ ਭਾਰਤ ਨੂੰ ਅੰਗ੍ਰੇਜ਼ ਸਾਮਰਾਜ ਦੇ ਜੂਲੇ ਤੋਂ ਅਜ਼ਾਦ ਕਰਾਉਣ ਲਈ ਹਥਿਆਰਬੰਦ ਸਿਧਾਂਤਕ ਅੰਦੋਲਨ ਗਦਰ ਪਾਰਟੀ ਦੀ ਨੀਂਹ ਰੱਖੀਂ, ਜਿਸ ਨੇ ਅੰਗਰੇਜ਼ ਸਾਮਰਾਜ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਸ਼ਹੀਦੀਆਂ, ਕਾਲੇ ਪਾਣੀ ਦੀਆਂ ਸਜ਼ਾਵਾਂ, ਜਮੀਨਾਂ ਜਾਇਦਾਦਾਂ ਜ਼ਬਤ ਕਰਵਾਉਣ ਵਿੱਚ ਗਦਰ ਪਾਰਟੀ ਵਰਗੀ ਪ੍ਰਵਾਸੀ ਅੰਤਰਰਾਸ਼ਟਰੀ ਸੰਸਥਾ ਨਾ ਹੋਈ ਹੈ ਨਾ ਹੋਣੀ ਹੈ। ਅੰਗਰੇਜ਼ਾਂ ਦੀਆਂ ਵਾਰਿਸ ਸਰਕਾਰਾਂ ਨੇ ਗਦਰ ਪਾਰਟੀ ਨੂੰ ਭੁਲਾ ਦਿੱਤਾ ਹੈ। ਗਦਰੀ ਬਾਬਾ ਅਤੇ ਆਦਿ-ਧਰਮੀਆਂ ਦੇ ਰਹਿਨੁੰਮਾ, ਆਦਿ ਧਰਮ ਦੇ ਬਾਨੀ ਦੀਆਂ ਕੁਰਬਾਨੀਆਂ ਨੂੰ ਸਿੱਟ ਬਸਿੱਟੇ ਕਰਕੇ, ਉਨ੍ਹਾਂ ਦਾ ਉਜਾਗਰ ਕਰਨ ਵਾਲਿਆਂ ਨੂੰ ਐਕਸੀਡੈਂਟਾਂ ਵਿੱਚ ਮਰਵਾਇਆ ਅਤੇ ਯੂ.ਪੀ. ਵਿੱਚ ਐਫ਼ ਆਈ ਆਰ ਦਰਜ ਕਰਕੇ ਮਨੁੱਖਤਾ ਹੀਣੇ ਕੰਮ ਕੀਤੇ ਜਾ ਰਹੇ ਹਨ। ਗਦਰੀ ਬਾਬਾ ਅਤੇ ਆਦਿ-ਧਰਮੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੀ ਬਰਸੀ ਵੀ 22 ਅਪ੍ਰੈਲ 1980 ਈ. ਨੂੰ ਆਉਂਦੀ ਸੀ। 1919 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਜਲਿਆਂਵਾਲਾ ਕਾਂਡ ਹੋਇਆ ਜਿਸ ਵਿੱਚ ਸੈਂਕੜੇ ਪੰਜਾਬੀ ਜਨਰਲ ਓਡਵਾਇਰ ਅਤੇ ਡਾਇਰ ਦੇ ਹੁਕਮ ਨਾਲ ਸ਼ਹੀਦ ਹੋਏ, ਜਿਸ ਦਾ ਬਦਲਾ ਸ਼ਹੀਦ ਰਾਮ ਮੁਹੰਮਦ ਸਿੰਘ ਅਜ਼ਾਦ ਉਰਫ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਇੰਗਲੈਂਡ ਵਿਖੇ ਓਡਵਾਇਰ ਨੂੰ ਸ਼ਰੇਆਮ ਗੋਲੀ ਮਾਰ ਕੇ ਭਾਰਤ ਦੀ ਅਜ਼ਾਦੀ ਦੀ ਚਿਣਗ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਘਾਇਆ।

14 ਅਪ੍ਰੈਲ 1984 ਨੂੰ ਪੰਜਾਬੀ ਸਾਹਿਬ ਕਾਂਸ਼ੀ ਰਾਮ ਨੇ ਦਿੱਲੀ ਵਿਖੇ ਬਹੁਜਨ ਸਮਾਜ ਪਾਰਟੀ ਬਣਾਈ ਜਿਸ ਦਾ ਚੋਣ ਮੈਨੀਫੈਸਟੋ ਗੁਰੂ ਗ੍ਰੰਥ ਸਾਹਿਬ ਸੀ। 1996 ਈ. ਦੀ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੇ ਸਟਾਰ ਨਿਊਜ਼ ਟੀ.ਵੀ. ਚੈਨਲ ਨੂੰ ਇਕ ਮੁਲਾਕਾਤ ਵਿੱਚ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਰਕਾਰ ਬਣਾ ਕੇ ਲਾਗੂ ਕਰਨਗੇ। ਪੰਜਾਬ ਦੀ ਮੌਜੂਦਾ ਸਰਕਾਰ ਬੀ.ਐਸ.ਪੀ ਦੀ ਸਿੱਧੀ ਅਸਿੱਧੀ ਦੇਣ ਹੈ। ਦੇਖਣਾ ਹੈ ਇਹ ਪੰਥਕ ਸਰਕਾਰ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਕਿਵੇਂ ਕਿੰਨਾ ਅਤੇ ਕਦੋਂ ਲਾਗੂ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਖ਼ਾਲਸਾ ਪੰਥ' ਦਾ ਅਕਸ ਕਿੰਨਾ ਕੁ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਲਿਸ਼ਕਾਉਂਦੀ ਹੈ। ਵਿਸਾਖੀ ਦੇ ਤਿਉਹਾਰ ਸਮੇਂ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੇ ਮਾਹੀ ਜਾਂ ਆਪਣੀ ਪਤਨੀ ਦੇ ਦੂਰ ਹੋਣ ਸਮੇਂ ਉੱਠੀ ਹੂਕ ਸਾਂਝੀ ਕਰਨੀ ਚਾਹਾਂਗੇ- ਬੈਸਾਖੀ ਦੇ ਮਹੀਨੇ ਜੀ ਬੈਸਾਖੀ ਆਈ, ਤੂੰ ਪਰਦੇਸੀ ਲਾਲ ਵੇ, ਉਦਾਸੀ ਛਾਈ, ਚੈਨ ਨਾ ਆਵੇ ਮਲ ਜੀ, ਦੇਵੀ ਮਨ, ਬੈਸਾਖ ਬੈਸਾਖੀ ਵੇ ਲਾਲ ਘਰੋ ਰਹੀਂ।

ਅੰਤ ਵਿੱਚ 'ਦੇਸ਼ ਦੁਆਬਾ' ਦੇ ਪਲੇਠੇ ਅੰਕ ਦੀ ਪਲੇਠੀ ਸੰਪਾਦਕੀ ਨੂੰ 12ਵੇਂ ਸਾਲ ਦੇ ਪ੍ਰਵੇਸ਼ ਅੰਕ ਵਿਚ ਆਪ ਸਭ ਦੇ ਹੱਥਾਂ ਵਿਚ ਇਕ ਵਾਰ ਫਿਰ ਤੋਂ ਸੌਂਪਦਿਆਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਜਾਤਾਂ, ਧਰਮਾਂ ਅਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਹਿਲੋਂ ਵਾਂਗ ਦੇਸ਼ ਵਿਦੇਸ਼ ਵਿੱਚ ਵਸੇ ਪੰਜਾਬੀਆਂ ਦੀ ਆਵਾਜ਼ ਨੂੰ ਈਮਾਨਦਾਰੀ ਦੂਰ-ਦ੍ਰਿਸ਼ਟੀ ਅਤੇ ਸੰਜਮ ਨਾਲ ਪੇਸ਼ ਕਰਦੇ ਰਹਾਂਗੇ ਅਤੇ ਆਪ ਜੀ ਤੋਂ ਵੀ ਇਹ ਉਮੀਦ ਰੱਖਦੇ ਹਾਂ ਕਿ ਤੁਸੀਂ ਵੀ ਅਜਿਹੀ ਭਾਵਨਾ ਤਹਿਤ ਸਹਿਯੋਗ ਜਾਰੀ ਰੱਖੋਗੇ।

– ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ 'ਦੇਸ਼ ਦੁਆਬਾ'


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਮਰੀਕਾ 'ਚ ਬੰਦੂਕ ਨਾਲ ਹੋਣ ਵਾਲੀਆਂ ਮੌਤਾਂ 'ਚ 50 ਫ਼ੀਸਦੀ ਵਾਧਾ

**ਵਾਸ਼ਿੰਗਟਨ–** ਪਿਊ ਰਿਸਰਚ ਸੈਂਟਰ ਦੇ ਇਕ ਨਵੇਂ ਅਧਿਐਨ ਅਨੁਸਾਰ ਸੰਯੁਕਤ ਰਾਜ ਅਮਰੀਕਾ ਵਿਚ ਨੌਜਵਾਨਾਂ ਅਤੇ ਬੱਚਿਆਂ ਵਿਚ ਬੰਦੂਕ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2019 ਅਤੇ 2021 ਦੇ ਵਿਚਕਾਰ 50% ਵਧੀ ਹੈ। ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੇ ਮੌਤ ਦਰ ਦੇ ਅੰਕੜਿਆਂ ਦੀ ਵਰਤੋਂ ਕਰਦੇ ਹੋਏ ਅਧਿਐਨ ਨੇ ਦਿਖਾਇਆ ਕਿ ਮਹਾਮਾਰੀ ਨਾਲ ਸਬੰਧਤ ਤਾਲਾਬੰਦੀ ਦੇ ਬਾਵਜੂਦ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਵਿੱਚ ਮੌਤਾਂ 2019 ਵਿੱਚ 1,732 ਤੋਂ ਵੱਧ ਕੇ 2021 ਵਿੱਚ 2,590 ਹੋ ਗਈਆਂ।



ਅਧਿਐਨ ਦੇ ਅਨੁਸਾਰ ਅਮਰੀਕੀ ਮਾਪੇ ਆਪਣੇ ਬੱਚਿਆਂ ਨੂੰ ਗੋਲੀ ਲੱਗਣ ਬਾਰੇ ਵਧੇਰੇ ਚਿੰਤਤ ਹੁੰਦੇ ਹਨ ਜੇਕਰ ਉਹ ਪੇਂਡੂ (19%) ਜਾਂ ਉਪਨਗਰੀ (17%) ਖੇਤਰਾਂ ਵਿੱਚ ਰਹਿਣ ਦੀ ਤੁਲਨਾ ਵਿਚ ਸ਼ਹਿਰੀ ਖੇਤਰਾਂ (35%) ਵਿੱਚ ਰਹਿੰਦੇ ਹਨ ਅਤੇ ਮੱਧ-ਆਮਦਨੀ (16%) ਅਤੇ ਅਮੀਰ (10%) ਮਾਪਿਆਂ ਦੇ ਮੁਕਾਬਲੇ ਘੱਟ ਆਮਦਨੀ ਵਾਲੇ ਮਾਪਿਆਂ ਦੇ ਚਿੰਤਤ ਹੋਣ ਦੀ ਸੰਭਾਵਨਾ 40 ਫ਼ੀਸਦੀ ਸੀ ਕਿ ਉਹਨਾਂ ਦੇ ਬੱਚਿਆਂ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਇਹ ਅਧਿਐਨ ਉਸੇ ਹਫ਼ਤੇ ਆਇਆ ਹੈ ਜਦੋਂ ਪੂਰੇ ਸੰਯੁਕਤ ਰਾਜ ਵਿੱਚ ਵਿਦਿਆਰਥੀਆਂ ਨੇ ਬੰਦੂਕ ਹਿੰਸਾ ਨੂੰ ਨਕਾਰਦੇ ਹੋਏ ਵਾਕਆਊਟ ਅਤੇ ਧਰਨੇ ਦਿੱਤੇ ਸਨ।

ਅਧਿਐਨ ਦੇ ਅਨੁਸਾਰ ਇਹਨਾਂ ਵਿੱਚੋਂ ਜ਼ਿਆਦਾਤਰ ਮੌਤਾਂ ਕਤਲੇਆਮ ਦੇ ਨਤੀਜੇ ਵਜੋਂ ਹੋਈਆਂ। ਅਧਿਐਨ ਤੋਂ ਪਤਾ ਚੱਲਿਆ ਹੈ ਕਿ ਮੁੰਡਿਆਂ ਵਿੱਚ ਕੁੜੀਆਂ ਨਾਲੋਂ ਮੌਤਾਂ ਬਹੁਤ ਜ਼ਿਆਦਾ ਆਮ ਸਨ, ਪਹਿਲਾਂ 83 ਫ਼ੀਸਦੀ ਮੌਤਾਂ ਅਤੇ ਬਾਅਦ ਵਿੱਚ ਸਿਰਫ 17 ਫ਼ੀਸਦੀ ਮੌਤਾਂ ਹੋਈਆਂ ਸਨ। ਸਭ ਤੋਂ ਵੱਧ 6 ਤੋਂ 11 ਸਾਲ (7%) ਦੀ ਉਮਰ ਦੇ ਬੱਚਿਆਂ ਦੀ ਤੁਲਨਾ ਵਿਚ ਵੱਡੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਦੀ ਗੋਲੀਬਾਰੀ ਨਾਲ ਮੌਤ ਹੋਣ ਦੀ ਸੰਭਾਵਨਾ 86 ਫ਼ੀਸਦੀ ਵੱਧ ਸੀ। ਬੰਦੂਕ ਨਾਲ ਹੋਣ ਵਾਲੀਆਂ ਮੌਤਾਂ ਦੀਆਂ ਸੰਭਾਵਨਾਵਾਂ ਅਤੇ ਕਿਸਮਾਂ ਵਿੱਚ ਵੀ ਮਹੱਤਵਪੂਰਨ ਨਸਲੀ ਅੰਤਰ ਸਨ। ਅਧਿਐਨ ਦਰਸਾਉਂਦਾ ਹੈ ਕਿ ਗੈਰ ਗੋਰੇ ਬੱਚਿਆਂ ਅਤੇ ਨੌਜਵਾਨਾਂ ਦੀ 2021 ਵਿੱਚ ਗੋਲੀਬਾਰੀ ਨਾਲ ਮੌਤ ਹੋਣ ਦੀ ਸੰਭਾਵਨਾ ਗੋਰੇ ਬੱਚਿਆਂ ਅਤੇ ਨੌਜਵਾਨਾਂ ਨਾਲੋਂ ਲਗਭਗ ਪੰਜ ਗੁਣਾ ਸੀ, ਉਹਨਾਂ ਵਿੱਚੋਂ ਜ਼ਿਆਦਾਤਰ (84%) ਹੱਤਿਆ ਦੁਆਰਾ ਹੋਈਆਂ।

# ਥਾਈਲੈਂਡ ਦਾ ਚਿਆਂਗ ਬਣਿਆ ਦੁਨੀਆ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ

**ਥਾਈਲੈਂਡ–** ਸੈਲਾਨੀਆਂ ਲਈ ਖ਼ੂਬਸੂਰਤ ਥਾਈਲੈਂਡ ਇਨ੍ਹੀਂ ਦਿਨੀਂ ਪ੍ਰਦੂਸ਼ਣ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਥਾਈਲੈਂਡ ਦਾ ਚਿਆਂਗ ਸ਼ਹਿਰ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ 'ਚ ਚੋਟੀ 'ਤੇ ਰਿਹਾ। ਇਸ ਤੋਂ ਬਾਅਦ ਇੱਥੋਂ ਦੀ ਅਥਾਰਟੀ ਨੇ ਲੋਕਾਂ ਨੂੰ ਵਰਕ ਫਰਾਮ ਹੋਮ ਆਰਡਰ ਜਾਰੀ ਕਰ ਦਿੱਤਾ। ਅਜਿਹਾ ਇੱਥੇ ਜੰਗਲ ਦੀ ਅੱਗ ਦੇ ਧੂੰਏਂ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਹੋ ਰਿਹਾ ਹੈ। ਇਸ ਸਾਲ ਦੀ ਸ਼ੁਰੂਆਤ ਤੋਂ ਇੱਥੇ ਇਸ ਤਰ੍ਹਾਂ ਦੀ ਸਮੱਸਿਆ ਵਧਦੀ ਜਾ ਰਹੀ ਹੈ। ਪਬਲਿਕ ਹੈਲਥ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਇਸ ਸਾਲ ਹਵਾ ਪ੍ਰਦੂਸ਼ਣ ਕਾਰਨ ਕਰੀਬ 20 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇਨ੍ਹਾਂ ਲੋਕਾਂ ਨੂੰ ਹਸਪਤਾਲ ਤੋਂ ਇਲਾਜ ਦੀ ਲੋੜ ਹੈ।



**ਸੈਲਾਨੀਆਂ ਦੀ ਗਿਣਤੀ 'ਚ 20 ਫ਼ੀਸਦੀ ਆਈ ਕਮੀ**

ਪ੍ਰਦੂਸ਼ਣ ਦੀ ਸਮੱਸਿਆ ਤੋਂ ਬਾਅਦ ਇੱਥੇ ਸੈਲਾਨੀਆਂ ਦੀ ਗਿਣਤੀ 20 ਫ਼ੀਸਦੀ ਤੱਕ ਘੱਟ ਗਈ ਹੈ। ਦੱਸ ਦੇਈਏ ਕਿ ਥਾਈਲੈਂਡ ਦੇ ਪ੍ਰਧਾਨ ਮੰਤਰੀ ਪ੍ਰਯੁਤ ਚਾਨ-ਓ-ਚਾ ਨੇ ਇਸ ਸਮੱਸਿਆ 'ਤੇ ਚਰਚਾ ਕਰਨ ਲਈ ਗੁਆਂਢੀ ਦੇਸ਼ ਮਿਆਂਮਾਰ ਅਤੇ ਲਾਓਸ ਦੇ ਨੇਤਾਵਾਂ ਨਾਲ ਵੀਡੀਓ ਕਾਨਫਰੰਸ ਜ਼ਰੀਏ ਗੱਲਬਾਤ ਕੀਤੀ ਹੈ। ਇਹ ਦੋਵੇਂ ਦੇਸ਼ ਹਰ ਸਾਲ ਦੱਖਣ ਪੂਰਬੀ ਏਸ਼ੀਆ ਦੇ ਵੱਡੇ ਖੇਤਰਾਂ ਨੂੰ ਪ੍ਰਭਾਵਿਤ ਕਰਦੇ ਹਨ।


**ਸਰਕਾਰ ਨੇ ਦਿੱਤਾ ਘਰੋਂ ਕੰਮ ਕਰਨ ਦਾ ਹੁਕਮ**

ਸ਼ੁੱਕਰਵਾਰ ਸਵੇਰੇ ਥਾਈਲੈਂਡ ਦੇ ਚਿਆਂਗ ਸ਼ਹਿਰ ਦੀ ਹਵਾ ਦੀ ਗੁਣਵੱਤਾ ਸਭ ਤੋਂ ਖ਼ਰਾਬ ਸੀ ਯਾਨੀ PH 2.5 ਰਿਹਾ।

ਇਸ ਨੂੰ ਸਭ ਤੋਂ ਖਤਰਨਾਕ ਮੰਨਿਆ ਜਾਂਦਾ ਹੈ। ਇਹ ਖ਼ੂਨ ਵਿੱਚ ਵੀ ਜਾ ਸਕਦਾ ਹੈ। ਇਸ ਦੇ ਮੱਦੇਨਜ਼ਰ ਚਿਆਂਗ ਮਾਈ ਸੂਬੇ ਦੇ ਗਵਰਨਰ ਨੇ ਘਰੋਂ ਕੰਮ ਕਰਨ ਦਾ ਆਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਇਸ ਪ੍ਰਦੂਸ਼ਿਤ ਹਵਾ ਤੋਂ ਬਚਣ ਦੀ ਸਲਾਹ ਦਿੱਤੀ। ਦੱਸ ਦੇਈਏ ਕਿ ਥਾਈਲੈਂਡ ਦੇ ਚਿਆਂਗ ਸ਼ਹਿਰ ਵਿੱਚ 1,30,000 ਲੋਕ ਰਹਿੰਦੇ ਹਨ।

# ਕ੍ਰਾਈਸਟਚਰਚ ਵਿਖੇ ਭਾਰਤੀ ਬਜ਼ੁਰਗ ਉਤੇ ਹੋਇਆ ਹਮਲਾ ਜਾਨ ਲੇਵਾ ਸਾਬਿਤ ਹੋਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਦੱਖਣੀ ਟਾਪੂ ਦੇ ਸਭ ਤੋਂ ਵੱਡੇ ਸ਼ਹਿਰ ਕ੍ਰਾਈਸਟਚਰਚ ਦੀ ਲਿਨਵੁੱਡ ਐਵਨਿਊ ਉਤੇ ਪੈਂਦੀ ਲਿਨਵੁੱਡ ਪਾਰਕ (ਰਗਬੀ ਕਲੱਬ) ਵਿਖੇ ਬੀਤੇ ਸ਼ੁੱਕਰਵਾਰ ਸ਼ਾਮ 7।30 ਵਜੇ ਦੇ




ਕਰੀਬ ਇਕ 60 ਸਾਲਾ ਭਾਰਤੀ ਬਜ਼ੁਰਗ (ਕਰਨਾਲ (ਹਰਿਆਣਾ) ਦਾ ਪੰਜਾਬੀ ਪਰਿਵਾਰ) ਉਤੇ ਇਕ 31 ਸਾਲਾ ਵਿਅਕਤੀ ਵੱਲੋਂ ਹਮਲਾ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਗੰਭੀਰ ਹਾਲਤ ਦੇ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜਿੱਥੇ ਕੱਲ੍ਹ ਉਨ੍ਹਾਂ ਦੀ ਮੌਤ ਹੋ ਗਈ ਤੇ ਇਹ ਹਮਲਾ ਜਾਨ ਲੇਵਾ ਸਾਬਿਤ ਹੋਇਆ। ਉਹ ਤਿੰਨ ਕੁ ਮਹੀਨੇ ਪਹਿਲਾਂ ਆਪਣੇ ਇਕੋ-ਇਕ ਪੁੱਤਰ ਨੂੰ ਇਥੇ ਆਪਣੀ ਪਤਨੀ ਸਮੇਤ ਮਿਲਣ ਆਏ ਹੋਏ ਸਨ। ਇਨ੍ਹਾਂ ਦੇ ਇਥੇ ਪੁੱਜਣ ਉਤੇ ਹੀ ਪਰਿਵਾਰ ਦੇ ਵਿਚ ਕਿ ਬੱਚੀ ਨੇ ਜਨਮ ਲਿਆ ਸੀ। ਪੁਲਿਸ ਨੇ 31 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ, ਉਸ ਉਤੇ ਕਿਸੀ ਨੂੰ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਸਬੰਧੀ ਦੋਸ਼ ਲਾਏ ਗਏ ਹਨ। ਉਸਨੂੰ ਬੀਤੇ ਸ਼ਨੀਵਾਰ ਕ੍ਰਾਈਸਟਚਰਚ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ ਅਤੇ ਇਸ ਵੇਲੇ ਰਿਮਾਂਡ ਵਜੋਂ ਪੁਲਿਸ ਹਿਰਾਸਤ ਵਿਚ ਹੈ। ਅਗਲੇ ਮੰਗਲਵਾਰ ਨੂੰ ਉਸਨੂੰ ਦੁਬਾਰਾ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ ਅਤੇ ਹੋਰ ਦੋਸ਼ ਲਾਏ ਜਾ ਸਕਦੇ ਹਨ।

''ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਟਰੱਸਟੀ ਮੈਂਬਰ ਸ. ਮਹਿੰਦਰ ਸਿੰਘ ਰੱਤੂ ਅਕਾਲ ਚਲਾਣਾ ਕਰ ਗਏ

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਟਰੱਸਟੀ ਮੈਂਬਰ ਅਤੇ ਬੜੇ ਹੀ ਸਤਿਕਾਰਯੋਗ ਮੈਂਬਰ ਸ. ਮਹਿੰਦਰ ਸਿੰਘ ਰੱਤੂ ਆਪਣੀ 69 ਸਾਲਾਂ ਦੀ ਉਮਰ ਭੋਗ ਕੇ ਬੀਤੀ 9 ਅਪ੍ਰੈਲ 2023 ਨੂੰ ਅਕਾਲ ਚਲਾਣਾ ਕਰ ਗਏ। ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਕਿਰਪਾ ਕਰਨ, ਵਿਛੜ ਗਈ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰਨ। ਪਰਿਵਾਰ ਵੱਲੋਂ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਮਹਿੰਦਰ ਸਿੰਘ ਰੱਤੂ ਜੀ ਦੀਆਂ ਅੰਤਿਮ ਰਸਮਾਂ 817 Almond Street Yuba City CA 95991 ਵਿਖੇ ਮਿਤੀ 15 ਅਪ੍ਰੈਲ 2023 ਦਿਨ ਸ਼ਨਿਚਰਵਾਰ ਸ਼ਾਮੀ 11 ਵਜੇ ਤੋਂ 1 ਵਜੇ ਤੱਕ ਹੋਣਗੀਆਂ। ਅੰਤਿਮ ਰਸਮਾਂ ਉਪਰੰਤ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ 1480 Hayne Ave Yuba City 95993 ਵਿਖੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਅਦਾਰਾ 'ਦੇਸ਼ ਦੁਆਬਾ' ਵੱਲੋਂ ਉਹਨਾਂ ਦੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦਿਆਂ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਜਾਂਦਾ ਹੈ।



**ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਤੇ ਹੋਰ ਜਾਣਕਾਰੀ ਸੰਪਰਕ ਕਰ ਸਕਦੇ ਹੋ:**

**ਸਤਨਾਮ ਰੱਤੂ**
**530-406-2367**

**ਸੰਦੀਪ ਮਹੇ**
**530-361-5107**

# ਸਿੱਖ ਗੁਰਦੁਆਰਾ ਸੈਨਹੋਜ਼ੇ (ਕੈਲੇਫੋਰਨੀਆ) ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸੈਨਹੋਜ਼ੇ ਵਿਖੇ ਸਜੇ ਦੀਵਾਨਾਂ ਵਿਚ ਖਾਲਸਾ ਸਾਜਨਾ ਦਿਵਸ, ਵਿਸਾਖੀ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਕ ਪ੍ਰਵਾਨਾ ਵੱਲੋਂ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ 1699 ਦੀ ਵਿਸਾਖੀ ਤੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਉਦੋਂ ਇਕ ਪਾਸੇ ਅਮਨ ਪਸੰਦ ਸੰਤ ਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਲੋਕ ਸਨ, ਜਿਨ੍ਹਾਂ ਤੇ ਜਬਰੀ ਧਰਮ ਪਰਿਵਰਤਨ ਦੇ ਜ਼ੁਲਮ ਢਾਹੇ ਜਾਂਦੇ ਸਨ। ਦੂਜੇ ਪਾਸੇ ਜ਼ਾਲਮ ਹਾਕਮ ਜਿਹਨਾਂ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਨਾਲ ਵੱਡੀ ਫੌਜੀ ਤਾਕਤ ਸੀ। ਗੁਰੂ ਸਾਹਿਬ ਜੀ ਨੇ ਅਜਿਹਾ ਫੌਜੀ ਖਾਲਸਾ ਸਾਜਿਆ, ਜਿਸਨੇ ਮੁਗਲ ਸਾਮਰਾਜ ਦੇ ਹਰ ਜ਼ੁਲਮ ਦਾ ਟਾਕਰਾ ਕੀਤਾ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਬਿਖੜੇ ਪੈਂਡਿਆਂ ਅਤੇ ਜ਼ੋਖਮਾਂ ਵਿਚੋਂ ਲੰਘ ਕੇ ਸਿੱਖ ਕੌਮ ਦਾ ਸੰਗਠਿਤ ਖਾਲਸਾ ਰਾਜ ਸਥਾਪਤ ਹੋਇਆ।




ਧਾਰਮਿਕ ਕਵੀ ਦਰਬਾਰ ਵਿਚ ਸ਼ਾਮਲ ਕਵੀ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਅਮਰਜੀਤ ਸਿੰਘ ਇਬਰਾਹਿਮਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵੱਲੋਂ ਇਤਿਹਾਸਕ ਸਾਰਥਕ ਕਵੀ ਦਰਬਾਰ ਦਾ ਆਨੰਦ ਮਾਣਿਆ ਗਿਆ। ਪ੍ਰਬੰਧਕਾਂ ਵੱਲੋਂ ਕਵੀਆਂ ਦੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਕਵੀਆਂ ਦਾ ਮਾਣ ਸਨਮਾਨ ਕਰਦਿਆਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਨਾਲ ਸਨਮਾਨਿਤ ਕੀਤਾ।

# ਬੁਢਾਪੇ 'ਚ ਔਰਤ ਨੇ ਇਕ ਫੁੱਟ ਲੰਬੀ 'ਦਾੜ੍ਹੀ' ਦਾ ਬਣਾਇਆ ਰਿਕਾਰਡ

**ਓਕਲਾਹੋਮਾ–**ਇਨ੍ਹੀਂ ਦਿਨੀਂ ਇਕ ਅਮਰੀਕੀ ਔਰਤ ਕਾਫੀ ਚਰਚਾ ਵਿਚ ਹੈ ਜੋ ਆਪਣੀ ਦਾੜ੍ਹੀ ਕਾਰਨ ਮਸ਼ਹੂਰ ਹੋ ਗਈ ਸੀ ਅਤੇ ਵਿਸ਼ਵ ਰਿਕਾਰਡ ਵੀ ਬਣਾ ਚੁੱਕੀ ਹੈ। ਫਰਕ ਸਿਰਫ ਇਹ ਹੈ ਕਿ ਉਸ ਨੇ ਇਸ ਨੂੰ ਕਿਸੇ ਸ਼ੌਂਕ ਨਾਲ ਨਹੀਂ ਸਗੋਂ ਮਜ਼ਬੂਰੀ ਕਾਰਨ ਵਧਾਇਆ। ਓਕਲਾਹੋਮਾ ਦੇ ਲਾਟਨ ਦੀ ਰਹਿਣ ਵਾਲੀ 74 ਸਾਲਾ ਔਰਤ ਵਿਵਿਅਨ ਵ੍ਹੀਲਰ ਨੇ 8 ਅਪ੍ਰੈਲ, 2011 ਨੂੰ ਇਕ ਰਿਕਾਰਡ ਬਣਾਇਆ ਸੀ, ਜੋ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਦਰਜ ਕੀਤਾ ਗਿਆ ਸੀ। ਉਹ ਸਭ ਤੋਂ ਲੰਬੀ ਦਾੜ੍ਹੀ ਵਾਲੀ ਔਰਤ ਵਜੋਂ ਜਾਣੀ ਜਾਂਦੀ ਹੈ। 3 ਬੱਚਿਆਂ ਦੀ ਮਾਂ ਅਤੇ ਦਾਦੀ ਬਣ ਚੁੱਕੀ ਇਸ ਔਰਤ ਦੀ ਦਾੜ੍ਹੀ 10 ਇੰਚ ਲੰਬੀ ਹੈ, ਜਦਕਿ ਕੁਝ ਰਿਪੋਰਟਾਂ ਇਹ ਵੀ ਕਹਿੰਦੀਆਂ ਹਨ ਕਿ ਇਹ ਇਸ ਤੋਂ ਵੀ ਵੱਧ ਲੰਬੀ ਹੈ।



**ਅਜਿਹਾ ਮੈਡੀਕਲ ਸਥਿਤੀ ਕਾਰਨ ਹੋਇਆ**

ਡੇਲੀ ਸਟਾਰ ਨਿਊਜ਼ ਵੈੱਬਸਾਈਟ ਦੀ ਰਿਪੋਰਟ ਮੁਤਾਬਕ ਵਿਵਿਅਨ ਨੇ ਖੁਸ਼ੀ ਨਾਲ ਦਾੜ੍ਹੀ ਨਹੀਂ ਵਧਾਈ ਹੈ, ਉਨ੍ਹਾਂ ਨੂੰ ਮਜਬੂਰੀ 'ਚ ਅਜਿਹਾ ਕਰਨਾ ਪਿਆ। ਉਸਦੀ ਇੱਕ ਮੈਡੀਕਲ ਸਥਿਤੀ ਹੈ ਜਿਸਨੂੰ ਹਰਮਾਫ੍ਰੋਡਿਟਿਜ਼ਮ ਕਿਹਾ ਜਾਂਦਾ ਹੈ। ਇਸ ਬਿਮਾਰੀ ਤੋਂ ਪੀੜਤ ਲੋਕ 50 ਪ੍ਰਤੀਸ਼ਤ ਪੁਰਸ਼ ਅਤੇ 50 ਪ੍ਰਤੀਸ਼ਤ ਔਰਤ ਹੁੰਦੇ ਹਨ। ਇਸ ਦੇ ਨਾਲ ਹੀ ਉਸ ਨੂੰ ਜਨਮ ਤੋਂ ਹੀ ਹਾਈਪਰਟ੍ਰਾਈਕੋਸਿਸ ਨਾਂ ਦੀ ਸਥਿਤੀ ਹੈ ਜਿਸ ਨੂੰ 'ਵੇਅਰਵੋਲਫ ਸਿੰਡਰੋਮ' ਵੀ ਕਿਹਾ ਜਾਂਦਾ ਹੈ।

**1990 ਤੋਂ ਨਹੀਂ ਕੱਟੀ ਦਾੜ੍ਹੀ**

ਜਦੋਂ ਉਹ 5 ਸਾਲ ਦੀ ਸੀ ਤਾਂ ਉਸ ਦੇ ਵਾਲ ਤੇਜ਼ੀ ਨਾਲ ਵਧਣੇ ਸ਼ੁਰੂ ਹੋ ਗਏ ਸਨ ਅਤੇ ਉਸ ਦੇ ਪਿਤਾ ਉਸ ਦੀ ਦਿੱਖ ਤੋਂ ਸ਼ਰਮਿੰਦਾ ਸਨ। ਉਸ ਨੇ ਧੀ ਨੂੰ ਸਰਕਸ 'ਚ ਦਾਖਲਾ ਦਿਵਾਇਆ, ਜਿੱਥੇ ਉਹ 81 ਹਜ਼ਾਰ ਰੁਪਏ ਮਹੀਨਾ ਕਮਾਉਣ ਲੱਗੀ। 55 ਸਾਲਾਂ ਤੱਕ, ਉਹ ਦਾੜ੍ਹੀ ਵਾਲੀ ਔਰਤ ਵਜੋਂ ਜਾਣੀ ਜਾਂਦੀ ਸੀ। ਏਬੀਸੀ ਨਿਊਜ਼ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਨੂੰ ਇਹ ਕੰਮ ਸਿਰਫ਼ ਪਰਿਵਾਰ ਦਾ ਪੇਟ ਭਰਨ ਲਈ ਕਰਨਾ ਪਿਆ। ਜਦੋਂ ਉਹ ਸਰਕਸ ਤੋਂ ਘਰ ਵਾਪਸ ਆਉਂਦੀ ਸੀ ਤਾਂ ਉਸ ਦਾ ਪਿਤਾ ਉਸ ਨੂੰ ਜ਼ਬਰਦਸਤੀ ਸ਼ੇਵ ਕਰਨ ਲਈ ਕਹਿੰਦਾ ਸੀ, ਤਾਂ ਜੋ ਉਹ ਆਮ ਲੋਕਾਂ ਨਾਲ ਜੁੜ ਸਕੇ। ਆਪਣੀ ਇਸ ਜ਼ਿੰਦਗੀ ਤੋਂ ਤੰਗ ਆ ਕੇ ਉਸ ਨੇ 1990 ਵਿਚ ਸ਼ੇਵ ਕਰਨਾ ਬੰਦ ਕਰ ਦਿੱਤਾ ਅਤੇ ਦਾੜ੍ਹੀ ਨੂੰ ਆਪਣੇ ਸਰੀਰ ਦਾ ਹਿੱਸਾ ਸਮਝ ਕੇ ਵਧਾਉਣਾ ਸ਼ੁਰੂ ਕਰ ਦਿੱਤਾ।

# ਵਿਸਾਖੀ : ਪਾਕਿ 'ਚ ਭਾਰਤ ਦੇ 2,856 ਸਿੱਖ ਸ਼ਰਧਾਲੂ ਦੇ ਲੱਗੇ ਵੀਜ਼ੇ

**ਨਵੀਂ ਦਿੱਲੀ–** ਭਾਰਤ ਵਿਚ ਪਾਕਿਸਤਾਨ ਹਾਈ ਕਮਿਸ਼ਨ ਦੇ ਮੁਖੀ ਸਲਮਾਨ ਸ਼ਰੀਫ਼ ਨੇ ਦੱਸਿਆ ਕਿ 9 ਤੋਂ 18 ਅਪ੍ਰੈਲ ਤੱਕ ਵਿਸਾਖੀ ਦੇ ਤਿ ਹਾਰ ਨਾਲ ਸਬੰਧਤ ਸਾਲਾਨਾ ਸਮਾਰੋਹਾਂ 'ਚ ਭਾਗ ਲੈਣ ਲਈ ਭਾਰਤ ਦੇ 2,856 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਹਨ। ਹਾਈ ਕਮਿਸ਼ਨ ਨੇ ਦੱਸਿਆ ਕਿ ਇਹ ਸ਼ਰਧਾਲੂ ਸ੍ਰੀ ਡੇਰਾ ਸਾਹਿਬ, ਸ੍ਰੀ ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਕਰਤਾਰਪੁਰ ਸਾਹਿਬ ਗੁਰਦੁਆਰਾ ਸਾਹਿਬ ਦੀ ਯਾਤਰਾ ਕਰਨਗੇ। ਧਾਰਮਿਕ ਸਥਾਨਾਂ ਦੀ ਯਾਤਰਾ 'ਤੇ ਦੋ-ਪੱਖੀ ਪ੍ਰੋਟੋਕਾਲ ਦੀਆਂ ਵਿਵਸਥਾਵਾਂ ਦੇ ਤਹਿਤ ਭਾਰਤ ਦੇ ਸਿੱਖ ਅਤੇ ਹਿੰਦੂ ਸ਼ਰਧਾਲੂ ਹਰ ਸਾਲ ਪਾਕਿਸਤਾਨ ਦੀ ਯਾਤਰਾ ਕਰਦੇ ਹਨ। ਇਸ ਪ੍ਰੋਟੋਕਾਲ ਦੇ ਤਹਿਤ ਪਾਕਿਸਤਾਨੀ ਸ਼ਰਧਾਲੂ ਵੀ ਹਰ ਸਾਲ ਭਾਰਤ ਆਉਂਦੇ ਹਨ। ਹਾਈ ਕਮਿਸ਼ਨ ਦੇ ਬਿਆਨ ਮੁਤਾਬਕ ਸਲਮਾਨ ਨੇ ਕਿਹਾ ਕਿ ਪਾਕਿਸਤਾਨ ਪਵਿੱਤਰ ਧਾਰਮਿਕ ਅਸਥਾਨਾਂ ਦੀ ਸੰਭਾਲ ਕਰਨ ਲਈ ਵਚਨਬੱਧ ਹੈ ਤੇ ਸ਼ਰਧਾਲੂਆਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾ ਰਿਹਾ ਹੈ। ਭਾਰਤ ਵਿਚ ਪਾਕਿਸਤਾਨ ਹਾਈ ਕਮਿਸ਼ਨ ਦੇ ਮੁਖੀ ਸਲਮਾਨ ਸ਼ਰੀਫ਼ ਨੇ ਸ਼ਰਧਾਲੂਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੀ ਸੁਖਾਵੀਂ ਯਾਤਰਾ ਲਈ ਦੁਆ ਕੀਤੀ।











ऊना चलो ऊना चलो ऊना चलो
हिमाचल प्रदेश श्री गुरु रविदास महासभा जिला व ब्लॉक इकाइयों द्वारा
जिला स्तर पर
संविधान निर्माता एवं भारत रत्न बाबा साहिब
डा. भीमराव अम्बेडकर जी के
132वें जन्मदिवस पर समारोह
( 14 अप्रैल, 2023 दिन शुक्रवार )
समय: सुबह 10 बजे से सायं 4 बजे तक
कार्यक्रम स्थल : एम.सी. पार्क ऊना के सामने पार्किंग ग्राऊंड
-: मुख्यातिथि :-
माननीय श्री विद्या भूषण सोनी
भारतीय विदेश सेवा के सेवानिवृत्त अधिकारी एवं सेवानिवृत्त राजदूत
निवेदक : समस्त जिला कार्यकारिणी एवं ब्लाक इकाईयों के समस्त पदाधिकारी एवं कार्यकारिणी सदस्य।




SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
DPF Filter Cleaning
Clutch
Transmission
New/Used Tires
Oil Changes
Wheel Balancing
Truck & Trailer Repair
All Major & Minor Repairs
We Do Aluminum Welding
Computer Check
Differential
Inspections
Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA
MasterCard
AMERICAN EXPRESS
DISCOVER NETWORK
1003 Moffat Blvd, Manteca CA 95336
209-239-1551

# ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਲਗਾਏ ਗਏ ਜੱਚਾ-ਬੱਚਾ ਜਾਂਚ ਕੈਂਪ



**ਸੰਗਰੂਰ (ਦਲਜੀਤ ਕੌਰ)–** ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ (ਪੀ.ਐਮ.ਐਸ.ਐਮ.ਏ.) ਤਹਿਤ ਅੱਜ ਜ਼ਿਲ੍ਹੇ ਅਧੀਨ ਵੱਖ-ਵੱਖ ਸਿਹਤ ਸੰਸਥਾਵਾਂ ਵਿਖੇ ਜੱਚਾ-ਬੱਚਾ ਜਾਂਚ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਵਿੱਚ ਮਾਹਰ ਡਾਕਟਰਾਂ ਵੱਲੋਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਤੇ ਟੈਸਟ ਕੀਤੇ ਗਏ।



ਇਸ ਮੌਕੇ ਸਿਵਲ ਸਰਜਨ ਡਾ। ਪਰਮਿੰਦਰ ਕੌਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ (ਪੀ.ਐਮ.ਐਸ.ਐਮ.ਏ) ਤਹਿਤ ਗਰਭ-ਵਤੀ ਔਰਤਾਂ ਦੀ ਮੁਫ਼ਤ ਮੈਡੀਕਲ ਜਾਂਚ ਤੇ ਲੋੜੀਂਦੇ ਟੈਸਟ ਕੀਤੇ ਜਾਂਦੇ ਹਨ ਤਾਂ ਜੋ ਉਨ੍ਹਾਂ ਨੂੰ ਪੇਸ਼ ਆਉਣ ਵਾਲੀ ਕੋਈ ਸਮੱਸਿਆ ਬਾਰੇ ਪਤਾ ਲੱਗ ਸਕੇ ਅਤੇ ਹਾਈ ਰਿਸਕ ਗਰਭਵਤੀ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਪੀ.ਐਮ.ਐਸ.ਐਮ.ਏ ਦਾ ਉਦੇਸ਼ ਹਰ ਗਰਭਵਤੀ ਔਰਤ ਦੀ ਮਹੀਨੇ ਵਿੱਚ ਘੱਟੋ ਘੱਟ ਇਕ ਵਾਰ ਜਨਾਨਾ ਰੋਗਾਂ ਦੇ ਮਾਹਿਰ ਡਾਕਟਰ ਤੋਂ ਜਾਂਚ ਕਰਨਾ ਹੈ ਤਾਂ ਜੋ ਗਰਭਵਤੀ ਔਰਤਾਂ ਅਤੇ ਨਵਜਾਤ ਮੌਤ ਦਰ ਨੂੰ ਘੱਟ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਇਸ ਅਭਿਆਨ ਤਹਿਤ ਗਰਭਵਤੀ ਔਰਤਾਂ ਦਾ ਐਚ।ਬੀ।, ਸ਼ੂਗਰ, ਬਲੱਡ ਪ੍ਰੈਸ਼ਰ, ਭਾਰ, ਬੱਚੇ ਦੇ ਗਰਭ 'ਚ ਸਥਿਤੀ ਦੇ ਨਾਲ ਟੈਟਨਸ ਦੇ ਟੀਕੇ ਵੀ ਲਗਾਏ ਗਏ ਹਨ ਤੇ ਨਾਲ ਹੀ ਆਇਰਨ ਤੇ ਫੋਲਿਕ ਐਸਿਡ ਦੀਆਂ ਗੋਲੀਆਂ ਵੀ ਮੁਫ਼ਤ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਸ ਦੌਰਾਨ ਬੱਚੇ ਦੀ ਸਥਿਤੀ, ਮਾਂ ਦਾ ਕੱਦ ਅਤੇ ਭਾਰ ਵੀ ਚੈਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਗਰਭਵਤੀ ਮਾਂ ਦੇ ਖਾਣ ਪੀਣ ਅਤੇ ਉਸ ਦੀ ਸਿਹਤ ਮੁਤਾਬਕ ਹਲਕੀ ਕਸਰਤ ਕਰਨ ਸਬੰਧੀ ਵੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਇੰਦਰਜੀਤ ਸਿੰਗਲਾ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅੰਜੂ ਸਿੰਗਲਾ, ਜ਼ਿਲ੍ਹਾ ਸਿਹਤ ਅਫਸਰ ਡਾ. ਬਲਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਕ੍ਰਿਪਾਲ ਸਿੰਘ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਅੰਬੇਡਕਰ ਜਨਮ ਦਿਵਸ ਸਮਾਗਮ ਦੀਆਂ ਤਿਆਰੀਆਂ ਜੋਰਾਂ ਸ਼ੋਰਾਂ 'ਚ

**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ)ਦੀ ਕਾਰਜ ਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਸੋਹਨ ਲਾਲ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ। ਮੀਟਿੰਗ ਵਿਚ 14 ਅਪ੍ਰੈਲ ਨੂੰ ਹੋਣ ਵਾਲੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਸਮਾਗਮ ਸੰਬੰਧੀ ਤਿਆਰੀਆਂ ਦਾ ਜਾਇਜ਼ਾ



ਲਿਆ ਗਿਆ। ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਦੱਸਿਆ ਕਿ ਅੰਬੇਡਕਰ ਭਵਨ ਵਿਚ ਸਮਾਗਮ ਦੀਆਂ ਤਿਆਰੀਆਂ ਜੋਰਾਂ ਸ਼ੋਰਾਂ 'ਚ ਚੱਲ ਰਹੀਆਂ ਹਨ। ਪ੍ਰੋਫੈਸਰ (ਡਾ) ਰਤਨ ਸਿੰਘ ਪੀਐਚਡੀ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਲੀਗਲ ਸਟੱਡੀਜ਼, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਮੁੱਖ ਮਹਿਮਾਨ ਅਤੇ ਚਿਰੰਜੀ ਲਾਲ ਕੰਗਣੀਵਾਲ ਵਿਸ਼ੇਸ਼ ਮਹਿਮਾਨ ਵਜੋਂ ਪਧਾਰ ਰਹੇ ਹਨ। ਪ੍ਰਸਿੱਧ ਅੰਬੇਡਕਰੀ ਲਾਹੌਰੀ ਰਾਮ ਬਾਲੀ, ਡਾ। ਜੀ ਸੀ ਕੌਲ, ਜਸਵਿੰਦਰ ਵਰਿਆਣਾ ਅਤੇ ਹੋਰ ਵਿਦਵਾਨ ਬਾਬਾ ਸਾਹਿਬ ਡਾ ਅੰਬੇਡਕਰ ਦੁਆਰਾ ਕੀਤੇ ਗਏ ਸੰਘਰਸ਼ਾਂ ਅਤੇ ਅੱਜ ਦੇ ਹਾਲਾਤਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮਾਗਮ ਨੂੰ ਅੰਬੇਡਕਰ ਭਵਨ ਟਰੱਸਟ (ਰਜਿ) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦਾ ਸਹਿਯੋਗ ਪ੍ਰਾਪਤ ਹੈ। ਸਮਾਗਮ ਦੌਰਾਨ ਡਾ। ਸਾਹਿਬ ਸਿੰਘ ਦੁਆਰਾ ਬਹੁਤ ਹੀ ਵਧੀਆ ਨਾਟਕ 'ਲੱਛੂ ਕਬਾੜੀਆ' ਪੇਸ਼ ਕੀਤਾ ਜਾਵੇਗਾ। ਕਲਾਕਾਰ ਜਗਤਾਰ ਵਰਿਆਣਵੀ ਅਤੇ ਪਾਰਟੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਗੀਤਾਂ ਰਾਹੀਂ ਪੇਸ਼ ਕਰਨਗੇ। ਅਗਾਂਹਵਧੂ ਸਾਹਿਤ ਦੇ ਬੁੱਕ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ। ਇਹ ਜਾਣਕਾਰੀ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਦੁਆਰਾ ਦਿੱਤੀ। ਇਸ ਮੌਕੇ ਲਾਹੌਰੀ ਰਾਮ ਬਾਲੀ, ਮੈਡਮ ਸੁਦੇਸ਼ ਕਲਿਆਣ, ਚਰਨ ਦਾਸ ਸੰਧੂ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਤਿਲਕ ਰਾਜ, ਡਾ। ਮਹਿੰਦਰ ਸੰਧੂ ਹਾਜ਼ਰ ਸਨ।

# ਲੋਕ ਕਵੀ ਪਰਮਜੀਤ ਪੰਮੀ ਖੁਸ਼ਹਲਪੁਰੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ





**ਮਾਹਿਲਪੁਰ–** ਨਿੱਕੀਆਂ ਕਰੂੰਬਲਾਂ ਦੇ ਉੱਘੇ ਸਾਹਿਤਕਾਰ ਪੰਮੀ ਖੁਸ਼ਹਲਪੁਰੀ ਦੀ ਅੰਤਿਮ ਅਰਦਾਸ ਮੌਕੇ ਸਾਹਿਤਕ ਸਮਾਜਕ ਰਾਜਸੀ ਧਾਰਮਿਕ ਅਤੇ ਕਲਾਤਮਕ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੁਖਮਨੀ ਸਾਹਿਬ ਦੇ ਪਾਠ ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਦੂਰਦਰਸ਼ਨ ਕੇਂਦਰ ਦੀ ਸਾਬਕਾ ਨਿਰਮਾਤਾ ਨਿਰਦੇਸ਼ਕ ਸੁਦੇਸ਼ ਕਲਿਆਣ ਅਤੇ ਕੈਮਰਾਮੈਨ ਰੂਪ ਲਾਲ ਮਹੇ ਨੇ ਕਿਹਾ ਕਿ ਪਰਮਜੀਤ ਸਿੰਘ ਨੇ ਆਪਣੇ ਜੀਵਨ ਵਿਚ ਦੂਰਦਰਸ਼ਨ ਨੂੰ ਬਹੁਤ ਵੱਡੀ ਦੇਣ ਦਿੱਤੀ।

ਉਨ੍ਹਾਂ ਵੱਲੋਂ ਪੇਸ਼ ਕੀਤੇ ਗੀਤ ਅਤੇ ਪ੍ਰੋਗਰਾਮ ਦਰਸ਼ਕਾਂ ਵੱਲੋਂ ਬੜੇ ਸ਼ੌਕ ਨਾਲ ਵੇਖੇ ਜਾਂਦੇ ਹਨ। ਉਹ ਇੱਕ ਨਿੱਘਾ ਤੇ ਉੱਘਾ ਇਨਸਾਨ ਸੀ। ਬਾਲ ਸਾਹਿਤਕਾਰ ਬਲਜਿੰਦਰ ਮਾਨ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਪੇਸ਼ ਕਰਦਿਆਂ ਕਿਹਾਂ ਕਿ ਅਜਿਹੇ ਸੁਪੂਤ ਧਰਤੀ ਤੇ ਅਕਸਰ ਪੈਦਾ ਨਹੀਂ ਹੁੰਦੇ ਜੋ ਆਪਣਾ ਜੀਵਨ ਲੋਕਾਂ ਨੂੰ ਅਰਿਪਤ ਕਰਦੇ ਹਨ।

ਉਨ੍ਹਾਂ ਦੁਆਰਾ ਰਚੀਆਂ ਪੁਸਤਕਾਂ 'ਮਿੱਟੀ ਰੁੱਸ ਰੁੱਸ ਬਹਿੰਦੀ ਅਤੇ ਸਿਫਤਾਂ ਦੇ ਪਾਰ' ਨੂੰ ਪਾਠਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਹਰ ਮਹਿਫਲ ਵਿੱਚ ਰੌਣਕਾਂ ਲਾਈਆ ਲੋਕਾਂ ਦਾ ਦੁੱਖ ਘਟਾਇਆ ਅਤੇ ਖੁਸ਼ੀ ਵਧਾਈ। ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਆਗੂ ਸੁਰਿੰਦਰ ਸਿੰਘ ਅਤੇ ਗਿਆਨ ਸਿੰਘ ਨੇ ਉਹਨਾਂ ਦੁਆਰਾ ਇਮਾਨਦਾਰੀ ਨਾਲ ਨਿਭਾਈਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ। ਜਨਰਲ ਮੈਨੇਜਰ ਅਨਿਲ ਕੁਮਾਰ ਨੇ ਉਨ੍ਹਾਂ ਨੂੰ ਇਕ ਮਹਾਨ ਕਿਰਤੀ ਦੱਸਿਆ। ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੇ ਉਹਨਾਂ ਦੁਆਰਾ ਜਥੇਬੰਦੀਆਂ ਦੇ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਬਰਗੇਡੀਅਰ ਪਰਦੀਪ ਉਪਮਾਇਆ ਨੇ ਉਹਨਾਂ ਦੇ ਬਚਪਨ ਦੀਆਂ ਝਲਕਾਂ ਪੇਸ਼ ਕੀਤੀਆਂ।

ਬਹੁਰੰਗ ਕਲਾ ਮੰਚ ਦੇ ਨਿਰਦੇਸ਼ਕ ਅਸ਼ੋਕ ਪੁਰੀ ਨੇ ਉਨ੍ਹਾਂ ਦੀਆਂ ਕਲਾਤਮਕ ਗਤੀਵਿਧੀਆਂ ਤੇ ਰੌਸ਼ਨੀ ਪਾਈ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਬੁੱਧੀਜੀਵੀ ਵਿੰਗ ਦੇ ਪ੍ਰਧਾਨ ਕ੍ਰਿਸ਼ਨਜੀਤ ਰਾਓ ਕੈਂਡੋਵਾਲ ਨੇ ਉਹਨਾਂ ਨੂੰ ਪਿਆਰ ਤੇ ਸਤਿਕਾਰ ਦਾ ਮਜੱਸਮਾ ਦੱਸਦਿਆਂ ਪਰਿਵਾਰ ਨੂੰ ਸਰਕਾਰੀ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਪੰਮੀ ਨੇ ਹਰ ਖੇਤਰ ਵਿੱਚ ਸੰਦਲੀ ਪੈੜਾਂ ਪਾਈਆਂ ਹਨ ਜਿਸ ਕਰਕੇ ਪਿਆਰ ਮੁਹੱਬਤ ਖੱਟੀ।

ਪੋਤਰੀ ਆਸਥਾ ਨੇ ਬਾਬੇ ਦੀਆਂ ਪੁਸਤਕਾਂ ਯਾਦ ਨਿਸ਼ਾਨੀ ਵਜੋਂ ਭੇਟ ਕੀਤੀਆਂ। ਇਸ ਸ਼ੋਕ ਸਭਾ ਵਿੱਚ ਬੱਗਾ ਸਿੰਘ ਆਰਟਿਸਟ,ਮਾਸਟਰ ਸ਼ਿੰਗਾਰਾ ਸਿੰਘ,ਹਰੀ ਰਾਮ,ਬਲਵਿੰਦਰ ਕੁਮਾਰ, ਰਮੇਸ਼ ਬੇਧੜਕ, ਰਘਬੀਰ ਸਿੰਘ ਕਲੋਆ, ਰਾਜ ਕੁਮਾਰ, ਅਵਤਾਰ ਸਿੰਘ, ਰਾਜਨ ਬਾਲਾ, ਚੈਂਚਲ ਸਿੰਘ ਬੈਂਸ, ਪ੍ਰਿੰ ਮਨੀਜਤ ਕੌਰ ਅਤੇ ਪੰਮੀ ਖੁਸ਼ਾਹਾਲਪੁਰੀ ਦੇ ਸਾਕ ਸਬੰਧੀ ਤੇ ਮਿੱਤਰ-ਦੋਸਤ ਬਹੁ ਗਿਣਤੀ ਵਿਚ ਹਾਜ਼ਰ ਸਨ। ਜੀਵਨ ਸਾਥਣ ਆਦਰਸ਼ ਰਾਣੀ, ਬੇਟਾ ਵਰਿੰਦਰ ਕੁਮਾਰ ਅਤੇ ਬਹੂ ਅਨੀਤਾ ਰਾਜ ਨੇ ਸਭ ਦਾ ਧੰਨਵਾਦ ਕੀਤਾ।

# ਪੁਲਾੜ ਤੋਂ ਹਰ ਘੰਟੇ ਹਵਾ ਪ੍ਰਦੂਸ਼ਣ ਦੀ ਕੀਤੀ ਜਾਵੇਗੀ ਨਿਗਰਾਨੀ

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਸ਼ਨਿਚਰਵਾਰ ਨੂੰ ਹਵਾ ਪ੍ਰਦੂਸ਼ਣ ਦੀ ਸਥਿਤੀ 'ਤੇ ਨਜ਼ਰ ਰੱਖਣ ਲਈ ਨਵਾਂ ਉਪਕਰਨ ਲਾਂਚ ਕੀਤਾ ਹੈ। ਦਿ ਟ੍ਰੋਪੋਸਫੇਰਿਕ ਇਮਿਸ਼ਨ : ਮਾਨੀਟਰਿੰਗ ਆਫ ਪਾਲਿਊਸ਼ਨ (ਟੈਂਪੋ) ਨਾਂ ਦਾ ਇਹ ਉਪਕਰਨ ਪ੍ਰਮੁੱਖ ਪ੍ਰਦੂਸ਼ਣ ਤੱਤਾਂ ਦੀ ਨਿਗਰਾਨੀ ਕਰੇਗਾ। ਨਾਸਾ ਨਾਲ ਜੁੜੇ ਨੈਲਸਨ ਨੇ ਕਿਹਾ ਹੈ ਕਿ ਇਹ ਮਿਸ਼ਨ ਸਿਰਫ਼ ਪ੍ਰਦੂਸ਼ਣ ਦੇ ਅਧਿਐਨ ਤੋਂ ਕੁਝ ਜ਼ਿਆਦਾ ਹੈ। ਇਹ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਰੇਕ ਕਾਰਨ ਦਾ ਅਧਿਐਨ ਕਰੇਗਾ। ਜਿਵੇਂ ਸਭ ਤੋਂ ਵੱਧ ਟ੍ਰੈਫਿਕ, ਜੰਗਲ 'ਚ ਅੱਗ ਲੱਗਣਾ ਤੇ ਜਵਾਲਾਮੁਖੀ ਦੀ ਵਜ੍ਹਾ ਨਾਲ ਹੋਣ ਵਾਲੇ ਪ੍ਰਦੂਸ਼ਣ 'ਤੇ ਨਜ਼ਰ ਰੱਖੇਗਾ। ਟੈਂਪੋ ਨੂੰ ਫਲੋਰੀਡਾ 'ਚ ਕੇਪ ਕੈਨਾਵੇਰਲ ਸਪੇਸ ਫੋਰਸ ਸਟੇਸ਼ਨ ਤੋਂ ਸਪੇਸਐਕਸ ਫਾਲਕਨ-9 ਰਾਕਟ ਰਾਹੀਂ ਲਾਂਚ ਕੀਤਾ ਗਿਆ।

ਇਸ ਤੋਂ ਮਿਲਣ ਵਾਲੇ ਡਾਟਾ ਦੀ ਵਰਤੋਂ ਕਰ ਕੇ ਉੱਤਰੀ ਅਮਰੀਕਾ ਦੇ ਖੇਤਰਾਂ 'ਚ ਪੈਦਾ ਹੋ ਰਹੇ ਪ੍ਰਦੂਸ਼ਣ ਦੇ ਕਾਰਨਾਂ ਨਾਲ ਨਜਿੱਠਿਆ ਜਾ ਸਕੇਗਾ। ਟੈਂਪੋ ਵੱਲੋਂ ਪ੍ਰਾਪਤ ਕੀਤੇ ਗਏ ਡਾਟਾ ਨਾਲ ਹਵਾ ਪ੍ਰਦੂਸ਼ਣ ਨੂੰ ਲੈ ਕੇ ਮੌਜੂਦਾ ਅੰਕੜਿਆਂ 'ਚ ਅਣਕਿਆਸਿਆ ਸੁਧਾਰ ਹੋਵੇਗਾ। ਇਸ 'ਚ ਓਜ਼ੋਨ, ਨਾਈਟ੍ਰੋਜਨ ਆਕਸਾਈਡ, ਸਲਫਰ ਡਾਈਆਕਸਾਈਡ ਆਦਿ ਦੇ ਸਬੰਧ 'ਚ ਵੀ ਜਾਣਕਾਰੀ ਮੌਜੂਦ ਹੋਵੇਗੀ। ਇਹ ਅੰਕੜਾ ਨਾ ਸਿਰਫ਼ ਅਮਰੀਕਾ ਬਲਕਿ ਕੈਨੇਡਾ, ਕਿਊਬਾ ਤੇ ਬਹਾਮਾਸ ਆਦਿ ਲਈ ਵੀ ਅਹਿਮ ਹੋਵੇਗਾ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com    www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਮਦਦ ਦੀ ਮੰਗ ਕਰਦਿਆਂ ਲਿਖਿਆ ਪੱਤਰ

**ਨਵੀਂ ਦਿੱਲੀ-** ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਨੂੰ ਇੱਕ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਜ਼ੇਲੇਂਸਕੀ ਨੇ ਪੀਐਮ ਮੋਦੀ ਨੂੰ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਦੀ ਸਪਲਾਈ ਕਰਨ ਦੀ ਬੇਨਤੀ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਯੂਕਰੇਨ ਦੇ ਪਹਿਲੇ ਉਪ ਵਿਦੇਸ਼ ਮੰਤਰੀ ਐਮਿਨ ਜ਼ਾਪਾਰੋਵਾ ਨੇ ਭਾਰਤ ਸਰਕਾਰ ਨੂੰ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਿਆ ਇੱਕ ਪੱਤਰ ਸੌਂਪਿਆ ਹੈ, ਜਿਸ ਵਿੱਚ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਸਮੇਤ ਵਾਧੂ ਮਾਨਵਤਾਵਾਦੀ ਸਪਲਾਈ ਦੀ ਬੇਨਤੀ ਕੀਤੀ ਗਈ ਹੈ।

ਮੰਤਰੀ, ਜੋ ਕਿ 10 ਤੋਂ 12 ਅਪ੍ਰੈਲ ਤੱਕ ਭਾਰਤ ਦੇ ਅਧਿਕਾਰਤ ਦੌਰੇ 'ਤੇ ਸਨ, ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਨੂੰ ਯੂਕਰੇਨ ਦੇ ਰਾਸ਼ਟਰਪਤੀ ਦੁਆਰਾ ਸੰਬੋਧਿਤ ਪੱਤਰ ਵਿਦੇਸ਼ ਰਾਜ ਮੰਤਰੀ ਮੀਨਾਕਸ਼ੀ ਲੇਖੀ ਨੂੰ ਸੌਂਪਿਆ। ਇਹ ਜਾਣਕਾਰੀ ਵਿਦੇਸ਼ ਮੰਤਰਾਲੇ ਵੱਲੋਂ ਬੁੱਧਵਾਰ ਨੂੰ ਜਾਰੀ ਇਕ ਬਿਆਨ 'ਚ ਦਿੱਤੀ ਗਈ ਹੈ। ਭਾਰਤੀ ਮੈਡੀਕਲ ਵਿਦਿਆਰਥੀਆਂ ਦੇ ਮੁੱਦੇ 'ਤੇ, ਜ਼ਾਪਰੋਵਾ



ਨੇ ਜ਼ਿਕਰ ਕੀਤਾ ਕਿ ਯੂਕਰੇਨ ਵਿਦੇਸ਼ੀ ਮੈਡੀਕਲ ਵਿਦਿਆਰਥੀਆਂ ਨੂੰ ਆਪਣੇ ਨਿਵਾਸ ਵਾਲੇ ਦੇਸ਼ ਵਿੱਚ ਯੂਨੀਫਾਈਡ ਸਟੇਟ ਯੋਗਤਾ ਪ੍ਰੀਖਿਆ ਦੇਣ ਦੀ ਇਜਾਜ਼ਤ ਦੇਵੇਗਾ। ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮੀ) ਸੰਜੇ ਵਰਮਾ ਨਾਲ ਮੁਲਾਕਾਤ ਦੌਰਾਨ ਜ਼ਾਪਰੋਵਾ ਨੇ ਉਨ੍ਹਾਂ ਨੂੰ ਯੂਕਰੇਨ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ।

ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਯੂਕਰੇਨ ਦੇ ਮੰਤਰੀ ਨੇ ਇਹ ਵੀ ਪ੍ਰਸਤਾਵ ਦਿੱਤਾ ਕਿ ਯੂਕਰੇਨ ਵਿੱਚ ਬੁਨਿਆਦੀ ਢਾਂਚੇ ਦਾ ਪੁਨਰ ਨਿਰਮਾਣ ਭਾਰਤੀ ਕੰਪਨੀਆਂ ਲਈ ਇੱਕ ਮੌਕਾ ਹੋ ਸਕਦਾ ਹੈ। ਵਿਦੇਸ਼ ਮੰਤਰਾਲੇ ਵਿੱਚ ਸਕੱਤਰ (ਪੱਛਮੀ) ਸੰਜੇ ਵਰਮਾ ਨੇ ਦੱਸਿਆ ਕਿ ਭਾਰਤ ਨੇ ਯੂਕਰੇਨ ਨੂੰ ਦਵਾਈਆਂ, ਮੈਡੀਕਲ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਹੈ ਅਤੇ ਸਕੂਲ ਬੱਸਾਂ ਮੁਹੱਈਆ ਕਰਵਾਈਆਂ ਜਾਣਗੀਆਂ।ਦੋਵੇਂ ਪੱਖ ਇੱਕ ਆਪਸੀ ਸੁਵਿਧਾਜਨਕ ਮਿਤੀ 'ਤੇ ਕਿਯੇਵ ਵਿੱਚ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ ਦੇ ਅਗਲੇ ਦੌਰ ਨੂੰ ਆਯੋਜਿਤ ਕਰਨ ਲਈ ਸਹਿਮਤ ਹੋਏ ਹਨ।

# ਗੁਰਦਾਸਪੁਰ ਹੀ ਨਹੀਂ ਸਗੋਂ ਪਾਰਲੀਮੈਂਟ ’ਚੋਂ ਵੀ ਗਾਇਬ ਸਨੀ ਦਿਓਲ

**ਮੁੰਬਈ-** ਸੰਸਦ ਮੈਂਬਰ ਸਨੀ ਦਿਓਲ ਲੋਕ ਸਭਾ ਚੋਣ ਜਿੱਤ ਕੇ ਬੇਸ਼ੱਕ ਆਪਣੇ ਹਲਕੇ ਗੁਰਦਾਸਪੁਰ ਵਿੱਚ ਨਹੀਂ ਵੜ੍ਹੇ ਪਰ ਹੈਰਾਨੀ ਦੀ ਗੱਲ ਹੈ ਕਿ ਉਹ ਪਾਰਲੀਮੈਂਟ ਵਿੱਚ ਹਾਜ਼ਰੀ ਭਰਨ ਵਿੱਚ ਫਾਡੀ ਰਹੇ ਹਨ। ਸਨੀ ਦਿਓਲ ਚੋਣ ਜਿੱਤਣ ਮਗਰੋਂ ਆਪਣੇ ਹਲਕੇ ਗੁਰਦਾਸਪੁਰ ਵਿੱਚੋਂ ਗ਼ੈਰਹਾਜ਼ਰ ਚੱਲੇ ਆ ਰਹੇ ਹਨ। ਹਾਸਲ ਜਾਣਕਾਰੀ ਮੁਤਾਬਕ ਬੀਜੇਪੀ ਐਮਪੀ ਸਨੀ ਦਿਓਲ ਦੀ ਹੁਣ ਤੱਕ ਸਮੁੱਚੀ ਹਾਜ਼ਰੀ ਸਿਰਫ਼ 20 ਫ਼ੀਸਦੀ ਹੀ ਰਹੀ ਹੈ। ਪਾਰਲੀਮੈਂਟ ਦਾ ਬਜਟ ਸੈਸ਼ਨ 31 ਜਨਵਰੀ ਨੂੰ ਸ਼ੁਰੂ ਹੋਇਆ ਤੇ 6 ਅਪਰੈਲ ਨੂੰ ਖ਼ਤਮ ਹੋਇਆ ਹੈ। ਇਸ ਸੈਸ਼ਨ ਦੌਰਾਨ 23 ਬੈਠਕਾਂ ਹੋਈਆਂ। ਸਨੀ ਦਿਓਲ ਨੇ ਸਿਰਫ਼ ਦੋ ਦਿਨ ਹੀ ਹਾਜ਼ਰੀ ਭਰੀ ਜਦੋਂਕਿ ਉਹ 21 ਦਿਨ ਗ਼ੈਰਹਾਜ਼ਰ ਰਹੇ।



ਦੱਸ ਦਈਏ ਕਿ ਪਾਰਲੀਮੈਂਟ ’ਚ ਲੰਘੇ ਬਜਟ ਸੈਸ਼ਨ ਦੌਰਾਨ ਲੋਕ ਸਭਾ ਮੈਂਬਰਾਂ ਵਿੱਚੋਂ ਗੁਰਦਾਸਪੁਰ ਤੋਂ ਸੰਸਦ ਮੈਂਬਰ ਤੇ ਅਦਾਕਾਰ ਸਨੀ ਦਿਓਲ ਦੀ ਹਾਜ਼ਰੀ ਸਭ ਤੋਂ ਘੱਟ ਰਹੀ। ਦੂਜੇ ਨੰਬਰ ’ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਬੀਰ ਬਾਦਲ ਰਹੇ ਹਨ। ਸੁਖਬੀਰ ਬਾਦਲ ਨੇ ਕੇਵਲ ਚਾਰ ਦਿਨ ਹੀ ਪਾਰਲੀਮੈਂਟ ਵਿੱਚ ਪਹੁੰਚੇ। ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਐਤਕੀਂ ਸੰਸਦ ਵਿਚ 15 ਦਿਨ ਹਾਜ਼ਰ ਰਹੇ ਹਨ ਤੇ ਅੱਠ ਦਿਨ ਉਨ੍ਹਾਂ ਦੀ ਗ਼ੈਰਹਾਜ਼ਰੀ ਰਹੀ।

### ਕਾਂਗਰਸੀ ਮੈਂਬਰਾਂ ਦੀ ਰਹੀ ਝੰਡੀ

ਕਾਂਗਰਸੀ ਸੰਸਦ ਮੈਂਬਰ ਇਸ ਮਾਮਲੇ ’ਚ ਮੋਹਰੀ ਰਹੇ ਹਨ। ਜਲੰਧਰ ਹਲਕੇ ਦੀ ਨੁਮਾਇੰਦਗੀ ਚੌਧਰੀ ਸੰਤੋਖ ਸਿੰਘ ਦੀ ਮੌਤ ਹੋਣ ਕਰ ਕੇ ਨਹੀਂ ਰਹੀ। ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ, ਰਵਨੀਤ ਬਿੱਟੂ, ਡਾ। ਅਮਰ ਸਿੰਘ ਤੇ ਗੁਰਜੀਤ ਸਿੰਘ ਔਜਲਾ ਦੀ ਬਜਟ ਸੈਸ਼ਨ ਦੌਰਾਨ ਹਾਜ਼ਰੀ ਸੌ ਫ਼ੀਸਦੀ ਰਹੀ ਜਦੋਂਕਿ ਪ੍ਰਨੀਤ ਕੌਰ ਸੰਸਦ ਵਿਚ ਇੱਕ ਦਿਨ ਗ਼ੈਰਹਾਜ਼ਰ ਰਹੇ। ਫ਼ਰੀਦਕੋਟ ਤੋਂ ਸੰਸਦ ਮੈਂਬਰ ਮੁਹੰਮਦ ਸਦੀਕ ਦੀ 14 ਦਿਨ ਬਜਟ ਸੈਸ਼ਨ ਵਿੱਚ ਹਾਜ਼ਰੀ ਰਹੀ। ਕਾਂਗਰਸ ਦੇ ਜਸਵੀਰ ਡਿੰਪਾ ਵੀ 20 ਦਿਨ ਹਾਜ਼ਰ ਰਹੇ ਹਨ। ਅਕਾਲੀ ਦਲ (ਅੰਮ੍ਰਿਤਸਰ) ਦੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ 20 ਦਿਨ ਸੰਸਦ ਵਿੱਚ ਹਾਜ਼ਰ ਰਹੇ ਤੇ ਤਿੰਨ ਦਿਨ ਗ਼ੈਰਹਾਜ਼ਰ ਰਹੇ।


### ‘ਆਪ’ ਦੇ ਰਾਜ ਸਭਾ ਮੈਂਬਰ ਵੀ ਰਹੇ ਗੈਰਹਾਜ਼ਰ

ਇਸੇ ਤਰ੍ਹਾਂ ਰਾਜ ਸਭਾ ਮੈਂਬਰ ਹਰਭਜਨ ਸਿੰਘ ਸੈਸ਼ਨ ਦੌਰਾਨ ਨਜ਼ਰ ਨਹੀਂ ਆਏ। ਉਨ੍ਹਾਂ ਨੇ ਸੈਸ਼ਨ ਦੌਰਾਨ ਛੁੱਟੀ ਲਈ ਹੋਈ ਸੀ ਐਮਪੀ ਵਿਕਰਮਜੀਤ ਸਿੰਘ ਸਾਹਨੀ ਨੇ ਵੀ ਛੇ ਦਿਨ ਹੀ ਹਾਜ਼ਰੀ ਭਰੀ। ਰਾਜ ਸਭਾ ਦੀਆਂ ਬਜਟ ਸੈਸ਼ਨ ਦੌਰਾਨ 25 ਬੈਠਕਾਂ ਹੋਈਆਂ।

‘ਆਪ’ ਸੰਸਦ ਮੈਂਬਰ ਸੰਦੀਪ ਪਾਠਕ ਵੀ ਬਜਟ ਸੈਸ਼ਨ ਵਿਚੋਂ 11 ਦਿਨ ਗ਼ੈਰਹਾਜ਼ਰ ਰਹੇ ਤੇ ਡਾ। ਅਸ਼ੋਕ ਕੁਮਾਰ ਮਿੱਤਲ ਦੀ ਹਾਜ਼ਰੀ 15 ਦਿਨਾਂ ਦੀ ਰਹੀ। ਐਮਪੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ 15 ਦਿਨ ਹਾਜ਼ਰੀ ਭਰੀ ਤੇ ਉਹ 10 ਦਿਨ ਗ਼ੈਰਹਾਜ਼ਰ ਰਹੇ ਹਨ। ‘ਆਪ’ ਮੈਂਬਰਾਂ ਵਿਚੋਂ ਸਭ ਤੋਂ ਵੱਧ ਹਾਜ਼ਰੀ ਰਾਘਵ ਚੱਢਾ ਦੀ ਰਹੀ ਜੋ 21 ਦਿਨ ਹਾਜ਼ਰ ਰਹੇ ਤੇ ਇਸੇ ਤਰ੍ਹਾਂ ਸੰਜੀਵ ਅਰੋੜਾ 19 ਦਿਨ ਹਾਜ਼ਰ ਰਹੇ ਹਨ।

## ਸ਼ੋਕ ਸਮਾਚਾਰ

# ਕਰਮਨ ਨਿਵਾਸੀ ਜਸਵੰਤ ਸਿੰਘ ਸਿੱਧੂ ਦੇ ਅਕਾਲ ਚਲਾਣੇ ‘ਤੇ ਸਿੱਧੂ ਪਰਿਵਾਰ ਨੂੰ ਭਾਰੀ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਸ ਜਸਵੰਤ ਸਿੰਘ ਸਿੱਧੂ 9 ਅਪ੍ਰੈਲ 2023 ਨੂੰ ਯਾਤਰਾ ਪੂਰੀ ਕਰਦੇ ਹੋਏ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਉਹ ਪਿਛਲੇ 25 ਸਾਲਾ ਤੋਂ ਕਰਮਨ ਸ਼ਹਿਰ ਵਿੱਚ ਰਹਿ ਰਹੇ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 84 ਸਾਲ ਸੀ ਅਤੇ ਉਨ੍ਹਾਂ ਦਾ ਪੰਜਾਬ ਤੋਂ ਪਿਛਲਾ ਪਿੰਡ ਮੱਲ੍ਹਾਂ, ਨਜ਼ਦੀਕ ਮੋਗਾ ਸੀ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ “ਸਾਂਤ ਭਵਨ ਪੰਜਾਬੀ ਫਿਊਨਰਲ ਹੋਮ” ਵਿਖੇ 16 ਅਪ੍ਰੈਲ, 2023 ਦਿਨ ਮੰਗਲਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗਾ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਅਤੇ ਅੰਤਮ ਅਰਦਾਸ “ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. Vineland Ave. Kerman, CA 93630 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰਾ ਵਿੱਚ ਅਵਤਾਰ ਸਿੰਘ (559) 960-3304 ਅਤੇ ਗੁਰਬਿੰਦਰ ਸਿੰਘ (559) 755-3708 ਜਾਂ ਗੁਰਤੇਜ ਸਿੰਘ ਗਿੱਲ (559) 999-4699 ਨਾਲ ਫੋਨ ਨੰਬਰ ‘ਤੇ ਸੰਪਰਕ ਕੀਤਾ ਜਾ ਸਕਦਾ ਹੈ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834

# ਕੈਲੀਫੋਰਨੀਆ ਦੀ ਸੈਨੇਟ ਆਈਸ਼ਾ ਵਹਾਬ ਵੱਲੋਂ ਜਾਤ-ਪਾਤ ਦੇ ਵਿਤਕਰੇ ਸਬੰਧੀ ਬਿਲ ਪੇਸ਼

## ਜਾਤੀ ਬਿਲ ਦੇ ਹੱਕ ਵਿਚ ਸਿੱਖ ਦਲਿਤਾਂ ਨਾਲ ਡਟੇ, ਅਮਰੀਕਾ 'ਚ ਵੀ ਦਲਿਤਾਂ ਨਾਲ ਕੀਤਾ ਜਾਂਦਾ ਹੈ ਵਿਤਕਰਾ ਬ੍ਰਾਹਮਣਵਾਦੀਆਂ ਵੱਲੋਂ ਆਪਣੀ ਜਾਤ ਨੂੰ ਤਰੱਕੀਆਂ ਅਤੇ ਦਲਿਤਾਂ ਨੂੰ ਖੂੰਜੇ ਲਾਉਣ ਦੇ ਕੇਸ ਸਾਹਮਣੇ ਆਏ

**ਕੈਲੀਫੋਰਨੀਆ-** ਕੈਲੀਫੋਰਨੀਆ ਦੀ ਸੈਨੇਟਰ ਆਈਸ਼ਾ ਵਹਾਬ ਨੇ ਜਾਤ-ਪਾਤ ਦੇ ਵਿਤਕਰੇ ਸਬੰਧੀ ਬਿਲ ਪੇਸ਼ ਕੀਤਾ ਹੈ, ਜਿਸਦੇ ਪਾਸ ਹੋਣ ਦੀ ਉਮੀਦ ਹੈ। ਅਮਰੀਕਾ ਦੀਆਂ ਕੰਪਨੀਆਂ ਵਿਚ ਜਾਤ-ਪਾਤ ਦਾ ਕੋਹੜ ਵੀ ਭਾਰਤ ਵਿਚੋਂ ਅਮਰੀਕਾ ਵਿਚ ਆ ਚੁੱਕਿਆ ਹੈ। ਪਿਛਲੇ ਕੁਝ ਸਾਲਾਂ ਵਿਚ ਬ੍ਰਾਹਮਣਵਾਦੀਆਂ ਵੱਲੋਂ ਆਪਣੀ ਜਾਤ ਨੂੰ ਤਰੱਕੀਆਂ ਅਤੇ ਦਲਿਤਾਂ ਨੂੰ ਖੂੰਜੇ ਲਾਉਣ ਦੇ ਕੇਸ ਸਾਹਮਣੇ ਹਨ। ਦਲਿਤ ਸਮਾਜ ਨੇ ਇਸ ਵਿਤਕਰੇ ਨੂੰ ਲੈ ਕੇ ਕੋਰਟਾ ਦੇ ਦਰਵਾਜ਼ੇ ਖੜਕਾਏ ਅਤੇ ਇੱਥੋਂ ਦੇ ਰਾਜਨੀਤਿਕ ਲੋਕਾਂ ਨੂੰ ਇਸ ਵਿਤਕਰੇ ਤੋਂ ਜਾਣੂ ਕਰਵਾਇਆ।

ਕੈਲੀਫੋਰਨੀਆ ਦੀ ਸੈਨੇਟਰ ਆਈਸ਼ਾ ਵਹਾਬ ਇਹ ਬਿਲ ਲਿਆਕੇ ਧੜੱਲੇ ਨਾਲ ਜਾਤੀ ਵਿਰੋਧ ਵਿਚ ਆ ਖੜ੍ਹੀ ਹੋਈ ਹੈ। ਲੰਘੇ ਐਤਵਾਰ ਉਸਨੇ ਗੁਰਦੁਆਰਾ ਸਾਹਿਬ ਫਰੀਮਾਂਟ ਆ ਕੇ ਸਿੱਖਾਂ ਤੋਂ ਵੀ ਇਸ ਦੀ ਮਦਦ ਮੰਗੀ। ਇਕ ਘੰਟੇ ਚੱਲੀ ਮੀਟਿੰਗ ਵਿਚ ਦਲਿਤਾਂ ਵੱਲੋਂ ਕੇਵਲ ਸਿੰਘ, ਵਿਨੋਦ ਕੁਮਾਰ ਤੇ




ਉਹਨਾਂ ਦੀ ਟੀਮ ਸ਼ਾਮਲ ਹੋਈ। ਸਿੱਖਾਂ ਵੱਲੋਂ ਬੇ-ਏਰੀਆ ਅਮ-ਰੀਕਨ ਸਿਆਸਤ ਲਈ ਬਣਾਈ ਜਥੇਬੰਦੀ ਸਕੋਪ ਨੇ ਇਸ ਬਿਲ ਦਾ ਸਮਰਥਨ ਕਰਨ ਦਾ ਵਾਇਦਾ ਕੀਤਾ। ਸਕੋਪ ਵੱਲੋਂ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਆਈਸ਼ਾ ਵਹਾਬ ਦਾ ਧੰਨਵਾਦ ਕਰਦੇ ਹੋਏ ਦਲਿਤ ਸਮਾਜ ਨੂੰ ਵੀ ਸੁਨੇਹਾ ਦਿੱਤਾ ਕਿ ਤੁਸੀਂ ਸਾਡਾ ਹੀ ਅੰਗ ਹੋ ਤੇ ਕਦੇ ਇਸ ਗੱਲ ਦਾ ਫਰਕ ਨਹੀਂ ਸਮਝਣਾ। ਉਹਨਾਂ ਨੇ ਕਿਹਾ ਕਿ ਸਾਨੂੰ ਤਾਂ ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਦੇ ਵਿਤਕਰੇ ਕਰਨ ਦੀ ਇਜਾਜ਼ਤ ਹੀ ਨਹੀਂ ਦਿੰਦੇ। ਇਸ ਲਈ ਅਸੀਂ ਇਹ ਵਿਤਕਰਾ ਖਤਮ ਕਰਨ ਲਈ ਹਰ ਸੰਭਵ ਯਤਨ ਕਰਾਂਗੇ। ਸੁਪਰੀਮ ਕੌਂਸਲ ਮੈਂਬਰ ਭਾਈ ਹਰਪ੍ਰੀਤ ਸਿੰਘ ਬੈਂਸ, ਭਾਈ ਰਾਜਿੰਦਰ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਆਪਣੀ ਏਰੀਏ ਦਾ ਸੈਨੇਟਰ ਅਤੇ ਅਸੰਬਲੀ ਨੁਮਾਇੰਦਿਆਂ ਨੂੰ ਕਾਲਾਂ ਕਰਕੇ ਇਸ ਉਪਰ ਵੋਟ ਪਾਉਣ ਦੀ ਬੇਨਤੀ ਕਰੋ।

**(ਧੰਨਵਾਦ ਸਹਿਤ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼)**

# 14 ਅਪ੍ਰੈਲ ਨੂੰ ਗਰੀਬ ਸਿੱਖਾਂ ਦੀ ਜਿੰਦਗੀ ਦਾ ਇਨਕਲਾਬੀ ਮੋੜ

14 ਅਪ੍ਰੈਲ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸਮਾਜਿਕ ਕ੍ਰਾਂਤੀ ਦੇ ਉਦੇਸ਼ ਨਾਲ ਅਛੂਤ ਸੰਤਗੁਰੂ ਵਿਚਾਰਧਾਰਾ ਨੂੰ ਉਭਾਰਨ ਅਤੇ ਦੁਸ਼ਟਾਂ ਨੂੰ ਸੰਘਾਰਨ ਲਈ ਜੋ ਵੱਡੀ ਘਟਨਾ ਵਾਪਰੀ, ਉਹ ਇਹ ਸੀ ਕਿ ਵਰਣ-ਜਾਤ ਦੀ ਸਮਾਜਿਕ ਵਿਵਸਥਾ ਅਤੇ ਕਾਬਜ ਸ਼ਕਤੀਆਂ ਨੂੰ ਮਾਰ ਭਜਾਉਣ ਲਈ ਪੰਜ ਸਿਰ ਮੰਗ ਕੇ ਪਿਛਲੇ ਪੰਜ ਸੋ ਸਾਲਾਂ ਵਿੱਚ ਫੈਲਾਈ ਗਈ ਪ੍ਰੀਤ ਤੇ ਪ੍ਰੇਮ ਦੀ ਵਿਚਾਰਧਾਰਾ ਅਤੇ ਗਿਆਨ ਦ੍ਰਿਸ਼ਟੀ ਦੀ ਪਰਖ ਕੀਤੀ ਗਈ। ਲੱਖਾਂ ਲੋਕਾਂ ਵਿੱਚੋਂ ਨਿਕਲੇ ਸਿਰਫ ਪੰਜ, ਇਕ ਗਰੀਬ ਖੱਤਰੀ ਗੁਰੂਆਂ ਦੇ ਆਪਣੇ ਵਰਣ ਵਿੱਚੋਂ ਅਤੇ ਚਾਰ ਅਛੂਤ, ਜਿਹਨਾਂ ਨੇ ਆਪਣਾ ਤਨ-ਮਨ-ਧਨ ਗੁਰੂ ਅਤੇ ਉਸਦੇ ਉਦੇਸ਼ ਨੂੰ ਅਰਪਣ ਕਰ ਦਿੱਤਾ। ਕੜਾਹ ਖਾਣੇ ਦੌੜ ਗਏ ਜਾਂ ਸਿਰ ਸੁੱਟ ਕੇ ਨੀਵੀਆਂ ਪਾ ਗਏ। ਬਿਪਰਵਾਦੀਆਂ ਨੇ ਮਾਤਾ ਨੂੰ ਜਾ ਸ਼ਿਕਾਇਤ ਕੀਤੀ ਕਿ ਤੁਹਾਡਾ ਪੁੱਤਰ ਪੁੱਠੇ ਰਾਹ ਪੈ ਗਿਆ ਹੈ। ਜੋ ਬੰਦਿਆਂ ਦੇ ਸਿਰ ਮੰਗ ਖੜੋਤਾ ਹੈ। ਪੁੱਠੀਆਂ ਪੁੱਠੀਆਂ ਗੱਲਾਂ ਕਰ ਰਿਹਾ ਹੈ। ਨਿੱਕੀਆਂ ਸੁੱਕੀਆਂ ਜਾਤਾਂ ਨੂੰ ਇਕ ਬਾਟੇ ਵਿੱਚ ਅਮ੍ਰਿਤ ਪਿਆ ਰਿਹਾ ਹੈ। ਉਹ ਵੀ ਇਕ ਦੂਸਰੇ ਦਾ ਜੂਠਾ ਕਰ ਕਰਕੇ। ਇਉਂ ਹੋ ਰਹੀ ਸਮਾਜਿਕ ਪ੍ਰੀਤ ਦੇ ਵਿਕਾਸ ਦਾ ਬਿਪਰੀਤ ਵਿਰੋਧ ਹੋ ਉਠਿਆ। ਪ੍ਰੰਤੂ ਗੁਰੂ ਜੀ ਨੇ ਕਈ ਕੀਤਾ ਕਿ ਪਹਿਲੇ ਸਮਰਪਿਤ ਸਿੰਘਾਂ ਨੂੰ ਇਕ ਭੈਅ ਭੀਤ ਨਜ਼ਾਰੇ ਵਿੱਚੋਂ ਦੀ ਲੰਘਾ ਕੇ ਬਾਹਰ ਕੱਢਿਆ, ਤਾਂ ਕਿ ਮਨੁੱਖ ਜਾਂ ਤਾ ਡਰ ਕੇ ਦੌੜ ਜਾਵੇ ਜਾਂ ਨਿਰਭੈ ਹੋ ਕੇ ਅੱਗੇ ਆ ਕੇ ਹਿੱਕ ਤਾਣ ਕੇ ਖੜ ਜਾਵੇ। ਤੰਬੂ ਤੋਂ ਬਾਹਰ ਨਿੱਕਲ ਕੇ ਹਰ ਵਾਰ ਉਹ ਲਹੂ ਨਾਲ ਭਿੱਜੀ ਤਲਵਾਰ ਵਿਖਾ ਕੇ ਸਿਰ ਮੰਗਦੇ ਰਹੇ। ਪ੍ਰੰਤੂ ਜਿਸ ਨੇ ਗੁਰੂਘਰ ਲਈ ਆਪਣਾ ਹਿਰਦਾ,ਤਨ,ਮਨ,ਧਨ ਅਰਪਣ ਕਰਿਆ ਹੋਇਆ ਸੀ। ਜਿਸ ਨੂੰ ਸੰਤ ਗੁਰੂਘਰ ਦੀ ਸਾਰੀ ਬਾਤ ਦੀ ਸਮਝ ਆ ਚੁੱਕੀ ਸੀ। ਉਹ ਸੀਸ ਤਲੀ ਤੇ ਰੱਖ ਕੇ ਸਾਹਮਣੇ ਆ ਖੜਿਆ। ਲਹੂ ਨਾਲ ਭਿੱਤੀ ਤਲਵਾਰ ਮੂਹਰੇ ਕਿ ਉਸ ਨੂੰ ਕੋਈ ਡਰ ਭੈਅ ਨਹੀਂ ਹੁਣ। ਹੁਣ ਉਹ ਆਮ ਸਿੱਖ ਨਹੀਂ ਸਨ। ਸਿਰ ਦੀ ਭੇਟਾ ਦੇ ਕੇ ਸਿੰਘ ਭਾਵ ਸ਼ੇਰ ਬਣ ਖੜੇ ਸਨ। ਬੇਗਾਨੀਆਂ ਮਾਰਾਂ ਖਾਣ ਵਾਲੇ ਗਿੱਦੜਾਂ ਦੀ ਵੱਡੀ ਢਾਣੀ ਵਿੱਚੋਂ ਨਿੱਕਲੇ ਤਾਂ ਉਹ ਖੁਦ ਸ਼ੇਰ ਬਣ ਕੇ ਖੜੇ ਸਨ।

ਗੁਰੂ ਜੀ ਨੇ ਸਾਰਿਆਂ ਦੇ ਸਾਹਮਣੇ ਅਮ੍ਰਿਤ ਤਿਆਰ ਕੀਤਾ। ਕਦੀ ਸਮੁੰਦਰ ਰਿਸਕ ਕੇ ਮਿਲਿਆ ਅਮ੍ਰਿਤ ਦੇਵਤਿਆਂ ਨੇ ਸ਼ੂਦਰਾਂ ਤੋਂ ਖੋਹ ਲਿਆ ਸੀ। ਮੋਹਣੀ ਭਗਵਾਨ ਦੀ ਬੇਈਮਾਨੀ ਛੱਲਕਪਟ ਨਾਲ। ਇਹ ਛੱਲਕਪਟ ਦਾ ਕੇਵਲ ਬੁੱਧੀਮਾਨ ਸ਼ੂਦਰ (ਨੀਚ ਜਾਤੀ) ਨੂੰ ਪਤਾ ਲੱਗਾ ਸੀ। ਜਿਸ ਨੂੰ ਤੁਰੰਤ ਤ੍ਰਿਸ਼ੂਲ ਨਾਲ ਕਤਲ ਕਰ ਦਿੱਤਾ ਗਿਆ ਸੀ। ਮੋਹਣੀ ਭਗਵਾਨ ਨੇ ਘੜੇ ਦਾ ਛੱਲਕਪਟ ਕਰਕੇ ਦੇਵਤਿਆਂ ਦੀ ਕਤਾਰ ਨੂੰ ਅਮ੍ਰਿਤ ਅਤੇ ਸ਼ੂਦਰਾਂ ਭਾਵ "ਮੂਲਵਾਸੀਆਂ" ਨੂੰ "ਸੁਰਾ" ਭਾਵ ਸ਼ਰਾਬ ਪਿਆ ਦਿੱਤੀ ਸੀ। 14 ਅਪ੍ਰੈਲ ਨੂੰ ਗੁਰੂ ਜੀ ਨੇ ਉਸੇ ਪ੍ਰਸੰਗ ਨੂੰ ਦੁਹਰਾਇਆ। ਪੂਰੀ ਤਰ੍ਹਾਂ ਸੁਚੇਤ ਤੇ ਮਹਾਂਗਿਆਨੀ ਹੋ ਕੇ ਖੰਡੇ ਨਾਲ ਅਮ੍ਰਿਤ ਰਿੜਕਿਆ ਤੇ ਬ੍ਰਾਹਮਣ ਤੋਂ ਬਿਨ੍ਹਾਂ ਉੱਠੇ ਪੰਜ ਸੂਰਮਿਆਂ ਨੂੰ ਇਕ ਕਤਾਰ ਦੇ ਵਿੱਚ ਸਭ ਦੇ ਸਾਹਮਣੇ ਖੜੇ ਕਰਕੇ ਖੱਤਰੀ ਅਤੇ ਅਛੂਤਾਂ ਨੂੰ ਇਕੋ ਬਾਟੇ ਵਿੱਚ ਬਿਪਰ ਦੀ ਰੀਤ ਤੋੜ ਕੇ, ਪ੍ਰੀਤ ਪੈਦਾ ਕਰਕੇ ਘੁੱਟ- ਘੁੱਟ ਕਰਕੇ ਵਾਰੀ ਫਦਲ-ਬਦਲ ਕੇ ਪਿਆਇਆ। ਬਰਾਬਰੀ ਅਤੇ ਮਨੁੱਖੀ ਪ੍ਰੀਤ ਦਾ ਸਿਧਾਂਤ ਸਭ ਦੇ ਸਾਹਮਣੇ ਮੰਚ ਤੇ ਲਾਗੂ ਕਰ ਦਿੱਤਾ। ਏਥੇ ਇਹ ਤੱਥ ਦੱਸਣਾ ਵੀ ਜਰੂਰੀ ਹੈ ਕਿ ਇਹ ਪੰਜੇ ਬੰਦੇ ਮੂਲਵਾਸੀ ਅਸੁਰਾਂ ਦੀ ਸੰਤਾਨ ਸਨ।

ਗੁਰੂ ਜੀ ਨੇ ਬ੍ਰਾਹਮਣ ਅਤੇ ਉਹਨਾਂ ਵਰਣ ਧਰਮ ਨੂੰ ਉਲੱਦ ਮਾਰਿਆ। ਪੰਜਾਂ ਨੂੰ ਪਹਿਲਾਂ ਅਮ੍ਰਿਤ ਪਿਆਇਆ ਤੇ ਫਿਰ ਗੋਡਿਆਂ ਦੇ ਭਾਰ ਹੋ ਕੇ ਪੰਜ ਸਿੰਘਾਂ ਦਾ ਘੁੱਟ ਘੁੱਟ ਕਰਕੇ ਜੂਠਾ ਕੀਤਾ ਅਮ੍ਰਿਤ ਪੀਤਾ ਤੇ ਇਉਂ ਵਰਣ ਜਾਤ ਦਾ ਸੋਹਿਲਾ ਸਭ ਦੇ ਸਾਹਮਣੇ ਪੜ੍ਹ ਦਿੱਤਾ। ਅਤੇ ਫਾਰਸੀ ਵਿੱਚ ਲਿਖਤ ਰਿਪੋਰਟ ਜੋ (ਭਾਰਤੀ ਲੋਕ ਨੀਚ ਕਿਵੇਂ ਬਣੇ) ਵਿੱਚ ਦਰਜ ਹੈ, ਅਨੁਸਾਰ ਸਿੰਘਾਂ ਜੋ ਬਿਪਰ ਦੀ ਰੀਤ ਤੋਂ ਮੁਕਤ ਹੋ ਕੇ ਖਾਲਸੇ ਹੋ ਗਏ, ਨੂੰ ਬਿਪਰ ਦੀ ਹਰ ਸੰਸਕ੍ਰਿਤੀ ਤੋਂ ਪੱਕੇ ਤੌਰ ਤੇ ਵਰਜ ਦਿੱਤਾ, ਤੇ ਸੰਤ ਸਤਿਗੁਰੂ ਕਬੀਰ ਜੀ ਦਾ ਇਹ ਉਦੇਸ਼ ਕਿ :-

"ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤ ਜਿਹ ਜਾਨੀ।" ਸੰਪੂਰਨ ਕਰਦਿਆਂ

ਸਮਾਜ ਵਿੱਚ ਲਿਆ ਖੜਾ ਕੀਤਾ। ਜਿਸ ਨੂੰ ਬਿਪਰ ਦੀ ਰੀਤ ਨੇ ਅਛੂਤ, ਸ਼ੂਦਰ ਅਤੇ ਅਪਵਿੱਤਰ ਘੋਸ਼ਿਤ ਕੀਤਾ ਹੋਇਆ ਸੀ। ਗੁਰੂ ਨੇ ਉਹਨਾਂ ਨੂੰ ਸਭ ਦੇ ਸਾਹਮਣੇ ਖੜ ਕੇ ਖਾਲਸੇ ਅਤੇ ਪਵਿੱਤਰ ਮਨੁੱਖ ਹੋਣਾ ਐਲਾਨ ਦਿੱਤਾ, ਤੇ ਉਹਨਾਂ ਦੀ ਪਵਿੱਤਰ ਕੀਤੀ ਜੂਠ ਨੂੰ ਖੁਦ ਗੋਡਿਆਂ ਭਾਰ ਹੋ ਕੇ ਪੀ ਕੇ ਸਮਾਜਿਕ ਕ੍ਰਾਂਤੀ ਦਾ ਆਗਾਜ ਕਰ ਦਿੱਤਾ ਤੇ ਅਛੂਤ ਮੁਰਦਿਆਂ ਨੂੰ ਸ਼ੇਰਾਂ ਦੀ ਕੌਮ ਦਾ ਰੁਤਬਾ ਦੇ ਧਰਿਆ। ਨਾਲ ਹੀ ਕਹਿ ਦਿੱਤਾ ਕਿ ਖਾਲਸਾ, ਸਿੰਘ ਤੇ ਸਿੱਖ ਵਰਣ ਜਾਤ ਦੇ ਭਗਵਾਨ ਤੋਂ ਮੁਕਤ ਹੋ ਕੇ ਇਕ ਅਕਾਲਪੁਰਖ ਇਕ ਨਿਰੰਕਕਾਰ ਦੇ ਪੂਜਕ ਰਹਿਣਗੇ।ਭਾਈ ਵੀਰ ਬਣ ਕੇ ਪ੍ਰੇਮ ਵਿਚ ਬੱਧੇ ਬਰਾਬਰੀ ਨਾਲ ਜੁੜ ਕੇ ਕਿਤੇ ਵੀ ਕਿਸੇ ਵੀ ਸਮਾਜਿਕ ਸੱਚੇ ਮਨੋਰਥ ਲਈ ਖੜਨਗੇ ਤਾਂ ਜਿੱਤ ਉਹਨਾਂ ਦੀ ਹੀ ਹੋਵੇਗੀ। ਵਰਣ ਵਿਵਸਥਾ ਦੀ ਰੀਤ ਕਰਕੇ ਉਹ ਸਦਾ ਹਾਰਨਗੇ। ਭਾਵ ਫਤਿਹ ਇਸ ਬਰਾਬਰੀ, ਪ੍ਰੇਮ ਤੇ ਭਾਈਚਾਰੇ ਦੇ ਸੰਗਠਨ ਨਾਲ ਹੋਵੇਗੀ। ਹਰ ਜਿੱਤ ਦੀ ਇਕੋ ਸ਼ਰਤ ਹੋਵੇਗੀ ਕਿ ਬੰਦਾ ਬਿਪਰ ਦੀ ਰੀਤ ਤੋਂ ਮੁਕਤ ਹੋ ਕੇ ਇਕ ਕਰਤਾਰਪੁਰਖ ਨੂੰ ਮੰਨਣ ਵਾਲਾ ਸਭਨਾ ਦਾ ਭਾਈ ਵੀਰ ਬਣ ਕੇ ਖੜੇਗਾ, ਤਾਂ ਉਸ ਦੀ ਜਿੱਤ ਹੋਵੇਗੀ। ਵਰਗਾਂ ਉਹ ਅਰਮਾਨਾਂ ਤੇ ਹਾਰਾਂ ਦਾ ਮੂੰਹ ਵੇਖੇਗਾ, ਸਦਾ ਮਾਰ ਖਾਏਗਾ, ਤੇ ਗੁਰੂ ਵੀ ਉਹਨਾਂ ਦੀ ਕੋਈ ਪੁੱਛ ਪ੍ਰਤੀਤ ਨਹੀ ਕਰਨਗੇ। ਸ਼ਕਲਾਂ ਨਾਲ ਨਹੀਂ ਸਗੋਂ ਰਹਿਣੀ ਨਾਲ ਭਾਵ ਅਮਲ ਨਾਲ ਹੀ ਜਿੱਤਾਂ ਮਿਲਣਗੀਆਂ। ਇਕ ਅਕਾਲਪੁਰਖ ਨਿਰੰਜਣ ਨੂੰ ਮੰਨਣ ਵਾਲੇ ਤੇ ਇਕ ਸਮਾਨ ਹੋ ਬੈਠਣ ਵਾਲੇ ਬ੍ਰਾਹਮਣਵਾਦ ਤੋਂ ਨਿਰਲੇਪ ਤੇ ਮੁਕਤ ਖਾਲਸ ਮਨੁੱਖ ਹੀ ਸਦਾ ਫਤਿਹ ਪਾਉਣਗੇ।



**ਸਤਨਾਮ ਸਿੰਘ ਸਹੂੰਗੜਾ**
**91- 94170-71532**

ਗੁਰੂ ਨੇ ਸਿੱਖਾਂ ਨੂੰ ਕਿਹਾ ਕਿ ਉਹ ਤੁਰੰਤ ਅੱਖਰ ਗਿਆਨ ਸਿੱਖਣਗੇ ਅਤੇ ਪੜਨ ਲੱਗਣਗੇ। ਕੁਝ ਬਾਣੀਆਂ ਦਾ ਪਾਠ ਉਹਨਾਂ ਲਈ ਸੁਣਨਾ ਤੇ ਪਟਨਾ ਲਾਜਮੀ ਹੋਵੇਗਾ। ਜਿਸ ਤੋਂ ਬਗੈਰ ਉਹ ਖਾਲਸਾ ਨਹੀਂ ਰਹਿ ਸਕਣਗੇ। ਕਿਉਕਿ ਬਾਣੀ ਮਨੁੱਖ ਦੀ ਸਿਰਜਣਾ ਦੇ ਇਕ ਪਿਤੱਈ ਵੰਸ਼ ਦਾ ਵਰਣਨ ਹੈ। ਪ੍ਰੇਮ, ਭਾਈਚਾਰੇ, ਮੁਕਤੀ ਤੇ ਆਜ਼ਾਦੀ ਤੇ ਨਿਰਵਾਣ ਦਾ ਵਰਣਨ ਹੈ।ਜਿਸ ਲਈ ਬਾਣੀ ਨੂੰ ਸਮਝਣਾ ਤੇ ਪੜਨਾ ਤੇ ਸਦਾ ਚੇਤੇ ਰੱਖਣਾ ਵੀ ਲਾਜਮੀ ਹੋਵੇਗਾ। ਇਉਂ ਗੁਰੂ ਜੀ ਨੇ ਨੀਚ ਸ਼ੂਦਰ ਮਨੁੱਖਾਂ ਲਈ ਵੀ ਵਿੱਦਿਆ ਦਾ ਮੁੱਢਲਾ ਅਧਿਕਾਰ ਪ੍ਰਦਾਨ ਕੀਤਾ। ਪੜਨ, ਸੁਣਨ ਤੇ ਲਿਖਣ, ਬੋਲਣ ਦਾ ਮਨੁੱਖੀ ਅਧਿਕਾਰ ਪ੍ਰਦਾਨ ਕੀਤਾ ਤੇ ਬਿਪਰ ਦਾ ਹੁਕਮ ਰੱਦ ਕਰ ਮਾਰਿਆ।

ਬਿਪਰ ਦੇ ਜਾਤੀ ਸਿਧਾਂਤ ਨੇ ਭਾਰਤੀ ਵਿਅਕਤੀ ਨੂੰ ਹਥਿਆਰ ਚੁੱਕਣ ਦੀ ਪੱਕੀ ਮਨਾਹੀ ਕੀਤੀ ਹੋਈ ਸੀ ਤੇ ਹਥਿਆਰ ਕੇਵਲ ਬਿਪਰ ਦੀ ਸੁਰੱਖਿਆ ਲਈ ਕਸ਼ੱਤਰੀ ਨੂੰ ਫੜਾ ਦਿੱਤੇ ਸਨ। ਗੁਰੂ ਜੀ ਨੇ ਖੱਤਰੀ ਜਾਤ ਚੋਂ ਹੋ ਕੇ ਹਥਿਆਰਾਂ ਦੇ ਰੱਖਣ ਤੇ ਵਰਤਣ ਦੀ ਪੂਰੀ ਖੁੱਲ੍ਹ ਆਪਣੇ ਸਿੰਘਾਂ ਨੂੰ ਦਿੱਤੀ। ਅਛੂਤ ਵੀ ਕਿਰਪਾਨਾਂ, ਬਰਛੇ, ਤੀਰ ਕਮਾਨ, ਖੰਜਰ, ਬੰਦੂਕਾਂ, ਤੋੜੇ, ਨਾਗਣੀਆਂ, ਖੰਡਾ ਸਮੇਤ ਹਰ ਹਥਿਆਰ ਨਾਲ ਲੈ ਕੇ ਤੁਰਨ ਦੇ ਅਧਿਕਾਰੀ ਹੋ ਗਏ। ਪ੍ਰੀਤ ਦੀ ,ਸੱਚ ਦੀ ਰਾਖੀ ਲਈ, ਨੇਕੀ ਲਈ। ਤਲਵਾਰ ਦਾ ਨਾਮ ਵੀ ਕਿਰਪਾਨ ਬਣ ਗਿਆ। ਕਿ ਮਨੁੱਖੀ ਆਨ ਸ਼ਾਨ ਲਈ ਦੁਸ਼ਟਾਂ ਨੂੰ ਖਤਮ ਕਰਨ ਦੀ ਕਿਰਪਾ ਕਰਨ ਵਾਲਾ ਹਥਿਆਰ।

ਗੁਰੂ ਜੀ ਨੇ ਅਛੂਤ ਸਿੰਘਾਂ ਨੂੰ ਸਰਬਲੋਹ ਦੇ ਬਰਤਨਾਂ ਦਾ ਅਧਿਕਾਰ ਦਿੱਤਾ। ਹਰ ਭਾਂਡਾ ਉਹਨਾਂ ਲਈ ਅਧਿਕਾਰ ਬਣ ਗਿਆ। ਖਾਣ ਲਈ ਦੇਗ ਭਾਵ ਤਿੰਨ ਮੇਲ ਦਾ ਪੌਸ਼ਟਿਕ ਤੇ ਨਿੱਗਰ ਭੋਜਨ ਭਾਵ ਆਟਾ, ਗੁੜ ਅਤੇ ਘਿਉ ਊਰਜਾ ਭਰਿਆ ਭੋਜਨ ਦਿੱਤਾ। ਉਹ ਵੇਲ੍ਹੇ ਵਧੀਆ ਬਰਤਨਾਂ ਵਿੱਚ ਜਿਹਨਾਂ ਨੂੰ ਮਾਂਜਣਾ, ਸੰਵਾਰਨਾ ਵੀ ਜਰੂਰੀ ਸੀ ਤੇ ਜਿਹਨਾਂ ਵਿੱਚੋਂ ਖਣਿਜ ਘੁਲ ਕੇ ਸ਼ਰੀਰਾਂ ਨੂੰ ਮਿਲਦੇ ਸਨ। ਅਮ੍ਰਿਤ ਛੱਕਣ ਤੋਂ ਪਹਿਲਾਂ ਸ਼ੂਦਰਾਂ ਨੂੰ ਛੱਪੜਾਂ ਵਿੱਚੋਂ ਵੀ ਪਾਣੀ ਪੀਣ ਦੀ ਪੂਰੀ ਤਰ੍ਹਾਂ ਨਾਲ ਮਨਾਹੀ ਸੀ। ਪਰ ਗੁਰੂ ਜੀ ਨੇ ਆਪਣੇ ਸਿੱਖਾਂ, ਸਿੰਘਾਂ ਨੂੰ ਹਰ ਦਿਨ ਇਸ਼ਨਾਨ ਕਰਨ ਅਤੇ ਫਿਰ ਬਾਣੀ ਪਾਠ ਕਰਨ ਦਾ ਵੀ ਅਧਿਕਾਰ ਦਿੱਤਾ। ਇਕ ਸੰਗਤ ਵਿੱਚ ਜੁੜਨ, ਇਕ ਥਾਂ ਲੰਗਰ ਬਣਾਉਣ ਅਤੇ ਇਕ ਥਾਂ ਬੈਠ ਕੇ ਬਰਾਬਰ ਲੰਗਰ ਛੱਕਣ ਦਾ ਅਧਿਕਾਰ ਦੇ ਕੇ ਗੁਰੂ ਜੀ ਨੇ ਵਰਣ ਵਿਵਸਥਾ ਦਾ ਭਾਂਡਾ ਮੂਧਾ ਮਾਰ ਦਿੱਤਾ। ਇਹ ਸਾਰੀ ਦੀ ਸਾਰੀ ਕ੍ਰਾਂਤੀ 14 ਅਪ੍ਰੈਲ ਨੂੰ ਵਰਤੀ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿੱਚ ਇਕ ਦੂਜੇ ਦਾ ਜੂਠਾ ਅਮ੍ਰਿਤ ਪਿਆ ਕੇ ਤੇ ਫਿਰ ਉਸੇ ਜੂਠੇ ਅਮ੍ਰਿਤ ਨੂੰ ਖੁਦ ਨੀਵਾਂ ਹੋ ਕੇ ਪੀ ਕੇ ਭਿਟੇਵੱਢ ਚੜਨ ਦੇ ਸਿਧਾਂਤ ਦੀਆਂ ਧੱਜੀਆਂ ਉਡਾ ਦਿੱਤੀਆਂ।

ਬਿਪਰਵਾਦੀਆਂ ਦਾ ਹੁਕਮ ਸੀ ਕਿ ਕੋਈ ਵੀ ਸ਼ੂਦਰ, ਕੁੱਤੇ, ਗਧੇ ਅਤੇ ਸੂਰਜ ਹੀ ਰੱਖ ਸਕਦਾ ਹੈ। ਗੁਰੂ ਜੀ ਨੇ ਕਿਹਾ ਕਿ ਮੇਰਾ ਖਾਲਸਾ ਹਥਿਆਰ ਪਾ ਕੇ ਘੋੜਿਆਂ ਉਤੇ ਚੱਲੇਗਾ। ਬ੍ਰਾਹਮਣਾਂ ਦੇ ਸਿਧਾਂਤ ਨੇ ਸ਼ੂਦਰਾਂ ਨੂੰ ਕਾਂ ਦੇ ਖੰਭ ਲਾ ਕੇ ,ਕੇਵਲ ਲੱਕ ਦੁਆਲੇ, ਮੰਗਿਆ ਮਿਲਿਆ ਲੀੜਾ ਬੰਨ੍ਹ ਕੇ , ਨੰਗੇ ਪੈਰੀ ਬਿਨ੍ਹਾਂ ਸੋਟੀ ਤੌ "ਅਛੂਤ ਆ ਰਿਹਾ, ਅਛੂਤ ਆ ਰਿਹਾ" ਦੀਆਂ ਬੰਦਿਸ਼ਾਂ ਅਧੀਨ ਤੁਰਨ ਜੋਗਾ ਰੱਖਿਆ ਸੀ। ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਮੇਰਾ ਸਿੰਘ ਸਿਰ ਤੇ ਦਸਤਾਰ ਬੰਨ੍ਹੇਗਾ, ਦਸਤਾਰ ਵਿੱਚ ਕੋਈ ਖੰਭ ਨਹੀਂ, ਸਿਰਫ ਕਲਗੀ ਸਜਾਏਗਾ। ਗਲੇ ਤੋਂ ਪੈਰਾਂ ਤੱਕ ਬਸਤਰ ਪਾਏਗਾ। ਲੱਕ ਨਾਲ ਹਰ ਵਕਤ ਕਿਰਪਾਨ ਲਟਕਦੀ ਰਹੇਗੀ।ਪੈਰਾਂ ਵਿੱਚ ਜੋੜੇ ਪਾਉਣਾ ਜਰੂਰੀ ਹੋਵੇਗਾ। ਉਹ ਕੋਈ ਵੀ ਧੋਤੀ ਨਹੀ ਪਹਿਨੇਗਾ। ਲਾਂਗੜ ਨਹੀਂ ਮਾਰੇਗਾ। ਉਸਨੇ ਕੱਪੜੇ ਦਾ ਖੁੱਲਾ ਕਛਹਿਰਾ ਪਹਿਨੇਗਾ, ਜੋ ਕੱਛਹਿਰੇ ਅਤੇ ਪਜਾਮੇ ਦਾ ਸਾਰਥਕ ਰੂਪ ਹੀ ਹੋਵੇਗਾ। ਉਹ ਇਕ ਲੱਤ ਵਿੱਚ ਕਛਹਿਰਾ ਪਹਿਨ ਕੇ ਫਿਰ ਦੂਸਰੀ ਲੱਤ ਵਿਚੋਂ ਉਤਾਰੇਗਾ। ਇਸ਼ਨਾਨ ਸਮੇਂ ਰੋਜਾਨਾ ਕਛਹਿਰਾ ਵੀ ਧੋਵੇਗਾ।

ਸ਼ੂਦਰ ਲੋਕਾਂ ਲਈ ਦੇਗਾ, ਰੋਟੀ, ਦਾਲ, ਭਾਜੀ ਸਭ ਕੁਝ ਪ੍ਰਸ਼ਾਦ ਅਤੇ ਪ੍ਰਸ਼ਾਦੇ ਹੋ ਗਿਆ। ਪ੍ਰਸ਼ਾਦ ਦਾ ਅਰਥ ਹੈ ਕਿਰਪਾ, ਦਇਆ, ਮੇਹਰ ਜੋ ਸਦੀਆਂ ਤੋਂ ਬਿਪਰ ਨੇ ਸ਼ੂਦਰ ਲਈ ਵਰਜ ਰੱਖੀ ਸੀ। ਸ਼ੂਦਰ ਤੋਂ ਜੋ ਕੁੱਝ ਵੀ ਖੋਹਿਆ ਗਿਆ ਸੀ। ਉਸ ਦਾ ਅਧਿਕਾਰ ਮਿਲ ਜਾਣ ਤੇ ਜਿੱਥੇ ਦਇਆ ਦਾ ਦੌਰ ਸ਼ੁਰੂ ਹੋਇਆ ਉਥੇ ਸਦੀਆਂ ਦਾ ਭੁੱਖਾ ਖਾ ਪੀ ਕੇ ਤੰਦਰੁਸਤ ਹੋ ਕੇ, ਜੁਲਮ ਅਤੇ ਜਾਲਮ ਵਿਰੁੱਧ ਹਥਿਆਰ ਫੜ ਕੇ ਘੋੜੇ ਤੇ ਚੜ੍ਹ ਕੇ ਦਹਾੜਨ ਲੱਗਾ, ਸਿੰਘ ਰੂਪ ਹੋ ਗਿਆ। ਕਿਸੇ ਦੇ ਜਨਮ ਲੈਣ ਤੋਂ ਬਾਅਦ ਪੱਕਾ ਧਰਮੀ ਹਿੰਦੂ ਬਣਾਉਣ ਲਈ ਬਿਪਰਵਾਦੀਆਂ ਨੇ ਮੁੰਡਨ ਦੀ ਸ਼ਰਤ ਰੱਖੀ ਹੋਈ ਸੀ, ਸਮੇਤ ਬੋਦੀ। ਗੁਰੂ ਜੀ ਨੇ ਇਉਂ ਹਿੰਦੂ ਸੰਸਕ੍ਰਿਤੀ ਤੋੜ ਦਿੱਤੀ ਤੇ ਕਿਹਾ ਕਿ ਮੇਰਾ ਸਿੱਖ ਪੂਰੇ ਕੇਸ ਰੱਖੇਗਾ। ਕੋਈ ਵੀ ਰੋਮ ਨਹੀਂ ਕੱਟੇਗਾ।ਬੋਦੀ ਦੀ ਥਾਂ ਤੇ ਪੂਰਾ ਜੂੜਾ ਹੋਵੇਗਾ। ਕੇਸਾਂ ਨੂੰ ਹਰ ਦਿਨ ਸਾਫ ਕਰਨ ਲਈ ਵਾਲਾਂ ਵਿੱਚ ਇਕ ਕੰਘਾ ਰੱਖਣਾ ਵੀ ਲਾਜਮੀ ਹੋਵੇਗਾ। ਸਿੰਘ ਕਦੀ ਵੀ ਦਾੜੀ ਨਹੀਂ ਕੱਟੇਗਾ। ਇਹ ਸਭ ਬਿਪਰ ਦੇ ਧਰਮ ਦੇ ਖਿਲਾਫ ਨਿਰੋਲ ਖਾਲਸਾ ਧਰਮੋਂ-ਸਮਾਜੀ ਕ੍ਰਾਂਤੀ ਸੀ ਜੋ 14 ਅਪ੍ਰੈਲ ਨੂੰ ਵਰਤੀ।

ਬਿਪਰਵਾਦੀਆਂ ਨੇ ਭਾਰਤ ਵਿੱਚ ਵੱਸਦੇ ਸਾਰੇ ਭਾਰਤੀਆਂ ਨੂੰ ਧੱਕੇ ਨਾਲ ਹਿੰਦੂ ਗਰਦਾਨ ਰੱਖਿਆ ਸੀ ਤੇ ਹਿੰਦੂ ਘਰਾਂ ਵਿੱਚ ਜਦੋਂ ਚੂੜੀਆਂ ਛਣਕਦੀਆਂ ਸੀ ਤਾਂ ਹਰ ਐਰ ਗੈਰ ਬੰਦਾ ਔਰਤਾਂ ਦੀ ਪਛਾਣ ਕਰ ਲੈਂਦਾ ਸੀ।ਇਉਂ ਜਬਰ ਨੂੰ ਖੁੱਲ ਮਿਲਦੀ ਸੀ। ਗੁਰੂ ਜੀ ਨੇ ਮਰਦਾਂ ਅਤੇ ਔਰਤਾਂ ਦੋਹਾਂ ਨੂੰ ਸਰਬਲੋਹ ਦੇ ਕੜੇ ਪਾਉਣ ਦਾ ਹੁਕਮ ਦਿੱਤਾ। ਸੁਰੱਖਿਅਤ ਹਥਿਆਰ ਵਜੋਂ ਵੀ ਤੇ ਔਰਤਾਂ ਨੂੰ ਮਰਦ ਬਣਾਉਣ ਲਈ ਵੀ ਗੁਰੂ ਜੀ ਨੇ ਇਹੋ ਸਾਰੇ ਨਿਯਮ ਮਰਦ ਅਤੇ ਔਰਤ ਦੋਹਾਂ ਤੇ ਬਰਾਬਰ ਲਾਗੂ ਕੀਤੇ।ਔਰਤਾਂ ਨੂੰ ਕੌਰ ਭਾਵ ਸਿੰਘਣੀ ਭਾਵ ਸ਼ੇਰਨੀ ਦਾ ਰੁਤਬਾ ਪ੍ਰਦਾਨ ਕੀਤਾ।ਕੜਾ ਚੂੜੀਆਂ ਦਾ ਬਦਲ ਸੀ ਅਤੇ ਇਕ ਅਜਿਹਾ ਹਥਿਆਰ ਵੀ ਸੀ ਜੋ ਲੋਹੇ ਦਾ ਹਰ ਹਥਿਆਰ ਜਾਣ ਤੋਂ ਬਾਅਦ ਵੀ ਬੰਦੇ ਕੋਲ ਬਣਿਆ ਰਹਿੰਦਾ ਸੀ।

ਬਿਪਰਵਾਦੀਆਂ ਦੇ ਬਣਾਏ ਅਸੂਲਾਂ ਮੁਤਾਬਕ ਇਕ ਜਾਤ ਦਾ ਦੂਜੀ ਜਾਤ ਨਾਲ ਛੂਹ ਜਾਣਾ ਵੀ ਪਾਪ ਸੀ। ਅਪਵਿੱਤਰਤਾ ਪੈਦਾ ਕਰਨ ਵਾਲਾ ਹੈ। ਗੁਰੂ ਜੀ ਨੇ ਕਿਹਾ ਕਿ ਉਸਦੇ ਸਿੰਘ ਸਭ ਨੂੰ ਫਤਿਹ ਬੁਲਾਉਣਗੇ। ਸਦਾ ਜਿੱਤ ਭਾਵ ਉਹ ਫਤਿਹ ਦਾ ਨਾਅਰਾ ਲਾਉਣਗੇ, ਤੇ ਨਾਲ ਹੀ ਜੇ ਠੀਕ ਲੱਗੇ ਤਾਂ ਸਾਰੇ ਇਕ ਦੂਜੇ ਦੇ ਹੱਥਾਂ ਨੂੰ ਫੜ ਕੇ ਫਤਿਹ ਕਹਿ ਸਕਣਗੇ। ਇਉਂ ਉਹਨਾਂ ਦੀ ਭਿੱਟ ਖਤਮ ਹੋ ਜਾਵੇਗੀ। ਗੱਜ ਕੇ ਫਤਿਹ ਬੁਲਾਉਣ ਨਾਲ ਹਾਰ ਦੀ ਭਾਵਨਾ ਵੀ ਮਰੇਗੀ ਤੇ ਬਿਪਰ ਦੀ ਰੀਤ ਵੀ ਦਮ ਤੋੜ ਜਾਵੇਗੀ।

ਨਤੀਜਾ ਇਹ ਨਿਕਲਿਆ ਕਿ ਅਛੂਤ ਜਾਤੀ ਦੇ ਸਿੰਘ ਹਾਥੀ ਘੋੜਿਆਂ ਦੀ ਸਵਾਰੀ ਕਰਨ ਲੱਗੇ। ਜੱਥੇਦਾਰ ਬਣੇ, ਸਰਦਾਰ ਬਣੇ, ਜਰਨੈਲ ਵੀ ਬਣੇ ਤੇ ਹੁਕਮਨਾਮੇ ਵੀ ਜਾਰੀ ਕਰਨ ਲੱਗੇ। ਭਾਈ ਵੀਰ ਸਿੰਘ ਮਜ੍ਹਬੀ ਸੂਬਾ ਸਰਹੰਦ ਦਾ ਪਹਿਲਾ ਸੂਬੇਦਾਰ ਬਣਿਆ। ਇਹੀ ਉਹ ਕਾਰਨ ਸਨ ਜਿਹਨਾਂ ਕਰਕੇ ਵੱਡੀਆਂ ਜਾਤਾਂ ਦੇ ਲੋਕਾਂ ਤੇ ਖਾਸ ਕਰਕੇ ਫਿਕਰਾਂ ਨੇ ਸ਼ੁਰੂ ਤੋਂ ਹੀ ਗੁਰੂ ਜੀ ਨਾਲ ਧੋਖਾ ਕਰਨਾ ਜਾਰੀ ਰੱਖਿਆ। ਸ਼੍ਰੀ ਆਨੰਦਪੁਰ ਸਾਹਿਬ ਤੋਂ ਲੈ ਕੇ ਸ਼੍ਰੀ ਦਮਦਮਾ ਸਾਹਿਬ ਤੱਕ ਉੱਚੀਆਂ ਜਾਤੀਆਂ ਦੀਆਂ ਗੱਦਾਰੀਆਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ। ਅਛੂਤ ਸ਼ੂਦਰਾਂ ਨੇ ਸਿੱਖੀ ਪ੍ਰੀਤ ਦੇ ਸਿਧਾਂਤ ਨੂੰ ਆਪਣੇ ਖੂਨ ਨਾਲ ਸਿੰਜਿਆ ਤੇ ਕਦੇ ਵੀ ਗੁਰੂਆਂ ਨਾਲ ਕੋਈ ਗੱਦਾਰੀ ਨਹੀਂ ਕੀਤੀ। ਕਿਉਂਕਿ 14 ਅਪ੍ਰੈਲ ਨੂੰ ਗੁਰੂ ਜੀ ਨੇ ਸ਼ੂਦਰਾਂ ਨੂੰ ਵੀ ਸ਼੍ਰੀ ਆਨੰਦਪੁਰ ਸਾਹਿਬ ਦੀ ਧਰਤੀ ਕੇਸਗੜ੍ਹ ਸਾਹਿਬ ਵਿਖੇ ਉਹ ਮਨੁੱਖੀ ਅਧਿਕਾਰ ਅਤੇ ਸ਼ਕਤੀਆਂ ਪ੍ਰਦਾਨ ਕੀਤੀਆਂ। ਜਿਹਨਾਂ ਦਾ ਵਰਣਨ ਅਸੀਂ ਕੀਤਾ ਹੈ। ਬਿਪਰਵਾਦੀ ਜਾਂ ਉੱਚੀ ਕੁੱਲ ਦੇ ਹਿੰਦੂ ਹੋਣ ਲਈ ਜਨੇਊ ਜਰੂਰੀ ਸੀ। ਗੁਰੂ ਜੀ ਨੇ ਆਪਣੇ ਸ਼ੂਦਰਾਂ ਤੋਂ ਨਵੇਂ ਸਜਾਏ ਖਾਲਸਿਆਂ ਲਈ ਗਾਤਰਾ ਤੇ ਉਸ ਵਿੱਚ ਕਿਰਪਾਨ ਸਜਾ ਦਿੱਤੀ। ਅੱਜ ਭਾਰਤ ਦੇ ਹਿੰਦੂ ਲੋਕ ਸਿੱਖਾਂ ਦੀਆਂ ਮੂਰਖਤਾਵਾਂ ਕਾਰਨ ਥਾਂ-ਥਾਂ ਉਹਨਾਂ ਨੂੰ ਉਜੱਡ ਬਣਾ ਕੇ ਪੇਸ਼ ਕਰਦੇ ਹਨ। ਕਿਉਂਕਿ ਅੱਜ ਤੱਕ ਅਸੀਂ ਸਿੰਘ ਖਾਲਸੇ ਦੇ ਸਮੁੱਚੇ ਸੰਕਲਪ ਨੂੰ ਅਤੇ ਉਸਦੇ ਸਿਰਜਕ ਗੁਰੂ ਗੋਬਿੰਦ ਸਿੰਘ ਨੂੰ ਦੁਨੀਆਂ ਭਰ ਦੀ ਉੱਤਮ ਅਤੇ ਸਿਆਣਪਾਂ ਨਾਲ ਲੱਦੀ ਵਿਚਾਰਧਾਰਾ ਦੇ ਪ੍ਰਸੰਗ ਵਿੱਚ ਪੇਸ਼ ਹੀ ਨਹੀਂ ਕਰ ਸਕੇ। ਕਿਉਂਕਿ ਧਰਮ ਉਤੇ ਕਬਜਾ ਉਹਨਾਂ ਬਿਪਰਵਾਦੀਆਂ ਦਾ ਹੋ ਗਿਆ। ਜਿਹਨਾਂ ਦੇ ਪੁਰਖਿਆਂ ਨੇ ਗੁਰੂ ਗਰ ਨਾਲ ਰੱਜ ਕੇ ਗੱਦਾਰੀਆਂ ਕੀਤੀਆਂ, ਦੁਸ਼ਮਣੀਆਂ ਕੀਤੀਆਂ ਤੇ ਹਮਲੇ ਕਰਵਾਏ। ਸਗੋਂ ਅਸੀਂ ਵੀ ਬਿਪਰਾਂ ਦੀ ਰੀਸ ਕਰਦਿਆਂ ਗੁਰੂ ਜੀ ਦੇ ਮੂਲ ਸੰਕਲਪ ਨੂੰ ਕਰੂਪ, ਬਦਸੂਰਤ ਬਣਾ ਕੇ ਰੱਖ ਦਿੱਤਾ। ਹਰ ਗੱਲ, ਹਰ ਉਪਦੇਸ਼ ਬਹੁਤ ਹੀ ਸਾਫ ਤੇ ਸੁਥਰਾ ਸੀ। ਅੱਜ ਵੀ ਹੈ ਪਰ ਅਸੀਂ ਸਦੀਆਂ ਭਰ ਦੇ ਮੂਰਖ ਲੋਕਾਂ ਨੇ ਖੇਹ ਗੁਬਾਰ ਹੀ ਐਨਾ ਉਡਾ ਦਿੱਤਾ ਕਿ ਕਿਸੇ ਲਈ ਸੱਚ ਦੀ ਪਛਾਣ ਕਰਨੀ ਵੀ ਔਖੀ ਹੋ ਗਈ ਹੈ। ਸਿੱਟੇ ਵਜੋਂ ਸ਼ੂਦਰ ਨਿਮਨ ਜਾਤੀਆਂ ਦੇ ਸਿਆਣੇ ਹੀਰੇ ਵਰਗਾ ਧਰਮ ਛੱਡ ਕੇ ਫਜ਼ੂਲ ਧਰਮ ਕਰਮ ਵੱਲ ਨੂੰ ਦੌੜ ਗਏ ਹਨ। ਬਾਕੀ ਬਚੇ ਅੱਖਾਂ ਤੇ ਸਿਰ ਨੂੰ ਬੰਦ ਕਰਕੇ ਪੂਜਾ ਕਰਨ ਵਾਲੇ ਤੇ ਨਰਕ ਤੋਂ ਡਰਦੇ ਸੁਰਗ ਭਾਲਣ ਵਾਲੇ ਬਣ ਗਏ ਹਨ।

# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ ਦਾ ਆਯੋਜਨ

## ਵੱਖ ਸੂਬਿਆਂ ਤੋਂ 300 ਤੋਂ ਵੱਧ ਡੈਲੀਗੇਟਾਂ ਅਤੇ ਵਿਦਿਆਰਥੀ ਨੇ ਕੀਤੀ ਸ਼ਮੂਲੀਅਤ

**ਬੰਗਾ, 9 ਅਪਰੈਲ–** ਦੁਆਬੇ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਸਾਲ 2022 ਵਿਚ ਸਥਾਪਿਤ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ 2023 ਦਾ ਆਯੋਜਿਨ ਕੀਤਾ ਗਿਆ। ਇਸ ਦਾ ਉਦਘਾਟਨ ਸ. ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸ਼ਮਾਂ ਰੋਸ਼ਨ ਕਰਕੇ ਕੀਤਾ ਅਤੇ ਉਹਨਾਂ ਦਾ ਸਹਿਯੋਗ ਸ. ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ.ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਡਾ. ਐਸ ਐਸ ਗਿੱਲ ਡਾਇਰੈਕਟਰ ਮੈਡੀਕਲ ਐਜੂਕੇਸ਼ਨਲ ਅਤੇ ਸਾਬਕਾ ਵਾਈਸ ਚਾਂਸਲਰ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਇੰਜੀ: ਵਰਿੰਦਰ ਸਿੰਘ ਬਰਾੜ ਐਚ ਆਰ ਐਡਮਿਨ ਤੇ ਕਨਵੀਨਰ, ਸ੍ਰੀ ਰਾਜਦੀਪ ਥਿਥਵਾੜ ਪ੍ਰਮੁੱਖ ਸਲਾਹਕਾਰ ਅਧਿਆਪਕ ਅਤੇ ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਨੇ ਦਿੱਤਾ।

ਇਸ ਉਪਰੰਤ ਸ. ਹਰਦੇਵ ਸਿੰਘ ਕਾਹਮਾ ਪ੍ਰਧਾਨ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਭਾਰਤ ਦੇ ਵੱਖ ਸੂਬਿਆਂ ਤੋਂ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਪੁੱਜੇ 300 ਤੋਂ ਵੱਧ ਵੱਖ-ਵੱਖ ਵਿਸ਼ਾ ਮਾਹਿਰਾਂ, ਡੈਲੀਗੇਟਾਂ, ਪੈਰਾ ਮੈਡੀਕਲ ਅਤੇ ਹੈਲਥ ਕੇਅਰ ਵਰਕਰਾਂ ਅਤੇ ਪੈਰਾ ਮੈਡੀਕਲ ਵਿਦਿਆਰਥੀ ਨੂੰ ਨਿੱਘਾ ਜੀ ਆਇਆਂ ਕਹਿੰਦੇ ਹੋਏ ਮੁੱਖ ਭਾਸ਼ਣ ਦਿੱਤਾ। ਸ. ਕਾਹਮਾ ਨੇ ਪੈਰਾ ਮੈਡੀਕਲ ਸਿੱਖਿਆ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਪੈਰਾ ਮੈਡੀਕਲ ਖੇਤਰ ਲੋਕਾਂ ਨੂੰ ਤੰਦਰੁਸਤ ਰੱਖਣ ਵਿਚ ਆਪਣਾ ਅਹਿਮ ਯੋਗਦਾਨ ਪਾ ਰਿਹਾ ਹੈ। ਉਹਨਾਂ ਨੇ ਪੈਰਾ ਮੈਡੀਕਲ ਦੇ ਪ੍ਰਚਾਰ ਅਤੇ ਪਸਾਰ ਕਰਨ ਲਈ ਹੋਰ ਵੀ ਉਦਮ ਕਰਨ 'ਤੇ ਜ਼ੋਰ ਦਿੱਤਾ ਅਤੇ ਭਵਿੱਖ ਵਿਚ ਢਾਹਾਂ ਕਲੇਰਾਂ ਵਿਖੇ ਨੈਸ਼ਨਲ ਲੈਵਲ ਪੈਰਾਮੈਡਿਕ ਮੀਟਾਂ ਕਰਵਾਉਣ ਸਬੰਧੀ ਵੀ ਉਤਸ਼ਾਹਿਤ ਕੀਤਾ।

ਪੈਰਾਮੈਡਿਕ ਮੀਟ 2023 ਦੇ ਸਵੇਰ ਦੇ ਪਹਿਲੇ ਸੈਸ਼ਨ ਵਿਚ ਮੁੱਖ ਬੁਲਾਰਿਆਂ ਡਾ. ਵਿਕਾਸ ਤਿਵਾੜੀ ਪ੍ਰੋਫੈਸਰ ਅਰੋਗਿਅਮ ਮੈਡੀਕਲ ਕਾਲਜ ਰੁੜਕੀ ਯੂ.ਕੇ, ਡਾ. ਜੈਸ਼ਿਰੀ ਕਰੰਨਵਾਲ ਤਿਵਾੜੀ ਪ੍ਰੋਫੈਸਰ ਅਰੋਗਿਅਮ ਮੈਡੀਕਲ ਕਾਲਜ



ਰੁੜਕੀ, ਡਾ. ਸੌਰਭ ਗੁਪਤਾ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ, ਮੈਡਮ ਭਾਵਨਾ ਸੋਲੰਕੀ ਸੰਤੋਸ਼ ਮੈਡੀਕਲ ਕਾਲਜ ਗਾਜ਼ੀਆਬਾਦ ਉੱਤਰ ਪ੍ਰਦੇਸ਼, ਮੈਡਮ ਪਿਊਸ਼ੀ ਯਾਦਵ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਅਤੇ ਸ੍ਰੀ ਅਬਦੁੱਲ ਵਾਜਿਦ ਭੱਟ ਜੀ ਐਨ ਏ ਯੂਨੀਵਰਸਿਟੀ ਫਗਵਾੜਾ ਪੰਜਾਬ ਨੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਸ਼ਿਆਂ 'ਤੇ ਸੰਬੋਧਨ ਕੀਤਾ ਅਤੇ ਉਹਨਾਂ ਨਾਲ ਸਿੱਧੀ ਗੱਲਬਾਤ ਕੀਤੀ।

ਇਸ ਮੌਕੇ ਡਾ. ਐਸ. ਐਸ. ਗਿੱਲ ਡਾਇਰੈਕਟਰ ਮੈਡੀਕਲ ਐਜੂਕੇਸ਼ਨਲ ਅਤੇ ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ ਨੇ ਦਿਨੋ-ਦਿਨ ਆ-ਧੁਨਿਕ ਹੋ ਰਹੀਆਂ ਪੈਰਾ ਮੈਡੀਕਲ ਸੇਵਾਵਾਂ ਕਰਕੇ ਵੱਧ ਰਹੀਆਂ ਚੁਨੌਤੀਆਂ ਅਤੇ ਹੋ ਰਹੀਆਂ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਇੰਜੀ: ਵਰਿੰਦਰ ਸਿੰਘ ਬਰਾੜ ਐਚ ਆਰ ਐਡਮਿਨ ਨੇ ਸਿਹਤ ਸੇਵਾਵਾਂ ਦੇ ਵੱਖ-ਵੱਖ ਖੇਤਰਾਂ ਵਿਚ ਪੈਰਾ ਮੈਡੀਕਲ ਵਿਦਿਆਰਥੀ ਦੇ ਸਨਿਹਰੀ ਭਵਿੱਖ ਅਤੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਵਿਖੇ ਚੱਲਦੇ ਡਿਗਰੀ ਕੋਰਸਾਂ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ ਅਤੇ ਡਾ. ਦੀਪਕ ਦੁੱਗਲ (ਐਨੇਥੀਸੀਆ ਸਲਾਹਕਾਰ) ਨੇ ਪੈਰਾਮੈਡਿਕ ਮੀਟ 2023 ਦੀਆਂ ਵੱਖ ਵੱਖ ਪ੍ਰਤੀਯੋਗਤਾਵਾਂ ਤੇ ਜੇਤੂਆਂ, ਹੋਣਹਾਰ ਵਿਦਿਆਰਥੀ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ। ਸ੍ਰੀ ਰਾਜਦੀਪ ਥਿਥਵਾੜ ਪ੍ਰਮੁੱਖ ਸਲਾਹਕਾਰ ਅਧਿਆਪਕ ਨੇ ਗੁਰੂ ਨਾਨਕ ਪੈਰਾ ਮੈਡੀਕਲ ਢਾਹਾਂ ਕਲੇਰਾਂ ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ 2023 ਵਿਚ ਸ਼ਾਮਿਲ ਮੁੱਖ ਮਹਿਮਾਨ, ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਸ਼ਖਸੀਅਤਾਂ, ਵਿਸ਼ਾ ਮਾਹਿਰਾਂ, ਡੈਲੀਗੇਟਾਂ, ਹੈਲਥ ਕੇਅਰ ਵਰਕਰਾਂ ਅਤੇ ਪੈਰਾ ਮੈਡੀਕਲ ਵਿਦਿਆਰਥੀ ਦਾ ਧੰਨ-ਵਾਦ ਕੀਤਾ। ਇਹ ਪਹਿਲੀ ਨੈਸ਼ਨਲ ਲੇਵਲ ਪੈਰਾਮੈਡਿਕ ਮੀਟ 2023 ਦੁਬਾਰਾ ਫਿਰ ਢਾਹਾਂ ਕਲੇਰਾਂ ਵਿਖੇ ਨੈਸ਼ਨਲ ਲੇਵਲ ਪੈਰਾਮੈਡਿਕ ਮੀਟ-2024 ਆਯੋਜਿਤ ਕਰਨ ਦੇ ਐਲਾਨ ਨਾਲ ਸੰਪਨ ਹੋਈ।

ਇਸ ਮੌਕੇ ਹੋਏ ਵੱਖ ਵੱਖ ਸੈਸ਼ਨਾਂ ਵਿਚ ਡੈਲੀਗੇਟਾਂ ਨੇ ਸਕਿੱਟਾਂ, ਪੰਜਾਬੀ ਲੋਕ ਨਾਚਾਂ ਦੇ ਨਾਲ-ਨਾਲ ਅਕਾਦਮਿਕ ਗਤੀਵਿਧੀਆਂ ਜਿਵੇਂ ਈ ਪੋਸਟਰ ਮੁਕਾਬਲਾ, ਵਰਕਿੰਗ ਮਾਡਲ ਪੇਸ਼ਕਾਰੀ ਦਾ ਆਨੰਦ ਲਿਆ। ਪਹਿਲੀ ਨੈਸ਼ਨਲ ਲੈਵਲ ਪੈਰਾਮੈਡਿਕ ਮੀਟ 2023 ਵਿਚ ਪੈਰਾ ਮੈਡੀਕਲ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੇਸ਼ ਸਭਿਆਚਾਰਕ ਪੇਸ਼ਕਾਰੀਆਂ ਨੇ ਤਾਂ ਸਭ ਸਰੋਤਿਆਂ ਦਾ ਮਨ ਮੋਹ ਲਿਆ।

ਇਸ ਮੌਕੇ ਸ੍ਰੀ ਮਲਕੀਅਤ ਸਿੰਘ ਬਾਹੜੋਵਾਲ ਮੀਤ ਪ੍ਰਧਾਨ, ਸ. ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ.ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਡਾ. ਬਲਵਿੰਦਰ ਸਿੰਘ ਡੀ ਐਮ ਸੀ, ਡਾ. ਜੁਗਬਦਲ ਸਿੰਘ ਨਨੂੰਆਂ, ਡਾ. ਜਸਦੀਪ ਸਿੰਘ ਸੈਣੀ, ਡਾ. ਨਵਜੋਤ ਸਿੰਘ ਸਹੋਤਾ, ਡਾ. ਦੀਪਕ ਦੁੱਗਲ, ਡਾ. ਅੰਕਿਤ ਰੇਖੀ, ਡਾ. ਆਰ ਕੇ ਅਮਨਦੀਪ, ਡਾ. ਰੋਹਤ ਮਸੀਹ, ਡਾ. ਰਾਹੁਲ ਗੋਇਲ, ਡਾ. ਹਰਜੋਤਵੀਰ ਸਿੰਘ, ਸ. ਮਹਿੰਦਰ ਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ, ਮੈਡਮ ਪ੍ਰਭਜੋਤ ਕੌਰ ਖਟਕੜ, ਸ੍ਰੀ ਮੁਦਾਸਿਰ ਮੋਹੀ ਉਦ ਦੀਨ, ਸ੍ਰੀ ਸੁਖਵੀਰ ਲਾਲ ਤੋਂ ਇਲਾਵਾ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਦੇ ਸਮੂਹ ਵਿਦਿਆਰਥੀਆਂ ਵੀ ਹਾਜ਼ਰ ਸਨ

# ਜੇਲ 'ਚੋਂ ਨਿਕਲਣ ਬਾਅਦ ਨਵਜੋਤ ਸਿੱਧੂ ਫਿਰ ਤੋਲ ਰਹੇ ਨੇ ਸਿਆਸੀ ਪਰ

**ਪਟਿਆਲਾ–** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨਾਂ ਦੀ ਬੈਠਕ ਪਟਿਆਲਾ ਵਿਖੇ ਹੋਈ ਹੈ। ਬੀਬੀ ਰਜਿੰਦਰ ਕੌਰ ਭੱਠਲ ਦੇ ਸਪੁੱਤਰ ਰਾਹੁਲਇੰਦਰ ਸਿੰਘ ਦੀ ਪਟਿਆਲਾ ਸਥਿਤ ਰਿਹਾਇਸ਼ 'ਤੇ ਬੁਧਵਾਰ ਨੂੰ ਨਵਜੋਤ ਸਿੰਘ ਸਿੱਧੂ, ਲਾਲ ਸਿੰਘ, ਸ਼ਮਸ਼ੇਰ ਸਿੰਘ ਦੂਲੋਂ, ਮਹਿੰਦਰ ਸਿੰਘ ਕੇਪੀ ਹੋਰਾਂ ਨੇ ਇਕੱਠੇ ਨਾਸ਼ਤਾ ਕੀਤਾ। ਇਸ ਦੌਰਾਨ ਕਾਂਗਰਸ ਦੇ ਸੀਨੀਅਰ ਆਗੂਆਂ ਵਲੋਂ ਪੰਜਾਬ ਤੇ ਹਲਾਤਾਂ ਅਤੇ ਅਗਲੀ ਰਣਨੀਤੀ ਬਾਰੇ ਚਰਚਾ ਕੀਤੀ ਗਈ ਹੈ। ਕਰੀਬ ਦੋ ਘੰਟੇ ਤੱਕ ਚੱਲੀ ਬੈਠਕ ਤੋਂ ਬਾਅਦ ਲਾਲ ਸਿੰਘ, ਕਾਕਾ ਰਜਿੰਦਰ ਸਿੰਘ ਤੇ ਨਵਜੋਤ ਸਿੱਧੂ ਚੰਡੀਗੜ੍ਹ ਲਈ ਰਵਾਨਾ ਹੋ ਗਏ ਹਨ।



ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰਦਿਆਂ ਕਿਹਾ ਕਿ ਜੜ੍ਹਾਂ ਤੋਂ ਬਿਨਾਂ ਕੋਈ ਫਲ ਨਹੀਂ ਲੱਗ ਸਕਦਾ। ਕਾਂਗਰਸ ਦੀਆਂ ਸੰਸਥਾਵਾਂ ਨੂੰ ਸਤਿਕਾਰ ਦੇਣਾ ਅਤੇ ਉਨ੍ਹਾਂ ਦਾ ਆਸ਼ੀਰਵਾਦ ਲੈਣਾ ਹੀ ਅੱਗੇ ਦਾ ਰਸਤਾ ਹੈ, ਇਸ ਨਾਲ ਹੀ ਪੰਜਾਬ ਕਾਂਗਰਸ ਦੀ ਨੀਂਹ ਮਜ਼ਬੂਤ ਹੋ ਰਹੀ ਹੈ। ਉਹ ਕਾਂਗਰਸ-ਪੰਜਾਬ ਦੀ ਅਗਲੀ ਪੀੜ੍ਹੀ ਲਈ ਮਾਰਗ ਦਰਸ਼ਕ ਹਨ ਅਤੇ ਹੋਣਹਾਰ ਤੇ ਇਮਾਨਦਾਰ ਨੌਜਵਾਨ ਪੀੜ੍ਹੀ ਨੂੰ ਕਮਾਂਡ ਸੌਂਪਣਾ ਚਾਹੁੰਦੇ ਹਨ, ਜੋ ਪੰਜਾਬ ਪ੍ਰਤੀ ਵਿਸ਼ਵਾਸ ਨੂੰ ਦਰਸਾਉਂਦੇ ਹਨ।

# ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਤੀਜਾ ਸਾਲ) ਦਾ ਸ਼ਾਨਦਾਰ ਨਤੀਜਾ

**ਬੰਗਾ 11 ਅਪਰੈਲ–** ਨਰਸਿੰਗ ਵਿਦਿਆ ਦੀ ਸੰਸਥਾ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਤੀਜਾ ਸਾਲ ਦਾ ਸ਼ਾਨਦਾਰ ਨਤੀਜਾ ਆਇਆ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਤੀਜਾ ਸਾਲ) ਸ਼ਾਨਦਾਰ ਨਤੀਜਾ ਆਇਆ ਹੈ, ਇਸ ਪ੍ਰੀਖਿਆ ਵਿਚੋਂ ਪਹਿਲਾ ਸਥਾਨ ਅਮਨਪ੍ਰੀਤ ਕੌਰ ਪੁੱਤਰੀ ਭੁਪਿੰਦਰ ਸਿੰਘ ਤੇ ਸੁਖਵਿੰਦਰ ਕੌਰ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ, ਦੂਜਾ ਸਥਾਨ ਮਨਦੀਪ ਕੌਰ ਪੁੱਤਰੀ ਮਹਿੰਦਰਪਾਲ ਸਿੰਘ ਤੇ ਕੁਲਦੀਪ ਕੌਰ ਪਿੰਡ ਲਾਦੀਆਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਤੀਜਾ ਸਥਾਨ ਮਨਪ੍ਰੀਤ ਕੌਰ ਪੁੱਤਰੀ ਜਗਦੀਸ਼ ਕੁਮਾਰ ਤੇ ਨਰਿ-ੰਦਰ ਕੌਰ ਪਿੰਡ ਜਾਡਲਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਦੇ ਹਾਸਲ ਕੀਤਾ ਹੈ। ਇਸ ਮੌਕੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ ਹਰਦੇਵ ਸਿੰਘ ਕਾਹਮਾ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਬੀ ਐਸ ਸੀ ਨਰਸਿੰਗ (ਤੀਜਾ ਸਾਲ) ਦੇ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਮੂਹ ਕਾਲਜ ਸਟਾਫ ਨੂੰ ਵਧਾਈਆਂ ਦਿੱਤੀਆਂ। ਬੀ.ਐਸ.ਸੀ. ਨਰਸਿੰਗ ਤੀਜਾ ਸਾਲ ਦੇ ਸ਼ਾਨਦਾਰ ਨਤੀਜੇ ਦੀ ਜਾਣਕਾਰੀ ਦੇਣ ਮੌਕੇ ਡਾ। ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਮੈਡਮ ਰਮਨਦੀਪ ਕੌਰ ਵਾਈਸ ਪ੍ਰਿੰਸੀਪਲ ਤੇ ਕਲਾਸ ਇੰਚਾਰਜ, ਮੈਡਮ ਪੂਜਾ ਜੱਸੀ, ਮੈਡਮ ਜੋਤਸਨਾ ਕੁਮਾਰੀ, ਮੈਡਮ ਨਵਜੋਤ ਕੌਰ ਸਹੋਤਾ ਅਤੇ ਵਿਦਿਆਰਥੀ ਹਾਜ਼ਰ ਸਨ।



# ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਵਿਰੁੱਧ ਸੰਘਰਸ਼ ਤੇਜ਼ ਕਰਨ ਦਾ ਸੱਦਾ

**ਟੋਰਾਂਟੋ, ਕੈਨੇਡਾ, 12 ਅਪ੍ਰੈਲ 2023 (ਦਲਜੀਤ ਕੌਰ):** ਅੱਜ ਕੈਨੇਡਾ ਦੀਆਂ ਵੱਖ-ਵੱਖ ਸੰਘਰਸ਼ਸ਼ੀਲ ਜੱਥੇਬੰਦੀਆਂ ਅਤੇ ਸਮਾਜਸੇਵੀ ਸੰਸਥਾਵਾਂ ਜਿਨ੍ਹਾਂ 'ਚ ਅੰਤਰਰਾਸ਼ਟਰੀ ਨੌਜਵਾਨ-ਵਿਦਿਆਰਥੀ ਆਰਗੇਨਾਈਜੇਸ਼ਨ, ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ, ਨੌਜਵਾਨ ਸਪੋਰਟ ਨੈੱਟਵਰਕ, ਫਾਇਟਬੈਕ, ਮਾਈਗ੍ਰੇਟ ਵਰਕਰ, ਤਰਕਸ਼ੀਲ ਸੁਸਾਇਟੀ, ਕੈਨੇਡਾ, ਅਨਕਬਿਆਨ (ਫਿਲਪੀਨਜ਼), ਮਾਈਗਰੈਂਟ ਸਟੂਡੈਂਟ ਯੂਨਾਈਟਿਡ, ਕੈਨੇਡੀਅਨ ਸਟੂਡੈਂਟ ਫੇਡਰੇਸ਼ਨ, ਯੰਗ ਕਮਿਊਨਿਸਟ ਲੀਗ, ਕੈਨੇਡਾ, ਈਸ਼ਰ ਇੰਡੀਅਨ ਡੀਫੈਂਸ ਕਮੇਟੀ, ਯੂਨਾਇਟ ਮਾਈਗ੍ਰੈਂਟ ਫਰੰਟ, ਅਲਾਂਈਸ ਆਫ ਪ੍ਰੋਗਰੈਸਿਵ ਕੈਨੇਡੀਅਨ, ਪ੍ਰੋ ਪੀਪਲ ਆਰਟ ਮੀਡੀਆ, ਸਰੋਕ-ਾਰਾਂ ਦੀ ਅਵਾਜ਼ ਆਦਿ ਦੇ ਆਗੂਆਂ ਨੇ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨੂੰ ਦੇਸ਼-ਨਿਕਾਲਾ ਦੇ ਕੇ ਕੈਨੇਡੀਅਨ ਸਰਕਾਰ ਉਹਨਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਦਾ ਹਨਨ ਕਰ ਰਹੀ ਹੈ। ਕੈਨੇਡੀਅਨ ਇਮੀਗ੍ਰੇਸ਼ਨ ਦਾ ਨਸਲੀ ਵਤੀਰਾ ਇਤਿਹਾਸ ਵਿਚ ਪੂਰਬੀ ਭਾਰਤੀਆਂ, ਚੀਨ ਤੇ ਜਪਾਨੀਆਂ ਨਾਲ ਹੁੰਦਾ ਰਿਹਾ। ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚੋਂ ਵੱਡੀ ਗਿਣਤੀ 'ਚ ਵਿਦਿਆਰਥੀ ਕੈਨੇਡਾ ਪੜ੍ਹਨ ਆਉਂਦੇ ਹਨ, ਜਿੰਨ੍ਹਾ ਦਾ ਕੈਨੇਡਾ ਦੀ ਜੀਡੀਪੀ ਅਤੇ ਵਿਕਾਸ ਵਿੱਚ ਅਹਿਮ ਯੋਗਦਾਨ ਹੈ। ਇਹਨਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਕਰੋਨਾ ਤੇ ਮਹਿੰਗਾਈ ਦੇ ਦੌਰ ਵਿੱਚ ਆਪਣੇ ਵਤਨੋਂ ਦੂਰ ਪੜਾਈ ਦੇ ਨਾਲ-ਨਾਲ ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀਆਂ ਫੀਸਾਂ, ਗਰੌਸਰੀ ਤੇ ਹੋਰ ਲੋੜੀਂਦੇ ਖਰਚਿਆਂ ਲਈ ਦਿਨ-ਰਾਤ ਸਖਤ ਮਿਹਨਤ ਵਾਲੀਆਂ ਨੌਕਰੀਆਂ ਕੀਤੀਆਂ। ਇਹਨਾਂ ਪੜ੍ਹਾਈ ਪੂਰੀ ਹੋਣ ਬਾਅਦ ਕਾਨੂੰਨੀ ਤੌਰ ਤੇ ਕੈਨੇਡਾ ਦੇ ਵਿਕਾਸ ਲਈ ਹੁਨਰਮੰਦ ਕਾਮਿਆਂ ਦੇ ਤੌਰ ਤੇ ਕੰਮ ਕੀਤਾ। ਏਜੰਟਾਂ ਦੀ ਧੋਖਾਧੜੀ ਦਾ ਦੋਸ਼ ਵਿਦਿਆਰਥੀਆਂ ਸਿਰ ਮੜ੍ਹਕੇ ਉਹਨਾਂ ਨੂੰ ਦੇਸ਼-ਨਿਕਾਲੇ ਦਾ ਹੁਕਮ ਦੇਣਾ ਵਿਦਿਆਰਥੀਆਂ ਦੇ ਸੁਪਨਿਆਂ ਅਤੇ ਮਿਹਨਤ ਉੱਤੇ ਪਾਣੀ ਫੇਰਨ ਅਤੇ ਉਹਨਾਂ ਨੂੰ ਮਾਨਸਿਕ ਪ੍ਰੇਸ਼ਾਨੀ ਵੱਲ ਧੱਕਣ ਬਰਾਬਰ ਹੈ। ਉਨ੍ਹਾਂ ਕਿਹਾ ਕਿ ਧੋਖਾਧੜੀ ਵਿਦਿਆਰਥੀਆਂ ਨੇ ਨਹੀਂ ਕੀਤੀ ਬਲਕਿ ਉਹ ਖੁਦ ਚਾਲਬਾਜ਼ ਏਜੰਟਾਂ ਦੇ ਚੁੰਗਲ ਵਿੱਚ ਫਸਕੇ ਇਸਦਾ ਸ਼ਿਕਾਰ ਹੋਏ ਹਨ। ਭਾਰਤ, ਖਾਸਕਰ ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਨੇਡਾ ਪੜ੍ਹਨ ਆਉਂਦੇ। ਪੜ੍ਹਾਈ ਦੇ ਤੌਰ ਤੇ ਵਿਦੇਸ਼ ਭੇਜਣ ਲਈ ਉੱਥੇ ਇੱਕ ਵੱਡਾ ਮੁਨਾਫਾਖੋਰ 'ਇਮੀਗ੍ਰੇਸ਼ਨ ਮਾਫੀਆ' ਬਣਿਆ ਹੋਇਆ ਹੈ ਜੋ ਬੜੀ ਚਲਾਕੀ ਨਾਲ ਕਾਗਜ਼ਾਂ ਵਿੱਚ ਹੇਰਾਫੇਰੀ ਕਰਕੇ ਵਿਦਿਆਰਥੀਆਂ ਨਾਲ ਠੱਗੀ ਮਾਰਦਾ ਹੈ। ਛੋਟੀ ਉਮਰ, ਘੱਟ ਜਾਣਕਾਰੀ ਤੇ ਘੱਟ ਤਜ਼ਰਬੇ ਕਰਕੇ ਅਕਸਰ ਵਿਦਿਆਰਥੀ ਉਹਨਾਂ ਦੇ ਵਿਛਾਏ ਜਾਲ ਵਿੱਚ ਫਸ ਜਾਂਦੇ ਹਨ। ਮੌਜੂਦਾ ਮਾਮਲੇ ਵਿੱਚ ਵੀ ਇਵੇਂ ਹੀ ਵਾਪਰਿਆ।

ਆਗੂਆਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਜਾ ਦੇਣ ਦੀ ਬਜਾਏ ਕੈਨੇਡੀਅਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਸਰਕਾਰ ਰਾਹੀਂ ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਾਲੇ ਭਾਰਤ ਸਥਿਤ ਚਾਲਬਾਜ਼ ਤੇ ਮੁਨਾਫਾਖੋਰ ਏਜੰਟਾਂ ਅਤੇ ਉਹਨਾਂ ਨਾਲ ਮਿਲਕੇ ਧੋਖਾ ਕਰਨ ਵਾਲੇ ਕੈਨੇਡੀਅਨ ਕਾਲਜਾਂ ਜਾਂ ਏਜੰਟਾਂ ਦੇ ਗ੍ਰੋਹ ਦੀ ਜਾਂਚ ਕਰਕੇ ਉਹਨਾਂ ਦਾ ਪਰਦਾਫਾਸ ਕਰੇ। ਕੈਨੇਡੀਅਨ ਆਰਥਿਕਤਾ ਅਤੇ ਸਿੱਖਿਆ ਨੀਤੀ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਅਹਿਮ ਯੋਗਦਾਨ ਹੈ ਅਤੇ ਸਰਕਾਰ ਨੂੰ ਇਸਨੂੰ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ।



ਕੈਨੇਡੀਅਨ ਸਰਕਾਰ ਨੂੰ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨੂੰ ਦੇਸ਼-ਨਿਕਾਲਾ ਦੇਣ ਦੀ ਬਜਾਏ ਉਹਨਾਂ ਨੂੰ ਜਿੰਦਗੀ 'ਚ ਅੱਗੇ ਵੱਧਣ 'ਚ ਸਹਿਯੋਗ ਕਰਨਾ ਚਾਹੀਦਾ ਹੈ। ਇਸ ਸਮੇਂ ਵਿਦਿਆਰਥੀ ਏਜੰਟਾਂ ਦੀ ਧੋਖਾਧੜੀ ਅਤੇ ਦੇਸ਼-ਨਿਕਾਲੇ ਦੀ ਦੂਹਰੀ ਮਾਰ ਹੇਠ ਆਏ ਹੋਏ ਹਨ।

ਆਗੂਆਂ ਨੇ ਕਿਹਾ ਕਿ ਸੰਸਾਰ ਵਿੱਤੀ ਸੰਕਟ, ਕੋਵਿਡ, ਯੂਕਰੇਨ ਜੰਗ ਅਤੇ ਮਹਿੰਗਾਈ ਨੇ ਪਹਿਲਾਂ ਹੀ ਹਾਲਾਤ ਬੜੇ ਮੁਸ਼ਕਲ ਕੀਤੇ ਹੋਏ ਹਨ। ਵਿਦਿਆਰਥੀ ਭਵਿੱਖ ਦਾ ਸਰਮਾਇਆ ਹੁੰਦੇ ਹਨ ਅਤੇ ਇਹਨਾਂ ਨੂੰ ਰੋਲ੍ਹਣਾ ਨਹੀਂ ਚਾਹੀਦਾ। ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਦੇ ਫੈਸਲੇ ਨੂੰ ਬਿਨ੍ਹਾ ਦੇਰੀ ਕੀਤੇ ਪਹਿਲ ਦੇ ਅਧਾਰ ਤੇ ਰੱਦ ਕਰਕੇ ਪੀੜ੍ਹਤਾਂ ਨੂੰ ਇਨਸਾਫ ਦਿੱਤਾ ਜਾਵੇ। ਵਿਦਿਆਰਥੀਆਂ ਨੇ ਇਨਸਾਫ ਨਾ ਮਿਲਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰਦਿਆਂ ਆਉਣ ਵਾਲੇ ਦਿਨਾਂ ਵਿੱਚ ਕੈਨੇਡਾ ਦੇ ਵੱਖ-ਵੱਖ ਸੂਬਿਆਂ ਵਿੱਚ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ। ਉਹਨਾਂ ਸਮੂਹ ਇਨਸਾਫਪਸੰਦ ਜੱਥੇਬੰਦੀਆਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ 15 ਅਪ੍ਰੈਲ, 2023 ਦਿਨ ਸ਼ਨੀਵਾਰ ਚਿੰਗਊਜ਼ੀ ਪਾਰਕ, ਬਰੈਂਪਟਨ ਵਿਖੇ ਦੁਪਹਿਰ 1 ਵਜ਼ੇ ਤੋਂ 3 ਵਜ਼ੇ ਤੱਕ ਕੀਤੀ ਜਾ ਰਹੀ ਰੋਸ ਰੈਲੀ ਅਤੇ ਪੈਦਲ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਵੋ।

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਦਮਦਮੀ ਟਕਸਾਲ ਦੇ ਮੁੱਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਸਾਈਨ ਬੋਰਡ ਦਾ ਕੀਤਾ ਉਦਘਾਟਨ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ) :** ਗੁਰਦੁਆਰਾ ਗੁਰ-ਨਾਨਕ ਪ੍ਰਕਾਸ਼ ਫਰਿਜ਼ਨੋ ਦਮਦਮੀ ਟਕਸਾਲ ਜੱਥਾ ਭਿੰਡਰਾ ਦੀ ਰਹਿਨੁਮਾਈ ਹੇਠ ਚਲਾਇਆ ਜਾ ਰਿਹਾ ਹੈ। ਜਿੱਥੇ ਹੋਏ ਵਿਸ਼ੇਸ਼ ਸਮਾਗਮਾ ਸੰਬੰਧੀ ਜਾਣਕਾਰੀ ਦਿੰਦੇ ਹੋਏ ਭਾਈ ਜਤਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਅਤੇ ਸਮੂੰਹ ਸੰਗਤ ਦਮਦਮੀ ਟਕਸਾਲ ਦੇ ਸਹਿਯੋਗ ਨਾਲ, ਦਮਦਮੀ ਟਕਸਾਲ ਦੇ ਚੌਧਵੇਂ ਮੁੱਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਜੂਨ 1984 ਦੇ ਸਮੂੰਹ ਸ਼ਹੀਦ ਸਿੰਘ, ਸਿੰਘਣੀਆ ਅਤੇ ਭੁਝੰਗੀਆ ਦੀ ਯਾਦ ਨੂੰ ਸਮਰਪਿਤ ਕਰਕੇ ਇਤਿਹਾਸਕ



ਇਤਿਹਾਸਕ ਯਾਦਗਾਰੀ ਸਾਈਨ ਬੋਰਡ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਸਥਾਨਿਕ ਗੁਰੂਘਰ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਵਾਸਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ ਲਿਆਂਦੀ ਗਈ ਨਵੀਂ ਪਾਲਕੀ ਸਾਹਿਬ ਦਾ ਵੀ ਉਦਘਾਟਨ ਕੀਤਾ ਗਿਆ। ਇਹਨਾਂ ਵਿਸ਼ੇਸ਼ ਉਦਘਾਟਨ ਕਾਰਜਾਂ ਨੂੰ ਸਮਰਪਿਤ ਤੇ ਵਿਸਾਖੀ ਦੇ ਜੋੜ ਮੇਲੇ ਦੇ ਸਬੰਧ ਵਿੱਚ ਭਾਰੀ ਦੀਵਾਨ ਸਜਾਏ ਗਏ। ਜਿਸ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਵਿਸ਼ੇਸ਼ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਏ ਮੁੱਖ ਵਾਕ (ਹੁਕਮਨਾਮਾ) ਸਾਹਿਬ ਦੀ ਵਿਆਖਿਆ ਕੀਤੀ। ਇਸ ਸਮੇਂ ਹਾਜ਼ਰ ਬੇਅੰਤ ਸੰਗਤਾਂ ਨੇ ਗੁਰੂ ਜਸ ਸਰਵਣ ਕਰਕੇ ਲਾਹਾ ਪ੍ਰਾਪਤ ਕੀਤਾ। ਗੁਰੂ ਦੇ ਲੰਗਰ ਅਤੁੱਟ ਵਰਤੇ ਅਤੇ ਬਹੁ ਗਿਣਤੀ ਸੰਗਤਾਂ ਗੁਰੂ ਨੂੰ ਨਤਮਸਤਕ ਹੋਈਆਂ।

# ਮਨੈਰਵੀਓ(ਬਰੇਸ਼ੀਆ) ਵਿਖੇ ਕੀਤਾ ਗਾਇਕ ਬੂਟਾ ਮਹੁੰਮਦ ਨੇ ਅਨੇਕਾਂ ਗੀਤਾਂ ਰਾਹੀ ਗੁਰੂ ਰਵਿਦਾਸ ਜੀ ਦੀ ਮਹਿੰਮਾ ਦਾ ਗੁਣਗਾਨ

## "ਮੈਂ ਕੰਮ ਘਰ ਦੇ ਕਰਦੀ ਆਂ, ਮੇਰੀ ਸੁਰਤ ਗੁਰਾਂ ਵੱਲ ਰਹਿੰਦੀ"

**ਰੋਮ (ਇਟਲੀ) 11 ਅਪ੍ਰੈਲ, ਟੇਕ ਚੰਦ ਜਗਤਪੁਰ-** ਸ਼੍ਰੋਮਣੀ ਸੰਤ, ਮਹਾਨ ਕ੍ਰਾਤੀਕਾਰੀ, ਸਮੱਚੀ ਮਾਨਵਤਾ ਦੇ ਮਸੀਹਾ,ਧੰਨ -ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦਾ 646ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਵੀਓ (ਬਰੇਸ਼ੀਆਂ) ਵਲੋ ਵੀ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂੰਹ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਇਟਲੀ ਭਰ ਚੋਂ ਸੰਗਤਾਂ ਨੇ ਉਚੇਚੇ ਤੌਰ ਤੇ ਪਹੁੰਚ ਕੇ ਸ਼ਿਰਕਤ ਕੀਤੀ। ਇਸ ਵਿਸ਼ਾਲ ਸਮਾਗਮ ਵਿਚ "ਅਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਆਖੰਡ ਜਾਪ ਸਾਹਿਬ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਦਾ ਆਂਯੋਜਿਨ ਕੀਤਾ ਗਿਆ। ਇਸ ਸਮਾਗਮ ਨੂੰ ਪ੍ਰਧਾਨ ਅਮਰੀਕ ਲਾਲ ਦੋਲੀਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਰਬ ਸਾਝੀਵਾਲਤਾ ਦਾ ਜੋ ਸੰਦੇਸ ਦਿੱਤਾ ਉਹ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਹੈ। ਡਾ ਕੇਵਲ ਕ੍ਰਿਸ਼ਨ ਦੋਲੀਕੇ ਨੇ ਕਿਹਾ ਕਿ ਅੱਜ ਸਮੁੱਚੇ ਸਮਾਜ ਨੂੰ ਇਕਜੁੱਠ ਹੋਣ ਦੀ ਲੋੜ ਹੈ, ਉਨ੍ਹਾਂ ਅੱਗੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਆਪਣੇ ਜੀਵਨ ਚ ਅਪਣਾ ਕੇ ਬੇਗਮਪੁਰੇ ਦਾ ਸੁਪਨਾ ਸਕਾਰ ਕਰਨ ਲਈ ਸਾਰਥਿਕ ਯਤਨ ਜਾਰੀ ਰੱਖਣੇ ਚਾਹੀਦੇ ਹਨ। ਉਪਰੰਤ ਪੰਜਾਬ






ਤੋਂ ਉਚੇਚੇ ਤੌਰ ਤੇ ਗਾਇਕ ਬੂਟਾ ਮਹੁੰਮਦ ਨੇ ਆਪਣੀ ਬੁਲੰਦ ਅਵਾਜ ਵਿਚ " ਇਹ ਜਨਮ ਤੁਮਾਰੇ ਲੇਖੇ ਮਾਧੋ ਜਨਮ ਤੁਮਾਰੇ ਲੇਖੇ,"ਨਾਲ ਸੁਰੂਆਤ ਕਰਕੇ" ਐਸੀ ਕਿਰਪਾ ਕਰੋ ਮਹਾਰਾਜ ਦਰਸ਼ਨ ਦੀਜੈ, ਮੈ ਕੰਮ ਘਰਦੇ ਕਰਦੀ ਆ, ਮੇਰੀ ਸੁਰਤ ਗੁਰਾਂ ਵੱਲ ਰਹਿੰਦੀ, ਜਵਾਨੀ ਜੜਾਂ ਪੱਟਣ ਨੂੰ ਕਾਹਲੀ ਜਾਲਮ ਸਰਕਾਰ ਦੀਆਂ ਸਮੇਤ ਅਨੇਕਾਂ ਸ਼ਬਦਾ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿੰਮਾ ਦਾ ਗੁਣਗਾਨ ਕੀਤਾ।

ਸਰਬਜੀਤ ਵਿਰਕ ਪ੍ਰਧਾਨ ਡਾ ਅੰਬੇਡਕਰ ਵੈਲਫੇਅਰ ਐਸੋਸੀਏਸ਼ਨ ਇਟਲੀ ਵਲੋ ਆਈਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਵਲੋ ਆਈਆਂ ਅਹਿਮ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਤੇ ਇਟਲੀ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਭਗਵਾਨ ਬਾਲਮੀਕ ਸਭਾਵਾਂ ਦੇ ਬੁਲਾਰਿਆਂ ਨੇ ਵੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ।

# ਸਾਰੇ ਹਸਪਤਾਲਾਂ ਵਿੱਚ ਬਲਾਕ ਸੈਂਪਲਿੰਗ ਵਧਾਉਣ ਤੇ ਕਰੋਨਾ ਸੰਬੰਧੀ ਸਾਰੇ ਪ੍ਰਬੰਧ ਕੀਤੇ ਜਾਣ - ਸਿਵਲ ਸਰਜਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ ਦੀ ਯੋਗ ਅਗਵਾਈ ਹੇਠ ਦਫਤਰ ਸਿਵਲ ਸਰਜਨ ਵਿਖੇ ਜ਼ਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰ ਅਤੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਆਪਣੀ ਪਲੇਠੀ ਮਹੀਨਾਵਾਰ ਮੀਟਿੰਗ ਕੀਤੀ ਗਈ , ਜਿਸ ਵਿੱਚ ਜਿਲ੍ਹੇ ਅੰਦਰ ਚੱਲ ਰਹੇ ਸਾਰੇ ਸਿਹਤ ਪ੍ਰੋਗਰਾਮਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਉਹਨਾਂ ਐਮ.ਡੀ.ਆਰ, ਸੀ.ਡੀ.ਆਰ, ਆਈ।ਐਮ।ਆਰ ਵਰਗੇ ਸੰਵੇਦਨਸ਼ੀਲ ਮੁੱਦਿਆਂ ਤੇ ਚਰਚਾ ਕਰਦੇ ਹੋਏ ਕਿਹਾ ਕਿ ਐਮ.ਡੀ.ਆਰ ਅਤੇ ਸੀ.ਡੀ.ਆਰ ਦੇ ਰੇਟ ਘੱਟ ਕਰਨ ਲਈ ਯੋਗ ਉਪਰਾਲੇ ਕੀਤੇ ਜਾਣ। ਹਾਈ ਰਿਸਕ ਪ੍ਰੈਗਨੈਂਸੀਜ਼ ਤੇ ਜਿਆਦਾ ਫੋਕਸ ਕੀਤਾ ਜਾਵੇ ਤਾਂ ਜੋ ਸਮਾਂ ਰਹਿੰਦਿਆਂ ਮੁਸ਼ਕਿਲ ਦਾ ਪਤਾ ਲਗਾ ਕੇ ਸਹੀ ਸਮੇਂ ਤੇ ਇਲਾਜ਼ ਕੀਤਾ ਜਾ ਸਕੇ।

ਸਿਵਲ ਸਰਜਨ ਨੇ ਜਿਲ੍ਹੇ ਅੰਦਰ ਵੱਧ ਰਹੇ ਕੋਰੋਨਾ ਕੇਸਾਂ ਨੂੰ ਵੇਖਦੇ ਹੋਏ ਸਾਰੇ ਬਲਾਕਾਂ ਦੇ ਐਸ.ਐਮ.ਓਜ਼ ਨੂੰ ਆਪਣੇ ਆਪਣੇ ਬਲਾਕ ਵਿਚ ਸੈਂਪਲਿੰਗ ਵਧਾਉਣ ਅਤੇ ਕੋਰੋਨਾ ਨਾਲ ਨਜਿੱਠਣ ਦੇ ਪੂਰੇ ਪ੍ਰਬੰਧ ਕਰਨ ਲਈ ਆਖਿਆ ਤਾਂ ਜੋ ਕਿਸੀ ਵੀ ਸਥਿਤੀ ਨਾਲ ਨਜਿਠਿਆ ਜਾ ਸਕੇ। ਉਹਨਾਂ ਐਸ.ਐਮ.ਓ ਨੂੰ ਓ.ਪੀ.ਡੀ ਵਿਚ ਫਲੂ ਕਾਰਨਰ ਸਥਾਪਿਤ ਕਰਨ ਲਈ ਕਿਹਾ ਤਾਂ ਜੋ ਰੈਸਪੀਰੇਟਰੀ ਇੰਨਫੈਕਸ਼ਨ ਵਾਲੇ ਸਾਰੇ ਮਰੀਜ਼ਾਂ ਤੇ ਵਿਸ਼ੇਸ਼ ਨਿਗਰਾਨੀ ਰੱਖੀ ਜਾ ਸਕੇ। ਉਹਨਾਂ ਐਮ.ਆਰ ਦੀ ਪਹਿਲੀ ਅਤੇ ਦੂਜੀ ਡੋਜ਼ 100 ਫੀਸਦੀ ਕਰਨ, ਟੀ.ਡੀ ਵੈਕਸੀਨ ਦੇ ਟਾਰਗੈਟ ਅਤੇ ਗਰਭਵਤੀ ਔਰਤਾਂ ਦੇ ਪਹਿਲੇ ਤੋਂ ਚੌਥਾ ਚੈਕ ਅਪ ਹੋਣਾ 100 ਪ੍ਰਤੀਸ਼ਤ ਯਕੀਨੀ ਬਣਾਉਣ ਬਾਰੇ ਨਿਰਦੇਸ਼ ਦਿੱਤੇ।



ਉਹਨਾਂ ਡੇਂਗੂ 'ਤੇ ਅਗਾਊਂ ਨਜ਼ਰਸਾਨੀ ਕਰਨ ਲਈ ਆਖਿਆ ਤਾਂ ਜੋ ਆਉਣ ਵਾਲੇ ਸਮੇਂ ਵਿਚ ਡੇਂਗੂ ਦੇ ਕੇਸਾਂ ਨੂੰ ਰੋਕਿਆ ਜਾ ਸਕੇ। ਜ਼ਿਲ੍ਹੇ ਅੰਦਰ ਸੈਕਸ ਰੇਸ਼ੋ ਦੇ ਸੰਬੰਧ ਵਿਚ ਗੱਲਬਾਤ ਕਰਦਿਆਂ ਉਹਨਾਂ ਕਿਹਾ ਸਾਰੇ ਬਲਾਕਾਂ ਵਿਚ ਪੰਚਾਇਤਾਂ ਨਾਲ ਮਿਲ ਕੇ ਜਾਗਰੂਕਤਾ ਕੈਂਪ ਅਤੇ ਸੈਮੀਨਾਰ ਕਰਵਾਏ ਜਾਣ ਤਾਂ ਜੋ ਜ਼ਿਲ੍ਹੇ ਦੀ ਸੈਕਸ ਰੇਸ਼ੋ ਵਿਚ ਹੋਰ ਸੁਧਾਰ ਕੀਤਾ ਜਾ ਸਕੇ।

ਹੈਪੇਟਾਈਟੱਸ-ਬੀ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ।ਸੈਲੇਸ਼ ਨੇ ਦੱਸਿਆ ਕਿ ਹੈਪੇਟਾਈਟੱਸ-ਬੀ ਦੀ ਐਂਟੀਬੋਡੀਜ਼ ਵੈਕਸੀਨ ਉਹਨਾਂ ਗਰਭਵਤੀ ਔਰਤਾਂ ਲਈ ਉਪਲੱਬਧ ਹੈ ਜਿਹੜੀਆਂ ਹੈਪੇਟਾਈਟਿਸ ਬੀ ਪੋਜ਼ੀਟਿਵ ਹਨ। ਜਿਸ ਬਲਾਕ ਵਿਚ ਇਸ ਤਰਾਂ ਦੀਆਂ ਗਰਭਵਤੀ ਔਰਤਾਂ ਹਨ ਉਹਨਾਂ ਦੇ ਸਮਾਂ ਰਹਿੰਦਿਆਂ ਵੈਕਸੀਨ ਲਗਾ ਦਿੱਤੀ ਜਾਵੇ। ਮੀਟਿੰਗ ਦੇ ਅੰਤ ਵਿਚ ਸਿਵਲ ਸਰਜਨ ਡਾ. ਬਲਵਿੰਦਰ ਕੁਮਾਰ ਨੇ ਸਾਰੇ ਅਫਸਰ ਸਾਹਿਬਾਨ ਨੂੰ ਇਕ ਟੀਮ ਵਾਂਗ ਕੰਮ ਕਰਦੇ ਹੋਏ ਜ਼ਿਲ੍ਹੇ ਵਿਚ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਵੱਧਤਾ ਨੂੰ ਦੋਹਰਾਇਆ ।

# ਨੇਤਰਹੀਣਤਾ ਦੂਰ ਕਰਨ ਲਈ ਰੋਟਰੀ ਆਈ ਬੈਂਕ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ: ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਇਸ ਮੌਕੇ ਸੰਜੀਵ ਅਰੋੜਾ ਨੇ ਦੱਸਿਆ ਕਿ ਰੋਟਰੀ ਆਈ ਬੈਂਕ ਵੱਲੋਂ ਹੁਣ ਤੱਕ 3700 ਤੋਂ ਵੱਧ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕੀਤੀ ਜਾ ਚੁੱਕੀ ਹੈ ਅਤੇ ਇਸ ਵਿੱਚ 6 ਮਹੀਨੇ ਤੋਂ 8 ਸਾਲ ਤੱਕ ਦੇ ਬੱਚੇ ਵੀ ਸ਼ਾਮਲ ਹਨ। ਸ੍ਰੀ ਅਰੋੜਾ ਨੇ ਦੱਸਿਆ ਕਿ ਰੋਟਰੀ ਆਈ ਬੈਂਕ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਿਤ ਅੱਖਾਂ ਦੇ ਬੈਂਕਾਂ ਅਤੇ ਹਸਪਤਾਲਾਂ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਉਥੋਂ ਕੋਰਨੀਅਲ ਅੰਨ੍ਹੇਪਣ ਦੀ ਸੂਚੀ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਮਰੀਜ਼ਾਂ ਦੇ ਆਪ੍ਰੇਸ਼ਨ ਕਰਕੇ ਉਨ੍ਹਾਂ ਨੂੰ ਦੁਨੀਆ ਦੇਖਣ ਦੇ ਯੋਗ ਬਣਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ 6 ਮਹੀਨੇ ਤੋਂ 8 ਸਾਲ ਦੀ ਉਮਰ ਦੇ 19 ਬੱਚਿਆਂ ਦੀ ਸੂਚੀ ਜਿਨ੍ਹਾਂ ਬਾਰੇ ਉਨ੍ਹਾਂ ਨੇ ਦੱਸਿਆ ਹੈ, ਉਹ ਏਮਜ਼ ਦਿੱਲੀ ਤੋਂ ਪ੍ਰਾਪਤ ਹੋਈ ਹੈ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਚੇ ਉੱਤਰ ਪ੍ਰਦੇਸ਼ ਨਾਲ ਸਬੰਧਤ ਹਨ। ਸ੍ਰੀ ਅਰੋੜਾ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਕੋਰਨੀਅਲ ਨੇਤਰਹੀਣ ਮਰੀਜ਼ਾਂ ਦੀ ਸੂਚੀ ਮੁਹੱਈਆ ਨਹੀਂ ਕਰਵਾਈ ਜਾ ਰਹੀ, ਜਿਸ ਕਾਰਨ ਮਿਸ਼ਨ ਗਤੀ ਤੋਂ ਵਾਂਝਾ ਹੋ ਰਿਹਾ ਹੈ। ਇਸ ਲਈ ਇਨ੍ਹਾਂ ਮਰੀਜ਼ਾਂ ਦੀ ਸੂਚੀ ਮੁਹੱਈਆ ਕਰਵਾਉਣ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਹ ਸਿਵਲ ਸਰਜਨ ਦਫ਼ਤਰ ਵਿੱਚ ਇਹ ਜਾਣਕਾਰੀ ਉਪਲਬਧ ਕਰਵਾਉਣ ਤਾਂ ਜੋ ਕੋਈ ਵੀ ਮਰੀਜ਼



ਅਪਰੇਸ਼ਨ ਤੋਂ ਵਾਂਝਾ ਨਾ ਰਹਿ ਸਕੇ। ਇਸ ਮੌਕੇ ਚੇਅਰਮੈਨ ਜੇ।ਬੀ।ਬਹਿਲ ਨੇ ਸਿਵਲ ਸਰਜਨ ਦਾ ਸਵਾਗਤ ਕਰਦਿਆਂ ਦੱਸਿਆ ਕਿ ਉਹ ਪਿਛਲੇ 25 ਸਾਲਾਂ ਤੋਂ ਵੱਧ ਸਮੇਂ ਤੋਂ ਅੰਨ੍ਹੇਪਣ ਨੂੰ ਦੂਰ ਕਰਨ ਦੀ ਮੁਹਿੰਮ ਨਾਲ ਜੁੜੇ ਹੋਏ ਹਨ ਅਤੇ ਰੋਟਰੀ ਆਈ ਬੈਂਕ ਵੱਲੋਂ ਸੈਮੀਨਾਰ ਅਤੇ ਹੋਰ ਪ੍ਰੋਗਰਾਮਾਂ ਰਾਹੀਂ ਅੱਖਾਂ ਦਾਨ ਕਰਨ ਸਬੰਧੀ ਜਾਗਰੂਕਤਾ ਪੈਦਾ ਕਰ ਰਹੇ ਹਨ। ਇਸ ਦੇ ਨਾਲ ਹੀ ਲੋਕਾਂ ਨੂੰ ਮੌਤ ਤੋਂ ਬਾਅਦ ਸਰੀਰ ਦਾਨ ਕਰਨ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਖੋਜ ਕਰ ਸਕਣ। ਉਨ੍ਹਾਂ ਦੱਸਿਆ ਕਿ ਹੁਣ ਤੱਕ ਗੜ੍ਹਸ਼ੰਕਰ ਇਲਾਕੇ ਨਾਲ ਸਬੰਧਤ ਲੋਕਾਂ ਨੇ ਸਭ ਤੋਂ ਵੱਧ ਸਰੀਰ ਦਾਨ ਕੀਤਾ ਹੈ, ਜੋ ਕਿ ਹੋਰਨਾਂ ਲਈ ਪ੍ਰੇਰਨਾ ਸਰੋਤ ਹੈ ਅਤੇ ਸਮਾਜ ਅਜਿਹੇ ਲੋਕਾਂ ਦਾ ਹਮੇਸ਼ਾ ਰਿਣੀ ਰਹੇਗਾ, ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਲਈ ਇਹ ਕਦਮ ਚੁੱਕਿਆ। ਇਸ ਦੌਰਾਨ ਸਿਵਲ ਸਰਜਨ ਨੇ ਸੁਸਾਇਟੀ ਵੱਲੋਂ ਆਏ ਸ਼ੁਭਕਾਮਨਾਵਾਂ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਕੋਰਨੀਅਲ ਅੰਨ੍ਹੇਪਣ ਨੂੰ ਦੂਰ ਕਰਨ ਲਈ ਜੋ ਵੀ ਸਹਿਯੋਗ ਕੀਤਾ ਜਾਵੇਗਾ ਉਹ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮਿਸ਼ਨ ਅੰਨ੍ਹੇਪਣ ਨੂੰ ਖਤਮ ਕਰਨਾ ਹੈ ਅਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਰੋਟਰੀ ਆਈ ਬੈਂਕ ਵਰਗੀਆਂ ਸੰਸਥਾਵਾਂ ਸਰਕਾਰ ਦੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸ਼ਲਾਘਾਯੋਗ ਸਹਿਯੋਗ ਦੇ ਰਹੀਆਂ ਹਨ। ਡਾ: ਬਲਵਿੰਦਰ ਜੋ ਕਿ ਖੁਦ ਅੱਖਾਂ ਦੇ ਮਾਹਿਰ ਹਨ, ਨੇ ਸੁਸਾਇਟੀ ਨੂੰ ਵਿਸ਼ਵਾਸ ਦਿਵਾਇਆ ਕਿ ਅੰਨ੍ਹੇਪਣ ਨੂੰ ਦੂਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਕੋਰਨੀਅਲ ਨੇਤਰਹੀਣਤਾ ਦੇ ਮਰੀਜ਼ਾਂ ਦੀ ਸੂਚੀ ਬਣਾਉਣ ਸਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਜਾਣਗੀਆਂ ਅਤੇ ਅੱਖਾਂ ਦਾਨ ਕਰਨ ਸਬੰਧੀ ਜਾਗਰੂਕਤਾ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਪ੍ਰਿੰ। ਡੀ।ਕੇ।ਸ਼ਰਮਾ, ਵਿਜੇ ਅਰੋੜਾ, ਜਸਵੀਰ ਸਿੰਘ ਆਦਿ ਵੀ ਹਾਜ਼ਰ ਸਨ।

(132ਵੇਂ ਜਨਮ ਦਿਵਸ ਨੂੰ ਸਮਰਪਿਤ)

# ਮਹਾਨ ਕ੍ਰਾਂਤੀਕਾਰੀ ਆਗੂ ਡਾ. ਭੀਮ ਰਾਓ ਅੰਬੇਡਕਰ





ਬਲਦੇਵ ਭਾਰਤੀ
ਸਾਬਕਾ ਉਪ ਪ੍ਰਧਾਨ ਨਗਰ ਕੌਂਸਲ ਰਾਹੋਂ

ਵਿਸ਼ਵ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ 14 ਅਪ੍ਰੈਲ 1891 ਨੂੰ ਮਿਲਟਰੀ ਛਾਉਣੀ ਮਹੂ ਜੋ ਕਿ ਅੱਜਕੱਲ ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ ਦਾ ਹਿੱਸਾ ਹੈ ਵਿਖੇ ਦਿਨ ਦੇ 12:00 ਵਜੇ ਮਿਲਟਰੀ ਵਿੱਚ ਸੂਬੇਦਾਰ ਰਾਮ ਜੀ ਪੁੱਤਰ ਮਾਲੋ ਜੀ ਦੇ ਘਰ ਮਾਂ ਭੀਮਾਬਾਈ ਦੀ ਕੁੱਖੋਂ ਹੋਇਆ। ਜਾਤੀ ਵਿਵਸਥਾ ਮੁਤਾਬਿਕ ਨੀਵੀਂ ਸਮਝੀ ਜਾਂਦੀ ਮਹਾਰ ਜਾਤੀ ਨਾਲ ਸਬੰਧਿਤ ਇਹ ਪਰਿਵਾਰ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਦੇ ਪਿੰਡ ਅੰਬਾਵਡੇ ਤੋਂ ਆ ਕੇ ਇੱਥੇ ਵੱਸਿਆ ਹੋਇਆ ਸੀ।

ਡਾ. ਅੰਬੇਡਕਰ ਆਪਣੇ ਮਾਤਾ ਪਿਤਾ ਦਾ 14ਵਾਂ ਬੱਚਾ ਸੀ। ਉਸਦੇ ਜਨਮ ਸਮੇਂ ਉਸਦੀ ਜਿੰਦਗੀ ਦਾ ਭਵਿੱਖ ਜਾਨਣ ਲਈ ਜੋਤਸ਼ੀ ਪਾਸੋਂ ਜੋਤਿਸ਼ ਲਗਵਾਇਆ ਗਿਆ। ਜੋਤਸ਼ੀ ਨੇ ਦੱਸਿਆ ਕਿ ਇਸ ਬਾਲ ਦੇ ਜਨਮ ਸਮੇਂ ਮਾੜੇ ਗ੍ਰਹਿ ਚਲ ਰਹੇ ਸਨ। ਇਸ ਲਈ ਇਹ ਮਨਹੂਸ ਬੱਚਾ ਪਰਿਵਾਰ ਅਤੇ ਆਲੇ ਦੁਆਲੇ ਲਈ ਮੁਸੀਬਤਾਂ ਦਾ ਕਾਰਨ ਬਣੇਗਾ ਅਤੇ ਕੁੱਲ ਨੂੰ ਕਲੰਕਿਤ ਕਰੇਗਾ। ਇਸ ਤਰਾਂ ਅੰਧ ਵਿਸ਼ਵਾਸ਼ ਕਾਰਨ ਇਹ ਬੱਚਾ ਜਨਮ ਤੋਂ ਹੀ ਦੁਰਕਾਰਿਆ ਗਿਆ। ਇਸ ਤੋਂ ਬਾਅਦ ਸਿਤਾਰਾ ਇਲਾਕੇ ਵਿੱਚ ਪਲੇਗ ਦੀ ਬਿਮਾਰੀ ਫੈਲ ਗਈ। ਹਰ ਪਾਸਿਓਂ ਮੌਤਾਂ ਦੀਆਂ ਖਬਰਾਂ ਆਉਣ ਲੱਗੀਆਂ। ਉਹਨਾਂ ਦੇ ਆਂਢ-ਗੁਆਂਢ ਦੇ ਲੋਕ ਕਹਿੰਦੇ ਸਨ ਕਿ ਹਰ ਪਾਸੇ ਲੋਕ ਮਰ ਰਹੇ ਹਨ ਪਰ ਇਸ ਮਨਹੂਸ ਨੂੰ ਪਲੇਗ ਵੀ ਨਹੀਂ ਪੈ ਰਹੀ।

ਡਾ. ਅੰਬੇਡਕਰ ਨੇ ਆਪਣੀ ਜਿੰਦਗੀ ਵਿੱਚ ਹਿੰਮਤ ਨਹੀਂ ਹਾਰੀ ਅਤੇ ਛੋਟੀ ਉਮਰ ਵਿੱਚ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਭੇਡਾਂ ਚਾਰਨ, ਲੱਕੜਾਂ ਚੀਰਨ, ਸਬਜੀ ਵੇਚਣ ਤੋਂ ਇਲਾਵਾ ਬਗੀਚਿਆਂ ਵਿੱਚ ਵੀ ਮਾਲੀ ਵਜੋਂ ਮਜ਼ਦੂਰੀ ਕੀਤੀ। ਪੜ੍ਹਾਈ ਦੌਰਾਨ ਉਹਨਾਂ ਨੂੰ ਸਕੂਲ ਵਿੱਚ ਉੱਚ ਜਾਤੀ ਅਧਿਆਪਕਾਂ ਅਤੇ ਬੱਚਿਆਂ ਵਲੋਂ ਛੂਆਛਾਤ ਦੀ ਭਾਵਨਾ ਨਾਲ ਜਲੀਲ ਕੀਤਾ ਜਾਂਦਾ ਸੀ। ਉਹਨਾਂ ਨੂੰ ਘੜੇ ਵਿੱਚੋਂ ਪਾਣੀ ਪੀਣ ਅਤੇ ਕਲਾਸ ਵਿੱਚ ਬੈਠਣ ਤੱਕ ਦੀ ਮਨਾਹੀ ਸੀ। ਜਾਤੀ ਵਿਤਕਰੇ ਕਾਰਨ ਉਹਨਾਂ ਨੂੰ ਸੰਸਕ੍ਰਿਤ ਦੀ ਵਿੱਦਿਆ ਹਾਸਲ ਨਹੀਂ ਕਰਨ ਦਿੱਤੀ ਗਈ। ਉੱਚ ਅਹੁਦਿਆਂ ਦੀ ਨੌਕਰੀ ਕਰਨ ਦੇ ਬਾਵਜੂਦ ਵੀ ਅਧਿਕਾਰੀ ਅਤੇ ਚਪੜਾਸੀ ਉਹਨਾਂ ਤੋਂ ਦੂਰੀ ਬਣਾ ਕੇ ਰੱਖਦੇ ਸਨ। ਇੱਥੋਂ ਤੱਕ ਕਿ ਪ੍ਰੋਫੈਸਰਾਂ ਅਤੇ ਵਕੀਲਾਂ ਨੇ ਵੀ ਉਹਨਾਂ ਨਾਲ ਰੱਜ ਕੇ ਛੂਆਛਾਤ ਕੀਤੀ। ਸਾਡੇ ਦੇਸ਼ ਵਿੱਚ ਸੋਚੀ ਸਮਝੀ ਸਾਜਿਸ਼ ਤਹਿਤ ਸਦੀਆਂ ਤੋਂ ਸਮਾਜਿਕ ਅਤੇ ਆਰਥਿਕ ਨਾ ਬਰਾਬਰੀ, ਇਨਸਾਨ ਦਾ ਇਨਸਾਨ ਦੀ ਛੋਹ ਅਤੇ ਪਰਛਾਈ ਨਾਲ ਭਿੱਟ ਹੋਣਾ, ਨੀਵੀਆਂ ਜਾਤੀਆਂ ਨੂੰ ਉਹਨਾਂ ਦੇ ਮਾਨਵੀ ਅਧਿਕਾਰਾਂ ਅਤੇ ਸਾਧਨਾਂ ਤੋਂ ਵਾਂਝੇ ਕਰਨਾ ਅਤੇ ਇਨ੍ਹਾਂ ਜਾਤੀਆਂ ਦੇ ਕਰੋੜਾਂ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਣ ਦੀ ਵਿਵਸਥਾ ਕਾਇਮ ਕੀਤੀ ਗਈ ਹੈ। ਡਾ. ਅੰਬੇਡਕਰ ਇਸ ਵਿਵਸਥਾ ਨੂੰ ਜੜ੍ਹੋਂ ਖਤਮ ਕਰਕੇ ਸਮਤਾ, ਸਮਾਨਤਾ ਅਤੇ ਭਾਈਚਾਰੇ ਵਾਲੀ ਵਿਵਸਥਾ ਕਾਇਮ ਕਰਨੀ ਚਾਹੁੰਦੇ ਸਨ।ਉਹਨਾਂ ਨੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਬਰਾਬਰੀ ਲਈ ਸਾਰੀ ਜਿੰਦਗੀ ਲਗਾ ਦਿੱਤੀ। ਬੜੇ ਦੁੱਖ ਦੀ ਗੱਲ ਹੈ ਕਿ ਛੂਆਛਾਤ ਕਾਰਨ 6 ਦਿਸੰਬਰ 1956 ਨੂੰ ਡਾ. ਅੰਬੇਡਕਰ ਦੇ ਪਰਿ-ਨਿਰਵਾਣ ਤੋਂ ਬਾਅਦ ਉਹਨਾਂ ਦਾ ਅੰਤਿਮ ਸੰਸਕਾਰ ਰਾਜ ਘਾਟ ਅਲੀਪੁਰ ਰੋਡ ਦਿੱਲੀ ਵਿਖੇ ਕਰਨ ਦੀ ਬਜਾਏ ਬੰਬਈ ਵਿਖੇ ਕੀਤਾ ਗਿਆ। ਜਨਮ ਤੋਂ ਲੈ ਕੇ ਮੌਤ ਤੋਂ ਬਾਅਦ ਤੱਕ ਵੀ ਜਾਤੀ ਵਿਤਕਰੇ ਅਤੇ ਛੂਆਛਾਤ ਦਾ ਸ਼ਿਕਾਰ ਹੋਏ ਡਾ। ਅੰਬੇਡਕਰ ਲਿਖਦੇ ਹਨ ਕਿ "ਸੰਸਾਰ ਭਰ ਚੋਂ ਗੁਲਾਮੀ ਦਾ ਖੁਰਾਖੋਜ ਮਿਟ ਗਿਆ ਪਰ ਭਾਰਤ ਵਿੱਚ ਇਹ ਕੋਹੜ ਅਜੇ ਵੀ ਸਮਾਜਿਕ ਅਤੇ ਆਰਥਿਕ ਰੂਪ ਵਿੱਚ ਜੀਵਿਤ ਹੈ ਅਤੇ ਕਈ ਭਿਆਨਕ ਸ਼ਕਲਾਂ ਵਿੱਚ ਪ੍ਰਗਟ ਹੁੰਦਾ ਹੈ।" ਬੰਬਈ ਵਿਖੇ 28 ਅਕਤੂਬਰ 1932 ਨੂੰ ਇੱਕ ਸਭਾ ਦੌਰਾਨ ਉਹਨਾਂ ਕਿਹਾ ਕਿ "ਤੁਹਾਡੀ ਦੁਰਦਸ਼ਾ ਅਤੇ ਗਰੀਬੀ ਪਿਛਲੇ ਜਨਮ ਦੇ ਕਰਮਾਂ ਦਾ ਫਲ ਨਹੀਂ ਹੈ। ਇਹ ਵਿਚਾਰ ਬਿਲਕੁਲ ਗਲਤ ਹੈ ਕਿ ਇਹ ਗਰੀਬੀ ਧੁਰੋਂ ਲਿਖੀ ਹੋਈ ਹੈ ਅਤੇ ਕਦੇ ਦੂਰ ਨਹੀਂ ਹੋ ਸਕਦੀ। ਆਪਣੇ ਆਪ ਨੂੰ ਗੁਲਾਮ ਸਮਝਣ ਦੀ ਭਾਵਨਾ ਤਿਆਗ ਦਿਓ।" ਡਾ. ਅੰਬੇਡਕਰ ਦੇ ਘਰ ਵਿੱਚ 4 ਪੁੱਤਰਾਂ ਅਤੇ 1 ਪੁੱਤਰੀ ਨੇ ਜਨਮ ਲਿਆ। ਇਹਨਾਂ ਵਿੱਚੋਂ ਇੱਕ ਪੁੱਤਰ ਯਸਵੰਤ ਰਾਓ ਹੀ ਬਚਿਆ ਅਤੇ ਬਾਕੀ ਛੋਟੀ ਉਮਰ ਵਿੱਚ ਹੀ ਰੱਬ ਨੂੰ ਪਿਆਰੇ ਹੋ ਗਏ। ਉਹਨਾਂ ਦੇ ਦੂਸਰੇ ਬੱਚੇ ਗੰਗਾਧਰ ਦੀ ਮੌਤ ਵੇਲੇ ਉਹਨਾਂ ਪਾਸ ਕਫਨ ਤੱਕ ਪਾਉਣ ਲਈ ਵੀ ਪੈਸੇ ਨਹੀਂ ਸਨ। ਉਹਨਾਂ ਦੀ ਧਰਮ ਪਤਨੀ ਰਾਮਾਬਾਈ ਨੇ ਆਪਣੀ ਸਾੜੀ ਦਾ ਟੁਕੜਾ ਪਾੜ ਕੇ ਇਸ ਬੱਚੇ ਲਈ ਕਫਨ ਵਜੋਂ ਵਰਤਿਆ ਅਤੇ ਉਸ ਦਾ ਅੰਤਿਮ ਸੰਸਕਾਰ ਕੀਤਾ। ਡਾ. ਅੰਬੇਡਕਰ 1935 ਵਿੱਚ ਆਪਣੀ ਪਤਨੀ ਰਾਮਾਬਾਈ ਦੀ ਮੌਤ ਉਪਰੰਤ ਵਿਯੋਗ ਵਿੱਚ ਬਹੁਤ ਦੂਖੀ ਅਤੇ ਪਰੇਸ਼ਾਨ ਹੋ ਗਏ ਕਿਉਂਕਿ ਉਹ ਜਾਣਦੇ ਸਨ ਕਿ ਰਾਮਾਬਾਈ ਨੇ ਜਿੰਦਗੀ ਵਿੱਚ ਬਹੁਤ ਦੁੱਖ ਹੰਢਾਏ ਪਰ ਕਦੇ ਕੋਈ ਸ਼ਿਕਾਇਤ ਨਹੀਂ ਸੀ ਕੀਤੀ। ਇੱਥੋਂ ਤੱਕ ਕਿ ਉਹਨਾਂ ਨੇ ਆਪਣੇ ਵਾਲ ਮੁਨਵਾ ਕੇ ਜੋਗੀਆਂ ਵਾਲਾ ਪਹਿਰਾਵਾ ਪਾ ਲਿਆ।ਉਹਨਾਂ ਨੇ ਕਿਹਾ ਕਿ ਉਹ ਆਪਣੀ ਪਤਨੀ ਦੇ ਕਾਤਲ ਹਨ ਅਤੇ ਉਹ ਆਪਣੇ ਆਪ ਨੂੰ ਕਦੇ ਵੀ ਮੁਆਫ ਨਹੀਂ ਕਰ ਸਕਦੇ। ਪਰ ਉਹਨਾਂ ਦੇ ਪੈਰੋਕਾਰਾਂ ਨੇ ਉਹਨਾਂ ਨੂੰ ਬੇਨਤੀ ਕੀਤੀ ਕਿ ਰਾਮਾਬਾਈ ਨੇ ਦੇਸ਼, ਕੌਮ ਅਤੇ ਸਮਾਜ ਦੇ ਹਿੱਤ ਵਿੱਚ ਆਪਣੇ ਅਰਮਾਨਾਂ ਅਤੇ ਪਰਿਵਾਰਕ ਜ਼ਰੂਰਤਾਂ ਦਾ ਤਿਆਗ ਕਰਕੇ ਤੁਹਾਡਾ ਸਾਥ ਦਿੱਤਾ ਹੈ। ਉਹਨਾਂ ਦੀ ਮੌਤ ਕਿਸੇ ਤਰਾਂ ਵੀ ਸ਼ਹੀਦੀ ਤੋਂ ਘੱਟ ਨਹੀਂ ਹੈ। ਤੁਹਾਡਾ ਸੰਨਿਆਸ ਦੇਸ਼ ਦੇ ਕਰੋੜਾਂ ਲੋਕਾਂ ਦੀ ਬਦਕਿਸਮਤੀ ਹੋਵੇਗੀ। ਇਸ ਲਈ ਤੁਹਾਨੂੰ ਸੰਨਿਆਸ ਛੱਡ ਕੇ ਸਮਾਜ ਦੀ ਅਗਵਾਈ ਕਰਨ ਦਾ ਮਿਸ਼ਨ ਜਾਰੀ ਰੱਖਣਾ ਚਾਹੀਦਾ ਹੈ। ਇਸ ਤੋਂ ਬਾਅਦ ਉਹ ਸਦਮੇ ਵਿੱਚੋਂ ਬਾਹਰ ਆਏ ਅਤੇ ਮੁੜ ਲੋਕ ਹਿੱਤਾਂ ਦੀ ਆਵਾਜ਼ ਬੁਲੰਦ ਕੀਤੀ। ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਨੇ ਸਾਰੀ ਜਿੰਦਗੀ ਦੱਬੇ ਕੁਚਲੇ ਸਮਾਜ ਅਤੇ ਪੱਛੜੇ ਵਰਗਾਂ ਦੀ ਭਲਾਈ ਅਤੇ ਉਹਨਾਂ ਦੇ ਜੀਵਨ ਨੂੰ ਉੱਚਾ ਚੁੱਕਣ ਲਈ ਮਹਾਨ ਘਾਲਣਾ ਘਾਲੀ। ਇਹ ਦੱਬਿਆ ਕੁਚਲਿਆ ਸਮਾਜ ਉਹ ਮਜ਼ਦੂਰ ਵਰਗ ਹੈ ਜਿਸ ਨੂੰ ਪੂੰਜੀਵਾਦ ਅਤੇ ਮਨੂੰਵਾਦ ਨੇ ਸਦੀਆਂ ਤੋਂ ਲੁੱਟਿਆ ਅਤੇ ਲਤਾੜਿਆ। ਇੱਥੋਂ ਤੱਕ ਕਿ ਇਸਦੇ ਜਿੰਦਗੀ ਜਿਉਣ ਦੇ ਅਧਿਕਾਰ ਵੀ ਖੋਹ ਲਏ। ਡਾ। ਅੰਬੇਡਕਰ ਜੀ ਕਿਹਾ ਕਰਦੇ ਸਨ ਕਿ "ਮੈਂ ਗਰੀਬ ਪਰਿਵਾਰ ਵਿੱਚ ਪੈਦਾ ਹੋਇਆ। ਮੈਨੂੰ ਨੰਗੇ ਜਮੀਨ ਤੇ ਸੌਣਾ ਪਿਆ ਅਤੇ ਫਟੇ ਪੁਰਾਣੇ ਕੱਪੜੇ ਪਹਿਨਣੇ ਪਏ। ਮੈਂ ਗਰੀਬੀ ਨੂੰ ਚੰਗੀ ਤਰਾਂ ਆਪਣੇ ਸਰੀਰ ਤੇ ਝੱਲਿਆ ਹੈ। ਮੈਂ ਗਰੀਬੀ ਬਾਰੇ ਚੰਗੀ ਤਰਾਂ ਜਾਣਦਾ ਹਾਂ। ਦੱਬੇ ਕੁਚਲੇ ਲੋਕਾਂ ਵਾਸਤੇ ਮੇਰੇ ਦਰਵਾਜੇ ਹਮੇਸ਼ਾ ਖੁੱਲੇ ਹਨ। ਮੈਂ ਮਜ਼ਦੂਰ ਵਰਗ ਦੇ ਹਿੱਤਾਂ ਅਤੇ ਅਧਿਕਾਰਾਂ ਦੀ ਰੱਖਿਆ ਦੇ ਕੰਮ ਨੂੰ ਕਦੇ ਵੀ ਪਿੱਛੇ ਨਹੀਂ ਪੈਣ ਦਿਆਂਗਾ।"

ਡਾ ਅੰਬੇਡਕਰ 9 ਭਾਸ਼ਾਵਾਂ ਦੇ ਮਾਹਰ ਸਨ ਅਤੇ ਉਹਨਾਂ ਨੇ 32 ਡਿਗਰੀਆਂ ਦੀ ਉਪਾਧੀ ਹਾਸਲ ਕੀਤੀ। ਦੁਨੀਆ ਭਰ ਵਿੱਚ ਉਹਨਾਂ ਦੀ ਪਹਿਚਾਣ ਮਹਾਨ ਸਮਾਜ ਸੁਧਾਰਕ, ਕ੍ਰਾਂਤੀਕਾਰੀ ਬੁੱਧੀਜੀਵੀ, ਕਾਨੂੰਨਦਾਨ, ਅਰਥਸ਼ਾਸਤਰੀ ਅਤੇ ਇਨਕਲਾਬੀ ਬੁਲਾਰੇ ਵਜੋਂ ਕੀਤੀ ਜਾਂਦੀ ਸੀ। ਉਹਨਾਂ ਨੂੰ ਜਿੰਨਾ ਸਮਝਿਆ ਗਿਆ ਉਹ ਉਹਨਾਂ ਦੀ ਸੰਪੂਰਨ ਸ਼ਖਸੀਅਤ ਦਾ 10ਵਾਂ ਹਿੱਸਾ ਵੀ ਨਹੀਂ ਹੈ। ਜਿੰਨੀ ਛੂਆਛਾਤ, ਗਰੀਬੀ, ਪਰਿਵਾਰਕ ਦੁੱਖ, ਵਿਰੋਧ ਅਤੇ ਬੇਅਰਾਮੀ ਉਹਨਾਂ ਨੇ ਆਪਣੇ ਜੀਵਨ ਸੰਘਰਸ਼ ਦੌਰਾਨ ਹੰਢਾਈ ਉਸ ਦੀ ਮਿਸਾਲ ਮਿਲਣੀ ਬੜੀ ਔਖੀ ਹੈ। ਡਾ। ਅੰਬੇਡਕਰ ਵਲੋਂ ਮਜ਼ਦੂਰ ਵਰਗ ਕੀਤੇ ਮਹਾਨ ਕਾਰਜਾਂ ਦਾ ਪ੍ਰਚਾਰ ਸਹੀ ਤਰੀਕੇ ਨਾਲ ਨਾਲ ਕੀਤਾ ਜਾਂਦਾ ਤਾਂ ਦੇਸ਼ ਵਿੱਚ ਇੱਕ ਵੱਡੀ ਮਜ਼ਦੂਰ ਲਹਿਰ ਨੂੰ ਉਸਾਰਿਆ ਸਕਦਾ ਸੀ । ਉਹਨਾਂ ਨੂੰ ਸਿਰਫ ਅਛੂਤਾਂ ਦੇ ਮਸੀਹਾ ਵਜੋਂ ਪ੍ਰਚਾਰ ਕਰਕੇ ਜਾਤਾਂ ਦੀਆਂ ਵਗਲਣਾਂ ਅੰਦਰ ਕੈਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਡਾ ਅੰਬੇਡਕਰ ਦੇਸ਼ ਦੇ ਉਹ ਮਹਾਨ ਜਰਨੈਲ ਸਨ ਜਿਹਨਾਂ ਦੇ ਕ੍ਰਾਂਤੀਕਾਰੀ ਬੋਲਾਂ ਦੀ ਗੂੰਜ ਇੱਕ ਦਿਨ ਪੂਰੇ ਡੰਕੇ ਨਾਲ ਪਵੇਗੀ। ਸਾਡੀ ਬਦਕਿਸਮਤੀ ਹੈ ਕਿ ਅਸੀਂ ਉਹਨਾਂ ਦੇ ਵੱਡਮੁੱਲੇ ਗਿਆਨ ਦ੍ਰਿੜ ਇਰਾਦੇ, ਬੁਲੰਦ ਹੌਂਸਲੇ, ਹਰ ਚੁਣੌਤੀ ਦਾ ਸਾਹਮਣਾ ਕਰਨ ਦੀ ਤਾਕਤ ਤੇ ਸਮਾਜ ਪ੍ਰਤੀ ਜੋਸ਼ ਅਤੇ ਜਜ਼ਬਾਤਾਂ ਦਾ ਪੂਰਾ ਲਾਹਾ ਨਹੀਂ ਲੈ ਸਕੇ।

ਡਾ. ਅੰਬੇਡਕਰ ਨੇ ਸਮਾਜ ਵਿੱਚ ਮਾਨਵੀ ਅਧਿਕਾਰਾਂ ਤੋਂ ਵਾਂਝੀ ਔਰਤ ਜਾਤੀ ਦੀ ਤਰਸਯੋਗ ਸਥਿਤੀ ਦੇਖਦਿਆਂ ਔਰਤ ਜਾਤੀ ਦੇ ਅਧਿਕਾਰਾਂ ਲਈ 5 ਫਰਵਰੀ 1951 ਨੂੰ ਕੇਂਦਰੀ ਵਿਧਾਨ ਮੰਡਲ ਵਿੱਚ "ਹਿੰਦੂ ਕੋਡ ਬਿੱਲ" ਪੇਸ਼ ਕੀਤਾ। ਉਹਨਾਂ ਨੇ ਆਪਣੀ ਪੁਸਤਕ " ਰਾਈਟ ਐਂਡ ਫਾਲ ਆਫ ਹਿੰਦੂ ਵੂਮੈਨ ਵਿੱਚ ਔਰਤਾਂ ਪ੍ਰਤੀ ਮਹੱਤਵਪੂਰਨ ਮੁੱਦੇ ਉਠਾਏ।ਔਰਤ ਜਾਤੀ ਨੂੰ ਸਿੱਖਿਅਤ ਕਰਨ ਲਈ ਉਹਨਾਂ ਨੇ ਲੜਕੀਆਂ ਨੂੰ ਪੜ੍ਹਾਉਣ ਲਈ ਜੋਰ ਦਿੱਤਾ। ਔਰਤ ਜਾਤੀ ਨੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਜੋ ਬਰਾਬਰਤਾ ਦਾ ਹੱਕ ਹਾਸਲ ਕੀਤਾ ਹੈ ਉਹ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੀ ਦੇਣ ਹੈ।

ਡਾ. ਅੰਬੇਡਕਰ ਇੱਕ ਕ੍ਰਾਂਤੀਕਾਰੀ ਮਜ਼ਦੂਰ ਆਗੂ ਸਨ ਜਿਹਨਾਂ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ 28 ਜੁਲਾਈ 1928 ਨੂੰ ਬੰਬਈ ਵਿਧਾਨ ਪਰਿਸ਼ਦ ਵਿੱਚ ਬਿੱਲ ਪੇਸ਼ ਕਰ ਕੇ ਔਰਤ ਮਜ਼ਦੂਰਾਂ ਨੂੰ ਜਣੇਪੇ ਦੀਆਂ ਛੁੱਟੀਆਂ ਅਤੇ ਤਨਖਾਹ ਦੀਆਂ ਸਹੂਲਤਾਂ ਦਿਵਾਈਆਂ ਅਤੇ 3 ਅਗਸਤ, 1928 ਨੂੰ ਬੰਬਈ ਵਿਧਾਨ ਪਰਿਸ਼ਦ ਵਿੱਚ ਬੇਗਾਰ ਵਿਰੋਧੀ ਬਿੱਲ ਪੇਸ਼ ਕੀਤਾ।ਕਿਰਤੀਆਂ ਦੇ ਕੰਮ ਦਾ ਸਮਾਂ ਨਿਸ਼ਚਿਤ ਕਰਨਾ, ਯੋਗ ਮਜ਼ਦੂਰੀ, ਛੁੱਟੀਆਂ, ਸਾਫ ਸੁਥਰੀ ਰਿਹਾਇਸ਼, ਜਗੀਰਦਾਰੀ ਦੁਆਰਾ ਮੁਜ਼ਾਰਿਆਂ ਦੇ ਉਜਾੜੇ ਅਤੇ ਕੀਤੀ ਜਾ ਰਹੀ ਜਬਰੀ ਵਸੂਲੀ ਨੂੰ ਰੋਕਣਾ ਅਤੇ ਮੁਜ਼ਾਰਿਆਂ ਨੂੰ ਸਨਅੱਤੀ ਕਾਮਿਆਂ ਦੀਆਂ ਸਹੂਲਤਾਂ ਦਿਵਾਉਣਾ ਇਸ ਪਾਰਟੀ ਦਾ ਮੈਨੀਫੈਸਟੋ ਸੀ। ਡਾ. ਅੰਬੇਡਕਰ ਨੇ ਗੌਰਮੈਂਟ ਆਫ ਇੰਡੀਆ ਐਕਟ-1935 ਅਨੁਸਾਰ ਅਗਸਤ 1936 ਚ ਆਜ਼ਾਦ ਮਜ਼ਦੂਰ ਪਾਰਟੀ ਦੀ ਸਥਾਪਨਾ ਕੀਤੀ ਗਈ। ਆਜਾਦ ਮਜ਼ਦੂਰ ਪਾਰਟੀ ਨੇ 17 ਫਰਵਰੀ 1937 ਵਿੱਚ ਡਾ। ਅੰਬੇਡਕਰ ਦੀ ਰਹਿਨੁਮਾਈ ਹੇਠ ਬੰਬਈ ਵਿਧਾਨ ਸਭਾ ਦੀ ਚੋਣ ਦੌਰਾਨ 17 ਉਮੀਦਵਾਰ ਮੈਦਾਨ ਵਿੱਚ ਉਤਾਰੇ ਜਿਹਨਾਂ ਵਿੱਚੋਂ 15 ਉਮੀਦਵਾਰ ਜਿੱਤ ਕੇ ਵਿਧਾਨ ਸਭਾ ਦੇ ਮੈਂਬਰ ਬਣੇ। ਹੁਕਮਰਾਨ ਕਾਂਗਰਸ ਸਰਕਾਰ ਨੇ 15 ਸਤੰਬਰ, 1938 ਬੰਬਈ ਵਿਧਾਨ ਸਭਾ ਵਿੱਚ "ਉਦਯੋਗਿਕ ਵਿਵਾਦਾਂ ਬਾਰੇ ਬਿੱਲ" ਪੇਸ਼ ਕੀਤਾ। ਇਸ ਬਿੱਲ ਵਿੱਚ ਸਾਰੇ ਉਦਯੋਗਿਕ ਝਗੜਿਆਂ ਦੌਰਾਨ ਸਮਝੌਤੇ ਨੂੰ ਲਾਜ਼ਮੀ ਬਣਾਉਣਾ, ਹੜਤਾਲ ਤੇ ਪਾਬੰਦੀ ਲਗਾਉਣਾ ਅਤੇ ਹੜਤਾਲੀ ਮਜ਼ਦੂਰਾਂ ਨੂੰ ਸਜਾਵਾਂ ਦੇਣਾ ਆਦਿ ਮੱਦਾਂ ਸ਼ਾਮਿਲ ਸਨ। ਡਾ ਅੰਬੇਡਕਰ ਨੇ ਇਸ ਬਿੱਲ ਨੂੰ ਮਜ਼ਦੂਰਾਂ ਤੇ ਕਾਤਲਾਂ ਦਾ ਹਮਲਾ ਕਰਾਰ ਦਿੰਦਿਆਂ ਇਸ ਦੇ ਵਿਰੋਧ ਵਿੱਚ ਕਿਹਾ "ਹੜਤਾਲ ਆਜ਼ਾਦੀ ਦਾ ਹੱਕ ਹੈ। ਜੇਕਰ ਆਜ਼ਾਦੀ ਜਨਮ ਸਿੱਧ ਅਧਿਕਾਰ ਹੈ ਤਾਂ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਹੜਤਾਲ ਕਰਨ ਦਾ ਹੱਕ ਵੀ ਪਵਿੱਤਰ ਅਧਿਕਾਰ ਹੈ।" ਡਾ. ਅੰਬੇਡਕਰ ਨੇ 17 ਸਤੰਬਰ, 1937 ਨੂੰ ਬੰਬਈ ਵਿਦਾਨ ਸਭਾ ਦੇ ਪੂਨਾ ਇਜਲਾਸ ਦੌਰਾਨ ਮਹਾਂਰਾਸ਼ਟਰ ਦੇ ਕੋਕਨ ਇਲਾਕੇ ਵਿੱਚ ਮੁਜ਼ਾਰਿਆਂ ਤੇ ਠੋਸੀ ਗਈ "ਖੋਤੀ ਪ੍ਰਥਾ" ਵਿਰੋਧੀ ਬਿੱਲ ਪੇਸ਼ ਕੀਤਾ। ਇਸ ਪ੍ਰਥਾ ਅਧੀਨ ਜਿਮੀਂਦਾਰ ਜਦੋਂ ਚਾਹੇ ਕਿਸਾਨ ਨੂੰ ਜ਼ਮੀਨ ਤੋਂ ਬੇਦਖਲ ਕਰ ਸਕਦੇ ਸਨ। ਰਜਵਾੜੇਸ਼ਾਹੀ ਨੇ ਕਿਸਾਨ ਦਾ ਖੂਨ ਚੂਸ ਚੂਸ ਕੇ ਉਸ ਨੂੰ ਇੰਨਾ ਦੁਰਬੱਲ ਬਣਾ ਦਿੱਤਾ ਸੀ ਕਿ ਉਹ ਘੋਰ ਗੁਲਾਮੀ ਭੋਗ ਰਿਹਾ ਸੀ। ਰਜਵਾੜੇਸ਼ਾਹੀ ਵਲੋਂ ਡਾ. ਅੰਬੇਡਕਰ ਨੂੰ ਕਤਲ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਪਰ ਉਹਨਾਂ ਨੇ ਮਜ਼ਦੂਰਾਂ ਕਿਸਾਨਾਂ ਦੀ ਆਜ਼ਾਦੀ ਲਈ ਕੋਕਨ ਜਾ ਕੇ ਪੂਰੇ ਇਲਾਕੇ ਦਾ ਦੌਰਾ ਕੀਤਾ ਅਤੇ ਵੱਖ-ਵੱਖ ਥਾਵਾਂ ਤੇ ਲੋਕਾਂ ਨੂੰ ਸੰਬੋਧਨ ਕਰ ਕੇ ਲਾਮਬੰਦ ਕਰਦੇ ਰਹੇ। ਆਖਰ ਰਜਵਾੜਿਆਂ ਅਤੇ ਸਰਕਾਰ ਨੂੰ ਝੁਕਣਾ ਪਿਆ ਅਤੇ ਇਹ ਅਣਮਨੁੱਖੀ ਪ੍ਰਥਾ ਬੰਦ ਹੋਈ।

ਡਾ. ਅੰਬੇਡਕਰ 2 ਜੁਲਾਈ, 1942 ਨੂੰ ਵਾਇਸਰਾਏ ਇੰਡੀਆ ਦੀ ਕਾਰਜ ਸਾਧਕ ਕੌਂਸਲ ਦੇ ਲੇਬਰ ਮੈਂਬਰ ਬਣੇ ਅਤੇ 10 ਸਿਤੰਬਰ 1946 ਤੱਕ ਇਸ ਅਹੁਦੇ ਤੇ ਰਹਿੰਦਿਆਂ ਉਹਨਾਂ ਮਜ਼ਦੂਰ ਵਰਗ ਦੀ ਬਿਹਤਰੀ ਲਈ ਅਹਿਮ ਕਦਮ ਉਠਾਏ। ਡਾ. ਅੰਬੇਡਕਰ ਨੇ 17 ਸਤੰਬਰ 1943 ਨੂੰ ਦਿੱਲੀ ਵਿਖੇ ਆਲ ਇੰਡੀਆ ਟ੍ਰੇਡ ਯੂਨੀਅਨ ਕੈਂਪ ਦੌਰਾਨ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ "ਮਜ਼ਦੂਰ ਵਰਗ ਨੂੰ ਇਹ ਗੱਲ ਮੰਨਣੀ ਚਾਹੀਦੀ ਹੈ ਕਿ ਉਹਨਾਂ ਦਾ ਆਖਰੀ ਮਕਸਦ ਟ੍ਰੇਡ ਯੂਨੀਅਨ ਕਾਇਮ ਕਰਨਾ ਹੀ ਨਹੀਂ ਬਲਕਿ ਉਹਨਾਂ ਦਾ ਨਿਸ਼ਾਨਾ ਸਰਕਾਰ ਸੰਭਾਲਣਾ ਹੈ। ਇਸ ਲਈ ਉਹਨਾਂ ਨੂੰ ਰਾਜਨੀਤਿਕ ਦੱਲ ਵਜੋਂ ਮਜ਼ਦੂਰ ਪਾਰਟੀ ਕਾਇਮ ਕਰਨੀ ਹੋਵੇਗੀ। "ਡਾ ਅੰਬੇਡਕਰ 9 ਦਿਸੰਬਰ 1944 ਨੂੰ ਬਿਹਾਰ ਦੇ ਧਨਬਾਦ ਇਲਾਕੇ ਵਿੱਚ ਜ਼ਮੀਨ ਦੋਜ ਵਿੱਚ 400 ਫੁੱਟ ਡੂੰਘੀ ਖਾਨ ਵਿੱਚ ਉਤਰੇ ਅਤੇ ਉੱਥੋਂ ਦੀਆਂ ਖਾਨਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਜ਼ਮੀਨੀ ਹਲਾਤਾਂ ਨੂੰ ਜਾਣਿਆ। ਇੱਥੇ ਮਜ਼ਦੂਰਾਂ ਦੇ ਹਾਲਾਤ ਬਹੁਤ ਖਰਾਬ ਸਨ ਅਤੇ ਉਹਨਾਂ ਤੋਂ ਬੰਧੂਆ ਮਜ਼ਦੂਰਾਂ ਦੀ ਤਰਾਂ ਕੰਮ ਲਿਆ ਜਾਂਦਾ ਸੀ। ਇਹਨਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਡਾ। ਅੰਬੇਡਕਰ ਨੇ ਆਪਣੇ ਸੰਘਰਸ਼ ਅਤੇ ਵਿੱਦਵਤਾ ਨਾਲ ਕਰੀਬ 40 ਕਿਰਤ ਕਾਨੂੰਨ ਪਾਸ ਕਰਵਾਏ। ਡਾ. ਅੰਬੇਡਕਰ ਨੇ 1946 ਵਿੱਚ ਸੈਂਟਰਲ ਅਸੈਂਬਲੀ ਵਿੱਚ ਇੱਕ ਬਿੱਲ ਪੇਸ਼ ਕੀਤਾ ਜੋ 1948 ਵਿੱਚ "ਘੱਟੋ-ਘੱਟ ਉਜਰਤ" ਕਾਨੂੰਨ ਵਜੋਂ ਪਾਸ ਹੋਇਆ।ਇਸ ਵਿੱਚ ਮਜ਼ਦੂਰਾਂ ਦੀ ਸੇਵਾ ਅਤੇ ਉਜਰਤ ਦੀਆਂ ਪੱਕੀਆਂ ਸ਼ਰਤਾਂ ਸਨ। ਡਾ ਅੰਬੇਡਕਰ ਨੇ ਮਜ਼ਦੂਰਾਂ ਸਬੰਧੀ ਅੰਕੜੇ ਇੱਕਠੇ ਕਰਨ ਲਈ ਲੇਬਰ ਬਿਊਰੋ ਦੀ ਸਥਾਪਨਾ ਕਰਵਾਈ। ਇਹ ਅੰਕੜੇ ਮਜ਼ਦੂਰਾਂ ਸਬੰਧੀ ਨੀਤੀਆਂ ਬਣਾਉਣ ਲਈ ਸਹਾਈ ਹੁੰਦੇ ਹਨ। ਮਜ਼ਦੂਰਾਂ ਅਤੇ ਮਾਲਕਾਂ ਵਿਚਕਾਰ ਵਿਵਾਦਾਂ ਨੂੰ ਹੱਲ ਕਰਨ ਲਈ ਮਜ਼ਦੂਰ, ਮਾਲਕ ਅਤੇ ਸਰਕਾਰ ਤਿੰਨ ਧਿਰੀ ਬੋਰਡਾਂ ਅਤੇ ਰੋਜ਼ਗਾਰ ਦਫਤਰਾਂ ਦੀ ਸਥਾਪਨਾ ਵੀ ਉਹਨਾਂ ਦੇ ਸੰਘਰਸ਼ ਦਾ ਨਤੀਜਾ ਸੀ।"ਪੰਜਾਬ ਲੈਂਡ ਐਲੀਨੇਸ਼ਨ ਐਕਟ-1919" ਮੁਤਾਬਿਕ ਅਛੂਤ ਖੇਤੀ ਤਾਂ ਕੀ ਘਰ ਬਣਾਉਣ ਲਈ ਵੀ ਜ਼ਮੀਨ ਖਰੀਦ ਕੇ ਮਾਲਕ ਨਹੀਂ ਸੀ ਬਣ ਸਕਦਾ। ਪੰਜਾਬ ਕਾਨੂੰਨ-1872 ਅਨੁਸਾਰ ਮਰਨ ਵਾਲੇ ਜਾਨਵਾਰਾਂ ਨੂੰ ਉਠਾਉਣ ਦੇ ਬਦਲੇ (ਜੋ ਕਿ ਸਫਾਈ ਮਜ਼ਦੂਰ ਦਾ ਕੰਮ ਸੀ) ਕੋਈ ਮਜ਼ਦੂਰੀ ਨਹੀਂ ਸੀ ਦਿੱਤੀ ਜਾਂਦੀ ਜੋ ਕਿ ਇੱਕ ਬੇਗਾਰ ਸੀ। ਡਾ ਅੰਬੇਡਕਰ ਦੇ ਸੰਘਰਸ਼ ਸਦਕਾ ਇਹ ਸਾਰੇ ਕਾਲੇ ਕਾਨੂੰਨ ਖਤਮ ਹੋਏ। ਮਜ਼ਦੂਰਾਂ ਨੂੰ ਢੁੱਕਵੀਆਂ ਉਜਰਤਾਂ ਮਿਲਣ ਲੱਗੀਆਂ ਅਤੇ ਉਹ ਜਮੀਨੇ ਦੇ ਮਾਲਕ ਬਣਨ ਲੱਗੇ। ਡਾ. ਅੰਬੇਡਕਰ ਕਹਿੰਦੇ ਸਨ ਕਿ "ਭਾਰਤ ਵਿੱਚ ਭੂਮੀ ਮਲਕੀਅਤ ਕੇਵਲ ਨਿੱਜੀ ਸੰਪਤੀ ਦਾ ਹੀ ਪ੍ਰਸ਼ਨ ਨਹੀਂ ਬਲਕਿ ਇਹ ਸਮਾਜਿਕ ਇੱਜਤ ਤੇ ਵੱਕਾਰ ਦਾ ਪ੍ਰਸ਼ਨ ਵੀ ਹੈ। ਪ੍ਰੰਪਰਾਗਤ ਪੇਂਡੂ ਆਰਥਿਕ ਅਸਮਾਨਤਾ ਤੇ ਅਨਿਆਂ ਦਾ ਮੁੱਢਲਾ ਕਾਰਨ ਹੈ। ਸਾਡੀ ਭੂਮੀ ਵੰਡ ਔਗੁਣਾਂ ਭਰਪੂਰ ਅਤੇ ਅਣਵਾਸਤਵਿਕ ਹੈ। ਇਸ ਕਿਸਮ ਦੀ ਭੂਮੀ ਵੰਡ ਤੇ ਖੇਤੀਬਾੜੀ ਲੋਕਤੰਤਰੀ ਤੇ ਸਮਾਜਵਾਦੀ ਸਿਧਾਤਾਂ ਦੇ ਉਲਟ ਹੈ।" ਇਸ ਲਈ ਉਹ ਭੂਮੀ ਦਾ ਕੌਮੀਕਰਨ ਕਰਨਾ ਚਾਹੁੰਦੇ ਸਨ ਤਾਂ ਕਿ ਖੇਤ ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਵੀ ਜ਼ਮੀਨ ਦਾ ਹੱਕ ਮਿਲ ਸਕੇ। ਡਾ ਅੰਬੇਡਕਰ ਦਾ ਮਤ ਸੀ ਕਿ ਦੇਸ਼ ਦੇ ਦਲਿਤ ਮਜ਼ਦੂਰ ਕਿਸਾਨ ਜਿਮੀਂਦਾਰਾਂ ਦੇ ਅੱਤਿਆਚਾਰ ਦਾ ਸ਼ਿਕਾਰ ਹਨ। ਉਹਨਾਂ ਨੂੰ ਜਿਮੀਂਦਾਰਾਂ ਤੇ ਨਿਰਭਰ ਹੋਣਾ ਪੈਂਦਾ ਹੈ। ਜਿਸ ਕਾਰਨ ਉਹ ਗੁਲਾਮੀ ਭਰੀ ਜਿੰਦਗੀ ਜਿਉਂਦੇ ਹਨ। ਉਹ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ ਇਸ ਦੇ ਲਈ ਭੂਮੀ ਦਾ ਕੌਮੀਕਰਨ ਹੋਣਾ ਜ਼ਰੂਰੀ ਹੈ। ਵੱਧ ਤੋਂ ਵੱਧ ਫਾਰਮ ਬਣਾ ਕੇ ਸਮੂਹਿਕ ਤੌਰ ਤੇ ਖੇਤੀ ਕੀਤੀ ਜਾਵੇ। ਇਸ ਤਰਾਂ ਸਮਾਨਤਾ ਕਾਰਨ ਕੋਈ ਕਿਸੇ ਨੂੰ ਦਬਾ ਨਹੀਂ ਸਕੇਗਾ।

ਡਾ. ਅੰਬੇਡਕਰ ਵਲੋਂ ਮਜ਼ਦੂਰ ਵਰਗ ਪ੍ਰਤੀ ਕੀਤੇ ਗਏ ਸੰਘਰਸ਼ ਦੀ ਬਦੌਲਤ ਦੇਸ਼ ਦੀ ਉਸਾਰੀ ਵਿੱਚ ਲੱਗੇ ਕਰੋੜਾਂ ਮਜ਼ਦੂਰਾਂ ਨੂੰ ਉਹਨਾਂ ਦੇ ਇਨਸਾਨੀ ਹੱਕ ਮਿਲੇ ਅਤੇ ਹੱਕਾਂ ਦੀ ਪ੍ਰਾਪਤੀ ਲਈ ਲੜਨ ਦਾ ਅਧਿਕਾਰ ਮਿਲਿਆ। ਉਹਨਾਂ ਦੀ ਸਮਾਜਿਕ ਅਤੇ ਆਰਥਿਕ ਲੁੱਟ ਖਸੁੱਟ ਰਹਿਤਸਮਾਜ ਸਿਰਜਣ ਦੀ ਪਵਿੱਤਰ ਸੋਚ, ਕੁਰਬਾਨੀ ਅਤੇ ਮਹਾਨ ਸੰਘਰਸ਼ ਸਦਕਾ ਉਹਨਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ। ਡਾ ਅੰਬੇਡਕਰ ਲਿਖਦੇ ਹਨ ਕਿ "ਖੋਹੇ ਹੋਏ ਹੱਕ ਉਹਨਾਂ ਨੂੰ ਹੜੱਪ ਕਰਨ ਵਾਲਿਆਂ ਦੀ ਜਮੀਰ ਨੂੰ ਅਰਜੋਈਆਂ ਜਾਂ ਬੇਨਤੀਆਂ ਨਾਲ ਝੰਜੋੜਨ ਨਾਲ ਨਹੀਂ ਬਲਕਿ ਉਹਨਾਂ ਦੇ ਖਿਲਾਫ ਕਰੜੇ ਸੰਘਰਸ਼ਾਂ ਨਾਲ ਪ੍ਰਾਪਤ ਹੁੰਦੇ ਹਨ।" ਉਹ ਹੋਰ ਅੱਗੇ ਲਿਖਦੇ ਹਨ ਕਿ "ਸਾਡੀ ਲਹਿਰ ਦਾ ਲਕਸ਼ ਅੱਤਿਆਚਾਰ, ਅਨਿਆਂ ਅਤੇ ਝੂਠੀਆਂ ਰਵਾਇਤਾਂ ਵਿਰੁੱਧ ਘੋਲ ਕਰਨਾ ਅਤੇ ਗਰੀਬ ਜਨਤਾ ਦੀਆਂ ਗੁਲਾਮੀ ਦੀਆਂ ਬੇੜੀਆਂ ਨੂੰ ਤੋੜਨਾ ਹੈ।"

ਡਾ. ਅੰਬੇਡਕਰ 18 ਮਾਰਚ 1956 ਨੂੰ ਰਾਮ ਲੀਲਾ ਮੈਦਾਨ ਆਗਰਾ ਦੀ ਕਾਨਫਰੰਸ ਦੌਰਾਨ ਲੱਖਾਂ ਲੋਕਾਂ ਦੀ ਹਾਜ਼ਰੀ ਵਿੱਚ ਸਟੇਜ ਉੱਤੇ ਭਾਵੁਕ ਹੋ ਕੇ ਬੋਲੇ ਕਿ "ਉਹ ਸਮਝਦੇ ਸਨ ਕਿ ਪੜ੍ਹੇ ਲਿਖੇ ਲੋਕ ਸਮਾਜ ਦੀ ਬਾਂਹ ਫੜ ਕੇ ਉਸ ਨੂੰ ਦਿਮਾਗੀ ਤੌਰ ਤੇ ਤਿਆਰ ਕਰਕੇ ਲੇਬਰ ਪਾਰਟੀ ਨੂੰ ਜਨਮ ਦੇਣਗੇ। ਪਰ ਉਹਨਾਂ ਨੂੰ ਜਿਊਂਦੇ ਜੀਅ ਆਪਣਾ ਸਪਨਾ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ।" ਅੱਖਾਂ ਵਿੱਚੋਂ ਅੱਥਰੂ ਵਗਾਉਂਦਿਆਂ ਉਹਨਾਂ ਕਿਹਾ ਕਿ "ਜਿਸ ਕਾਰਵਾਂ ਨੂੰ ਮੈਂ ਬੜੀਆਂ ਮੁਸ਼ਕਿਲਾਂ ਦੇ ਨਾਲ ਹਨੇਰੇ ਯੁੱਗ ਵਿੱਚੋਂ ਕੱਢ ਕੇ ਇੱਥੇ ਤੱਕ ਲਿਆਇਆ ਹਾਂ ਜੇਕਰ ਤੁਸੀਂ ਇਸ ਨੂੰ ਅੱਗੇ ਨਹੀਂ ਲਿਜਾ ਸਕਦੇ ਤਾਂ ਘੱਟੋ-ਘੱਟ ਇਸਨੂੰ ਪਿੱਛੇ ਵੀ ਨਾ ਜਾਣ ਦਿਓ।"

ਡਾ. ਅੰਬੇਡਕਰ ਨੇ 1924-25 ਵਿੱਚ ਰੌਇਲ ਕਮਿਸ਼ਨ ਆਫ ਇੰਡੀਆ ਦੇ ਸਾਹਮਣੇ ਇੰਡੀਆ ਨੂੰ ਦੇਸ਼ ਦੀ ਅਰਥ ਵਿਵਸਥਾ ਅਤੇ ਵਿੱਤੀ ਕ੍ਰੰਸੀ ਸਬੰਧੀ ਰੂਪ ਰੇਖਾ ਅਤੇ ਆਪਣੇ ਬੇਸ਼ੁਮਾਰ ਕੀਮਤੀ ਸੁਝਾਅ ਦਿੱਤੇ ਸਨ।ਉਹਨਾਂ ਦੁਆਰਾ ਸੁਝਾਈ ਰੂਪ ਰੇਖਾ ਮੁਤਾਬਿਕ ਰਿਜ਼ਰਵ ਆਫ ਇੰਡੀਆ ਦੀ ਸਥਾਪਨਾ 1 ਅਪ੍ਰੈਲ 1935 ਨੂੰ ਹੋਈ। ਉਹਨਾਂ ਵਲੋਂ 1947 ਵਿੱਚ ਵੰਡ ਤੋਂ ਪਹਿਲਾਂ ਉਹਨਾਂ ਵੱਲੋਂ ਦਿੱਤੇ ਸਰਕਾਰੀ ਖਰਚੇ ਤੇ ਅਬਾਦੀ ਦੇ ਤਬਾਦਲੇ ਦੇ ਸੁਝਾਅ ਮੰਨੇ ਜਾਂਦੇ ਤਾਂ ਲੱਖਾ ਲੋਕਾਂ ਦੇ ਵੱਡੇ ਕਤਲੇਆਮ ਅਤੇ ਉਜਾੜੇ ਤੋਂ ਦੇਸ਼ ਵਾਸੀਆਂ ਨੂੰ ਬਚਾਇਆ ਜਾ ਸਕਦਾ ਸੀ। ਜੇਕਰ ਸਮੇਂ ਦੇ ਹਾਕਮਾਂ ਨੇ ਵੱਖ-ਵੱਖ ਸਮਿਆਂ ਤੇ ਡਾ। ਅੰਬੇਡਕਰ ਵੱਲੋਂ ਦੇਸ਼ ਦੇ ਹਿੱਤ ਵਿੱਚ ਦਿੱਤੇ ਸੁਝਾਅ ਮੰਨੇ ਹੁੰਦੇ ਤਾਂ ਭਾਰਤ ਦੇਸ਼ ਦੁਨੀਆਂ ਭਰ ਦੀ ਸੱਭ ਤੋਂ ਵੱਡੀ ਤਾਕਤ ਹੁੰਦਾ।

ਡਾ. ਅੰਬੇਡਕਰ ਕਹਿੰਦੇ ਸਨ ਕਿ ਲੋਕ ਸਭ ਤੋਂ ਪਹਿਲਾਂ ਭਾਰਤੀ ਹੋਣ ਅਤੇ ਅੰਤ ਤੱਕ ਭਾਰਤੀ ਰਹਿਣ, ਭਾਰਤੀ ਦੇ ਇਲਾਵਾ ਕੁਝ ਵੀ ਨਹੀਂ। ਉਹ ਇਹ ਵੀ ਨਹੀਂ ਚਾਹੁੰਦੇ ਸਨ ਕਿ ਲੋਕ ਇਹ ਕਹਿਣ ਕਿ ਮੈਂ ਪਹਿਲਾਂ ਭਾਰਤੀ ਹਾਂ ਅਤੇ ਬਾਅਦ ਵਿੱਚ ਹਿੰਦੂ ਜਾਂ ਮੁਸਲਮਾਨ। ਨਿੱਜੀ ਸਵਾਰਥ ਰਾਸ਼ਟਰ ਦੀ ਤੁਲਨਾ ਵਿੱਚ ਹਮੇਸ਼ਾ ਪਿੱਛੇ ਰਹਿਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਨਿੱਜੀ ਸਵਾਰਥਾਂ ਨੂੰ ਦੇਸ਼ ਦੇ ਹਿੱਤ ਤੋਂ ਵੱਖ ਰੱਖਣਾ ਹੋਵੇਗਾ ਨਹੀਂ ਤਾਂ ਹਿੱਤਾਂ ਦਾ ਟਕਰਾਵ ਸਮਾਜ ਅਤੇ ਰਾਸ਼ਟਰ ਦੇ ਵਿਰੁੱਧ ਜਾਂਦਾ ਹੈ। ਮੈਂ ਆਪਣੇ ਦੇਸ਼ ਨੂੰ ਬਹੁਤ ਪਿਆਰ ਕਰਦਾ ਹਾਂ। ਜੇਕਰ ਮੇਰੇ ਆਪਣੇ ਹਿੱਤਾਂ ਅਤੇ ਦੇਸ਼ ਦੇ ਹਿੱਤਾਂ ਵਿਚਕਾਰ ਕੋਈ ਟਕਰਾਓ ਹੋਵੇਗਾ ਤਾਂ ਮੈਂ ਆਪਣੇ ਹਿੱਤ ਤਿਆਗ ਕੇ ਦੇਸ਼ ਨੂੰ ਹਮੇਸ਼ਾ ਪਹਿਲ ਦੇਵਾਂਗਾ।" ਡਾ. ਅੰਬੇਡਕਰ ਦੇ ਕਠਿਨ ਸੰਘਰਸ਼ ਦੀ ਬਦੌਲਤ 1928 ਵਿੱਚ ਭਾਰਤ ਆਏ ਸਾਇਮਨ ਕਮਿਸ਼ਨ ਦੀ ਰਿਪੋਰਟ, 1930, 1931 ਅਤੇ 1932 ਵਿੱਚ ਲੰਦਨ ਵਿਖੇ ਹੋਈਆਂ ਗੋਲ ਮੇਜ਼ ਕਾਨਫਰੰਸਾਂ ਤੋਂ ਬਾਅਦ 24 ਸਤੰਬਰ 1932 ਨੂੰ ਹੋਏ ਪੂਨਾ ਪੈਕਟ ਦੇ ਅਧਾਰ ਤੇ ਬ੍ਰਿਟਿਸ਼ ਪਾਰਲੀਮੈਂਟ ਵਲੋਂ ਗੌਰਮੈਂਟ ਆਫ ਇੰਡੀਆ ਐਕਟ-1935 ਨੂੰ ਮਨਜ਼ੂਰੀ ਦਿੱਤੀ ਗਈ। ਇਸ ਐਕਟ ਰਾਹੀਂ ਦੱਬੇ ਕੁਚਲੇ ਮਜ਼ਦੂਰਾਂ, ਪੱਛੜੇ ਵਰਗਾਂ ਅਤੇ ਆਮ ਲੋਕਾਂ ਨੂੰ ਮਿਲੇ ਸਮੁੱਚੇ ਅਧਿਕਾਰਾਂ ਨੂੰ 26 ਜਨਵਰੀ 1950 ਨੂੰ ਲਾਗੂ ਹੋਏ ਭਾਰਤੀ ਸੰਵਿਧਾਨ ਵਿੱਚ ਦਰਜ ਕੀਤਾ ਗਿਆ।ਭਾਰਤ ਦਾ ਸੰਵਿਧਾਨ ਬਣਾਉਣ ਲਈ ਡਾ। ਅੰਬੇਡਕਰ ਵਲੋਂ 2 ਸਾਲ 11 ਮਹੀਨੇ 18 ਦਿਨ ਸਖਤ ਮਿਹਨਤ ਕਰਨੀ ਪਈ। ਅੱਜ ਅਸੀਂ ਜੋ ਵੀ ਸੰਵਿਧਾਨਕ ਅਧਿਕਾਰ ਮਾਣ ਰਹੇ ਹਾਂ ਜਾਂ ਅਧਿਕਾਰਾਂ ਲਈ ਲੜ ਰਹੇ ਹਾਂ ਇਹ ਸਾਰਾ ਕੁਝ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਦੇਣ ਹੈ। ਉਹਨਾਂ ਦੀ ਵਿਲੱਖਣ ਕੁਰਬਾਨੀ ਸਦਕਾ ਬਿਨਾਂ ਕਿਸੇ ਖੂਨ ਖਰਾਬੇ ਅਤੇ ਬਿਨਾਂ ਲੜਾਈ ਦੇਸ਼ ਵਾਸੀਆਂ ਨੂੰ ਰਾਜਨੀਤਿਕ ਬਰਾਬਰੀ ਸੰਵਿਧਾਨ ਦੇ ਰੂਪ ਵਿੱਚ ਮਿਲੀ ਤੇ ਇਸਦੇ ਨਾਲ ਸਮਾਜਿਕ ਅਤੇ ਆਰਥਿਕ ਬਰਾਬਰੀ ਲਈ ਸੰਘਰਸ਼ ਦਾ ਮੁੱਢ ਬੱਝਿਆ।

# ਅੰਬੇਡਕਰ ਅਪਣਾਓ, ਮਾਨਵਤਾ ਬਚਾਓ



ਯੂਨਾਨੋ, ਮਿਸਰੋ, ਰੋਮਾ ਸਭ ਮਿਟ ਗਏ ਯਹਾਂ ਸੇ,
ਬਾਕੀ ਅਭੀ ਤਲਕ ਹੈ, ਨਾਮੋ ਨਿਸਾਂ ਹਮਾਰਾ।
ਕੁਛ ਬਾਤ ਹੈ ਕਿ ਹਸਤੀ, ਮਿਟਤੀ ਨਹੀਂ ਹਮਾਰੀ,
ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜ਼ਮਾਂ ਹਮਾਰਾ॥

ਡਾ: ਇਕਬਾਲ ਨੇ ਨਾ ਜਾਣੇ ਇਹ ਸ਼ੇਅਰ ਕਿਸ ਮਾਹੌਲ ਵਿੱਚ ਲਿਖਿਆ ਹੋਵੇਗਾ ਪਰ ਜੰਬੂਦੀਪ (ਭਾਰਤ) ਦੇ ਮੂਲਨਿਵਾਸੀਆਂ ਉੱਤੇ 100% ਪੂਰਾ ਢੁਕਦਾ ਹੈ। ਅੱਜ ਅਸਟ੍ਰੇਲੀਆ ਦੇ ਓਬਰੀਜਨੀਆਂ ਨੂੰ ਇਸ ਤਰ੍ਹਾਂ ਨਕਾਰਾ ਕਰਕੇ ਇੱਕ ਪਾਸੇ ਕਰ ਦਿੱਤਾ ਗਿਆ ਹੈ ਕਿ ਉਹ ਕਦੀ ਵੀ ਆਪਣੇ ਦੇਸ਼ ਨੂੰ ਆਪਣੇ ਹੱਥਾਂ ਵਿੱਚ ਲੈਣ ਦਾ ਸੋਚ ਵੀ ਨਹੀਂ ਸਕਦੇ। ਅਸਟਰੇਲੀਆ ਦੀ ਸਾਰੀ ਆਰਥਕ ਅਤੇ ਰਾਜਨੀਤਕ ਤਾਕਤ ਬਾਹਰੋਂ ਗਏ ਹੋਏ ਲੋਕਾਂ ਦੇ ਹੱਥ ਵਿੱਚ ਹੈ। ਅਮਰੀਕਾ ਵਿੱਚ ਰੈਡ ਇੰਡੀਅਨਾਂ ਦਾ ਪੂਰੀ ਤਰ੍ਹਾਂ ਪੱਤਣ ਕਰਕੇ ਬਾਹਰੋਂ ਆਏ ਹੋਏ ਲੋਕਾਂ ਨੇ ਰੈਡ ਇੰਡੀਅਨਾਂ ਦਾ ਸਾਰਾ ਕਲਚਰ ਖ਼ਤਮ ਕਰ ਦਿੱਤਾ ਹੈ, ਭਵਿੱਖ ਵਿੱਚ ਰੈਡ ਇੰਡੀਅਨ ਕਦੀ ਵੀ ਆਪਣੇ ਦੇਸ਼ ਅਮਰੀਕਾ ਉੱਤੇ ਕਦੀ ਵੀ ਰਾਜ ਨਹੀਂ ਕਰ ਸਕਦੇ। ਨਿਊਜ਼ੀਲੈਂਡ ਦੇ ਮੌਰੇ ਜੋ ਕਿ ਨਿਊਜ਼ੀਲੈਂਡ ਦੇ ਮੂਲਨਿਵਾਸੀ ਹਨ, ਕਦੀ ਸੁਪਨੇ ਵਿੱਚ ਵੀ ਸੋਚ ਨਹੀਂ ਸਕਦੇ ਕਿ ਅਸੀਂ ਨਿਊਜ਼ੀਲੈਂਡ ਦੀ ਰਾਜਨੀਤਕ ਅਤੇ ਆਰਥਕ ਵਿਵਸਥਾ ਉੱਤੇ ਕੰਟਰੋਲ ਕਰੀਏ।

ਭਾਰਤ ਦੇ ਮੂਲਨਿਵਾਸੀ ਜਿਨ੍ਹਾਂ ਨੂੰ ਚਾਰ ਨਾਵਾਂ ਨਾਲ ਜਾਣਿਆ ਜਾਂਦਾ ਸੀ, ਦਰਾਵੜ, ਨਾਗ, ਭੀਲ ਅਤੇ ਕੋਲ। ਯੂਰੇਸ਼ੀਅਨ ਬਾਮਣਾਂ ਦੇ ਸੈਨਿਕਾਂ (ਇੰਦਰ ਇਨ੍ਹਾਂ ਵਿੱਚੋਂ ਇੱਕ ਸੀ) ਨੇ ਹਰ ਤਰ੍ਹਾਂ ਦੇ ਛੱਡਯੰਤਰ ਰਚਕੇ ਇਨ੍ਹਾਂ ਨੂੰ ਹਰਾਉਣ ਤੋਂ ਬਾਅਦ ਜੰਬੂਦੀਪ ਇਨ੍ਹਾਂ ਮੂਲਨਿਵਾਸੀਆਂ ਨੂੰ ਅਲੱਗ ਅਲੱਗ 6,743 ਜਾਤਾਂ ਵਿੱਚ ਵੰਡ ਦਿੱਤਾ। ਜਿਸ ਰਿਗਵੇਦ ਨੂੰ ਇਹ ਯੂਰੇਸ਼ੀਅਨ ਬਾਮਣ ਆਪਣੇ ਨਾਲ ਲੈਕੇ ਆਏ ਸਨ, ਉਸ ਵਿੱਚ ਯੂਰੇਸ਼ੀਅਨਾਂ ਅਤੇ ਦਸੂਆ ਰਾਜਿਆਂ ਦੇ ਯੁੱਧਾਂ ਦਾ ਵਰਣਨ ਹੈ। ਭਾਰਤ ਦੇ ਲੋਕਾਂ ਨੂੰ ਜਾਤ-ਪਾਤ ਵਿੱਚ ਵੰਡਕੇ ਇਹ ਯੂਰਟਸ਼ੀਅਨ ਆਪ ਐਸ਼ੋ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਲੱਗੇ। ਬਾਅਦ ਵਿੱਚ ਇਨ੍ਹਾਂ ਚੌਹਾਂ ਨੇ ਆਪਣੇ ਬਜ਼ੁਰਗ ਸਾਕੀਆ ਮੁਨੀ ਗੌਤਮ ਬੁੱਧ ਦੇ ਆਜ਼ਾਦੀ, ਬਰਾਬਰਤਾ ਅਤੇ ਭਾਈਚਾਰੇ ਵਾਲੇ ਧੰਮ ਨੂੰ ਅਪਣਾਇਆ। ਸਮਰਾਟ ਦੇਵ ਅਸ਼ੋਕ ਤੋਂ ਲੈਕੇ ਸਮਰਾਟ ਹਰਸ਼ ਵਰਧਨ ਤੱਕ ਇਸ ਜਾਤ-ਪਾਤ ਦੇ ਸੱਪ ਨੇ ਸਿਰ ਨਹੀਂ ਚੁੱਕਿਆ ਬਾਮਣਾਂ ਨੂੰ ਉਨ੍ਹਾਂ ਦੀ ਲਿਆਕਤ ਦੇ ਆਧਾਰ ਤੇ ਕੰਮ ਮਿਲਦਾ ਪਰ ਉਹ ਆਪਣੀ ਵਰਣ ਵਿਵਸਥਾ ਅਤੇ ਜਾਤ ਪਾਤ ਨੂੰ ਨਹੀਂ ਭੁੱਲੇ ਸਨ, ਮੌਕਾ ਮਿਲਣ ਤੇ ਮੁਸਲਮਾਨਾਂ ਦੀ ਸਹਾਇਤਾ ਨਾਲ ਜੰਬੂਦੀਪ ਦੇ ਮੂਲਨਿਵਾਸੀਆਂ (ਬੋਧੀਆਂ) ਨੂੰ ਇਨ੍ਹਾ ਯੂਰੇਸ਼ੀਅਨਾ ਨੇ ਸੈਂਕੜੇ ਜਾਤਾਂ ਵਿੱਚ ਤਾਂ ਵੰਡਿਆ ਹੋਇਆ ਸੀ ਪਰ ਹੁਣ ਇਨ੍ਹਾਂ ਬੋਧੀਆਂ ਨੂੰ ਅਛੂਤ ਬਣਾ ਦਿੱਤਾ। ਇਨ੍ਹਾਂ ਬੋਧੀਆਂ ਨੂੰ ਜਿਸ ਤਰ੍ਹਾਂ ਦੀ ਗੁਲਾਮੀ, ਗਰੀਬੀ, ਜਹਾਲਤ, ਅਨਪੜ੍ਹਤਾ ਅੰਧਵਿਸ਼ਵਾਸ ਅਤੇ ਨਾ ਜਾਣੇ ਕਿਹੜੇ ਕਿਹੜੇ ਜ਼ੁਲਮ ਸਹਿਣੇ ਪਏ। ਅਗਰ ਅਸੀਂ ਦੁਨੀਆ ਦਾ ਇਤਿਹਾਸ ਫੋਲਕੇ ਦੇਖੀਏ ਤਾਂ ਜੋ ਗੁਲਾਮੀ ਜੰਬੂਦੀਪ ਵਿੱਚ ਇੱਥੋਂ ਦੇ ਮੂਲਨਿਵਾਸੀ ਬੋਧੀਆਂ ਤੇ ਲਾਗੂ ਸੀ, ਦੁਨੀਆ ਦੇ ਕਿਸੇ ਹੋਰ ਕੋਣੇ ਵਿੱਚ ਨਹੀਂ ਸੀ। ਜਰਮਨੀ ਦੇ ਯਹੂਦੀ ਨੂੰ ਹੀ ਲੈ ਲਓ, ਹਿਟਲਰ ਨੇ ਅੱਗ ਦੇ ਚੈਂਬਰਾਂ ਵਿੱਚ ਲੱਖਾਂ ਯਹੂਦੀਆਂ ਨੂੰ ਸਾੜ੍ਹਿਆ ਉਨ੍ਹਾਂ ਦੀਆਂ ਔਰਤਾਂ ਨਾਲ ਜਬਰ ਜਨਾਹ ਕੀਤੇ ਪਰ ਯਹੂਦੀਆਂ ਦੇ ਤਰੱਕੀ ਕਰਨ ਦੇ ਰਸਤੇ ਖੁੱਲੇ ਸਨ। ਇਤਿਹਾਸ ਵਿੱਚ ਅਮਰੀਕਾ ਦੇ ਹਬਸ਼ੀਆਂ ਵਲਾਂ ਝਾਤੀ ਮਾਰਕੇ ਦੇਖੋ, ਜਦੋਂ ਇੱਕ ਅੰਗਰੇਜ਼ ਮੰਡੀ ਵਿੱਚੋਂ ਹਬਸ਼ੀ ਨੂੰ ਖਰੀਦ ਦਾ ਸੀ ਤਾਂ ਉਸਦੇ ਡੌਲ੍ਹੇ ਟੋਹਕੇ ਦੇਖਦਾ ਕਿ ਮੇਰੇ ਖੇਤਾਂ ਵਿੱਚ ਕੰਮ ਕਰਨ ਲਈ ਤਾਕਤਵਰ ਵੀ ਹੈ ? ਹਬਸ਼ੀ ਦੀ ਵਾਇਫ ਆਪਣੇ ਗੋਰੇ ਮਾਲਕ ਦੀ ਰਸੋਈ ਵਿੱਚ ਖਾਣਾ ਬਣਾਉਣ ਦਾ ਕੰਮ ਕਰਦੀ। ਲੇਕਿਨ ਅੱਜ ਵੀ ਭਾਰਤ ਦੇ ਅਛੂਤਾਂ ਦੀ ਹਾਲਤ ਇਨ੍ਹਾਂ ਸਭ ਨਾਲੋਂ ਭੈੜੀ ਸੀ, ਅੱਜ ਵੀ ਇੱਕਵੀਂ ਸਦੀ ਵਿੱਚ ਇੱਕ ਬਾਮਣ ਦੀ ਰਸੋਈ ਵਿੱਚ ਅਛੂਤ ਔਰਤ ਦਾ ਖਾਣਾ ਬਣਾਉਣ ਦੀ ਗੱਲ ਤਾਂ ਬਹੁਤ ਦੂਰ ਹੈ ਅਗਰ ਅਛੂਤ ਰਸੋਈ ਦੇ ਕੋਲੋਂ ਵੀ ਲੰਘ ਹੀ ਜਾਵੇ ਤਾਂ ਉਸਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਬਾਹਰ ਅਛੂਤ ਦਾ ਪ੍ਰਛਾਵਾ ਵੀ ਅਗਰ ਯੂਰੇਸ਼ੀਅਨ ਬਾਮਣ ਉੱਤੇ ਪੈ ਜਾਵੇ ਤਾਂ ਬਾਮਣ ਭਰਿਸ਼ਟ ਹੋ ਜਾਂਦਾ ਸੀ, ਹੋ ਜਾਂਦਾ ਹੈ। ਜਿੰਨੀ ਦੇਰ ਹਿੰਦੂ ਧਰਮ ਗਰੰਥ ਰਹਿਣਗੇ ਹੁੰਦਾ ਰਹੇਗਾ ! ਕਵੀ ਨੇ ਆਪਣੀਆਂ ਲਾਈਨਾਂ ਵਿੱਚ ਬਿਆਨ ਕੀਤਾ ਹੈ -:

ਛਾਇਆ ਕਿਸੀ ਅਛੂਤ ਕੀ, ਭ੍ਰਸ਼ਟ ਨਾ ਕਰ ਦੇ ਦਾਨ,
ਕੀਟਨ ਕੋ ਦੇਨੇ ਚਲੀ, ਪੰਡਤਾਣੀ ਤਿਲ ਧਾਨ

ਇਸ ਘੋਰ ਹਨੇਰੇ ਵਿੱਚ, ਆਕਾਸ਼ ਦਾ ਸੀਨਾ ਪਾੜ੍ਹ ਕੇ ਅੰਬੇਡਕਰ ਨਾਂਅ ਦਾ ਸੂਰਜ ਨਿਕਲਿਆ ਜਿਸਨੇ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ, ਅੰਨਿਆਂ ਨੂੰ ਅੱਖਾਂ, ਭੁੱਖਿਆ ਨੂੰ ਅਨਾਜ਼, ਅਨਪੜ੍ਹਾਂ ਨੂੰ ਵਿੱਦਿਆ ਗੱਲ ਕੀ ਸਭ ਕੁਝ ਦਿੱਤਾ। ਜੋ ਅੱਜ ਤੱਕ ਪ੍ਰਮਾਤਮਾ ਜਾਂ ਰੱਬ ਇਨ੍ਹਾਂ ਲੋਕਾਂ ਲਈ ਨਹੀਂ ਕਰ ਸਕਿਆ, ਬਾਬਾ ਸਾਹਿਬ ਡਾ: ਅੰਬੇਡਕਰ ਨੇ ਉਹ ਕੀਤਾ। ਮਰਹੂਮ ਕਵੀ ਨਿਰਲਮ ਸਿੰਘ ਮਾਹੀ ਨੇ ਸੱਚ ਹੀ ਲਿਖਿਆ ਹੈ-

ਐ ਭੀਮ ਮੁਰਦਾ ਕੌਮ ਵਿੱਚ,
ਕੀ ਜਾਨ ਪਾ ਗਿਆ।
ਮਿੱਟੀ ਦੇ ਜ਼ਰਿਆਂ ਨੂੰ,
ਸੂਰਜ ਬਣਾ ਗਿਆ।




1981-82 ਵਿੱਚ ਰਾਮਧੰਨ ਯੂਪੀ ਤੋਂ ਐਮ ਪੀ ਸਨ, ਉਨ੍ਹਾਂ ਨੇ ਭਾਰਤ ਦੇ ਪਾਰਲੀਮੈਂਟ ਵਿੱਚ ਕਿਹਾ ਸੀ ਕਿ ਭਾਰਤ ਸਾਡਾ ਮੂਲਨਿਵਾਸੀ ਬੋਧੀਆਂ ਦਾ ਦੇਸ਼ ਹੈ, ਬਾਮਣ ਅਤੇ ਬਾਣੀਏ ਬਾਹਰੋਂ ਆਏ ਹੋਏ ਯੂਰੇਸ਼ੀਅਨ ਹਨ, ਅਸੀਂ ਇਸ ਭਾਰਤ ਵਰਸ਼ ਦੇ ਮਾਲਿਕ ਹਾਂ, ਵਾਰਿਸ ਹਾਂ ! ਜਦੋਂ ਸਾਡਾ ਰਾਜ ਅਇਆ ਤਾਂ ਇਹ ਯੂਰੇਸ਼ੀਅਨ ਆਪਣਾ ਬੋਰੀਆ ਬਿਸਤਰਾ ਬੰਨਕੇ ਤਿਆਰ ਰਹਿਣ। ਉਸ ਵੇਲੇ ਮੈਨੂੰ ਵੀ ਇਹ ਗੱਲ ਬੜੀ ਹਾਸੋ-ਹੀਣੀ ਜਿਹੀ ਲੱਗੀ ਸੀ ਪਰ ਅੱਜ ਜਿਸ ਤਰ੍ਹਾਂ ਇਹ ਮੂਲਨਿਵਾਸੀ ਬੋਧੀ ਸੰਘਰਸ਼ ਦੇ ਮੈਦਾਨ ਵਿੱਚ ਉੱਤਰ ਰਹੇ ਹਨ ਅਗਲੇ 25-30 ਸਾਲਾਂ ਤੱਕ ਇਹ ਉਸ ਮੰਜ਼ਲ ਦੇ ਬਹੁਤ ਲਾਗੇ ਚਲੇ ਜਾਣਗੇ। ਪੰਜਾਬ ਦੀ ਉਧਾਰਨ ਲਵੋ, ਅਸੀਂ 1996 ਤੋਂ ਪੰਜਾਬ ਵਿੱਚ ਤਨ, ਮਨ ਅਤੇ ਧੰਨ ਨਾਲ ਬੁੱਧ ਧੰਮ ਦਾ ਪ੍ਰਚਾਰ-ਪ੍ਰਸਾਰ ਸ਼ੁਰੂ ਕੀਤਾ ਸੀ। ਉਸ ਸਮੇਂ ਸਾਰੇ ਪੰਜਾਬ ਦੇ ਇੱਕ ਪਿੰਡ ਵਿੱਚ ਸਿਰਫ ਇੱਕ ਹੀ ਬੁੱਧ ਵਿਹਾਰ ਸੀ। ਅੱਜ ਕੱਲ ਪੰਜਾਬ ਵਿੱਚ 20-22 ਬੁੱਧ ਵਿਹਾਰ ਹਨ। ਉੱਤਰੀ ਭਾਰਤ ਵਿੱਚ ਸਭ ਤੋਂ ਵਿਸ਼ਾਲ ਅਤੇ ਸੁੰਦਰ ਤਕਸ਼ਸਿਲਾ ਮਹਾ ਬੁੱਧ ਵਿਹਾਰ, ਜੀ ਟੀ ਰੋਡ ਲੁ-ਧਿਆਣਾ ਵਿੱਚ ਹੈ। ਅਤੇ ਕਈ ਹੋਰ ਤਿਆਰ ਹੋ ਰਹੇ ਹਨ। 2001 ਦੀ ਮਰਦਮ ਸ਼ੁਮਾਰੀ ਅਨੁਸਾਰ ਪੰਜਾਬ ਵਿੱਚ ਬੁੱਧ ਧੰਮ ਪੰਜਾਬ ਦਾ ਤੀਜਾ ਵੱਡਾ ਧਰਮ ਹੈ। 24 ਜਨਵਰੀ 2010 ਨੂੰ ਕਰਮ ਚੰਦ ਗਾਂਧੀ ਦੇ ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਵਿੱਚ 13,000 ਲੋਕਾਂ ਨੇ ਬਾਬਾ ਸਾਹਿਬ ਦੀਆਂ 22 ਪ੍ਰਤਿਗਿਆਂ ਨੂੰ ਮੰਨਕੇ ਬੁੱਧ ਧੰਮ ਵਿੱਚ ਘਰ ਵਾਪਸੀ ਕੀਤੀ (ਕਨਵਸ਼ਨ ਨਹੀਂ, ਬਾਬਾ ਸਾਹਿਬ ਦੇ ਕਥਨ ਅਨੁਸਾਰ ਬਾਮਣ ਅਤੇ ਬਾਣ-ਿਆਂ ਨੂੰ ਛੱਡਕੇ, ਬਾਕੀ ਸਾਰੇ ਭਾਰਤ ਵਾਸੀ ਬੀਤੇ ਸਮੇਂ ਦੇ ਬੋਧੀ ਹਨ, ਤਾਂ ਫਿਰ ਕਨਵਸ਼ਨ ਕਿਵੇਂ ਹੋਈ? ਉਹ ਆਪਣੇ ਬਜ਼ੁਰਗਾਂ ਦੇ ਪੁਰਾਣੇ ਧੰਮ ਵਿੱਚ ਵੱਪਿਸ ਆਏ ਹਨ ਜੋ ਕਿ ਘਰ ਵਾਪਸੀ ਹੈ) 22 ਮਾਰਚ 2010 ਨੂੰ ਬਿਹਾਰ ਦੇ ਰਵੀਦਾਸੀਆ ਸਮਾਜ ਦੇ ਲੋਕਾਂ ਨੇ ਬੁੱਧ ਗਯਾ ਵਿਖੇ ਲੱਖਾਂ ਦੀ ਗਿਣਤੀ ਵਿੱਚ ਆਪਣੇ ਬਜ਼ੁਰਗਾਂ ਦੇ ਧੰਮ ਵਿੱਚ ਵਾਪਿਸ ਪ੍ਰਵੇਸ਼ ਕੀਤਾ। ਤਾਮਿਲ ਨਾਡੂ ਦੇ ਸ਼ਹਿਰ ਤਰਿਚੀ ਵਿੱਚ 25-26 ਮਈ 2010 ਨੂੰ ਦੋ ਦਿਨ ਲਈ ਬੁੱਧ ਧੰਮ ਦਾ ਸੈਮੀਨਾਰ ਹੋਇਆ ਸੀ। ਲੇਖਕ ਖ਼ੁਦ 1 ਮਈ 2010 ਨੂੰ ਤਾਮਿਲ ਨਾਡੂ ਦੇ ਕੈ-ਡਲੌਰ ਸ਼ਹਿਰ ਵਿੱਚ ਘਰ ਵਾਪਸੀ ਦੇ ਪ੍ਰੋ-ਗਰਾਮ ਵਿੱਚ ਸ਼ਾਮਲ ਸੀ ਜਿਸ ਵਿੱਚ ਦੋ ਢਾਈ ਹਜ਼ਾਰ ਲੋਕ ਬੁੱਧ ਦੀ ਸ਼ਰਣ ਵਿੱਚ ਆਏ ਸਨ। ਇਸ ਤੋਂ ਲੱਗਦਾ ਹੈ ਜੋ ਸਾਡੇ ਮਸੀਹਾ ਬਾਬਾ ਸਾਹਿਬ ਨੇ ਭਾਰਤ ਨੂੰ ਬੁੱਧ-ਮਈ ਭਾਰਤ ਬਣਾਉਣ ਦੀ ਸਾਡੀ ਜਿੰ-ਮੇਵਾਰੀ ਸੀ ਉਹ ਜਲਦੀ ਹੀ ਪੂਰੀ ਹੋ ਜਾਵੇਗੀ। ਅੱਜ ਜੋ ਭਾਰਤ ਲੱਖਾਂ ਜਾਤਾਂ-ਉਪ ਜਾਤਾਂ ਵਿੱਚ ਵੰਡਿਆ ਹੋਇਆ ਹੈ, ਇੱਕ ਸਾਗਰ ਦੀ ਤਰ੍ਹਾਂ ਹੋ ਜਾਵੇਗਾ ਜਿਵੇਂ ਭਗਵਾਨ ਬੁੱਧ ਨੇ ਕਿਹਾ ਹੈ ਕਿ ਉਜਿਵੇਂ ਵੱਖ ਵੱਖ ਨਦੀਆਂ ਸਮੁੰਦਰ ਵਿੱਚ ਮਿਲਣ ਤੋਂ ਬਾਅਦ ਸਮੁੰਦਰ ਬਣ ਜਾਂਦੀਆਂ ਹਨ, ਕੋਈ ਪਾਣੀ ਉਠਾਕੇ ਇਹ ਨਹੀਂ ਕਹਿ ਸਕਦਾ ਕਿ ਇਹ ਗੰਗਾ, ਜਮਨਾ ਜਾਂ ਗੁਦ-ਾਵਰੀ ਦਾ ਪਾਣੀ ਹੈ। ਇਸ ਹੀ ਤਰ੍ਹਾਂ ਬੁੱਧ ਭਾਈਚਾਰੇ ਵਿੱਚ ਆਕੇ ਸਾਰੇ ਇੱਕ ਬਰਾਬਰ ਹਨ। ਉਵੈਸੇ ਤਾਂ ਬੁੱਧ ਧੰਮ 65 ਦੇਸ਼ਾਂ ਵਿੱਚ ਹੈ। 26 ਦੇਸ਼ ਬਹੁਮੱਤ ਬੋਧੀ ਹਨ।ਭਾਰਤ ਦੇ ਬੋਧੀਆਂ ਦਾ ਪੰਜਾਬੀ ਗੁਜਰਾਤੀ, ਮਰਾਠੀ ਤਾਮਿਲ, ਬੰਗਾਲੀ, ਹਰਿਆਣਵੀ ਆਦਿ ਨਾਲ ਹੀ ਨਹੀਂ ਸਗੋਂ ਦੁਨੀਆ ਦੇ 26 ਬਹੁਮੱਤ ਬੋਧੀ ਦੇਸ਼ ਮਇਨਮਾਰ, ਸ਼੍ਰੀ ਲੰਕਾ, ਜਾਪਾਨ, ਸਿੰਘਾਪੁਰ, ਕੰਬੋਡੀਆ, ਥਾਈਲੈਂਡ, ਚੀਨ, ਹੌਂਗਕੌਂਗ, ਵੀਤਯਨਾਮ, ਕੋਰੀਆ ਆਦਿ ਦਾ ਭਾਈਵਾਲ ਬਣ ਜਾਂਦਾ ਹੈ।

ਦੁਨੀਆ ਵਿੱਚ ਮਸ਼ਹੂਰ ਲੰਡਨ ਸਕੂਲ ਔਫ ਇਕਨੌਮਿਕ ਵਿੱਚ ਸਿਰਫ ਦੋ ਹੀ ਸਟੈਚੂ ਹਨ। ਇੱਕ ਤਾਂ ਉਸ ਔਰਤ ਦਾ ਹੈ ਜਿਸਨੇ ਲੰਡਨ ਸਕੂਲ ਔਫ ਇਕਨੌਮਿਕ ਵਿੱਚ ਸਾਰੀ ਲਾਇਬਰੇਰੀ ਭੇਂਟ ਕੀਤੀ ਸੀ। ਦੂਸਰਾ ਭਾਰਤਪਿਤਾ ਬਾਬਾ ਸਾਹਿਬ ਡਾ: ਅੰਬੇਡਕਰ ਦਾ ਹੀ ਹੈ। ਕੀ ਇਹ ਸਾਡੇ ਲਈ ਨਾਜ਼ ਦੀ ਗੱਲ ਨਹੀਂ ਹੈ!

ਦੂਸਰਾ ਕੋਲੰਬੀਆ ਯੂਨੀਵਸਿਟੀ ਨੇ ਇੱਕ ਸੋਵਨੀਅਰ ਕੱਢਿਆ ਸੀ, ਜਿਸ ਵਿੱਚ 250 ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਜੋ ਕੋਲੰਬੀਆ ਯੂਨੀਵਰਸਿਟੀ ਵਿੱਚ ਪੜ੍ਹੇ ਅਤੇ ਮਹੱਨ ਬਣੇ। ਕੋਲੰਬੀਆ ਯੂਨੀਵਰਸਿਟੀ ਨੇ ਬਾਬਾ ਸਾਹਿਬ ਵਾਰੇ ਇੱਕ, ਦੋ ਜਾਂ ਤਿੰਨ ਸਫਿਆਂ ਦਾ ਲੇਖ ਨਹੀਂ ਲਿਖਿਆ ਸਿਰਫ ਬਾਬਾ ਸਾਹਿਬ ਦੇ ਫੋਟੋ ਹੇਠਾਂ ਚਾਰ ਸ਼ਬਦ ਹੀ ਲਿਖੇ Founding Father Of India" (ਭਾਰਤ ਨੂੰ ਬਣਾਉਣ ਵਾਲਾ ਭਾਰਤ ਦਾ ਪਿਤਾ) ਇਹ ਠੀਕ ਹੈ ਕਿ ਅੱਜ ਪੈਸੇ ਦੇ ਜੋਰ ਤੇ ਟਾਟੇ, ਬਾਟੇ ਅਤੇ ਬਿਰਲੇ ਨੇ ਜ਼ਬਰਦਸਤੀ ਕਰਮ ਚੰਦ ਗਾਂਧੀ ਨੂੰ ਬਾਪੂ ਬਣਾ ਦਿੱਤਾ ਹੈ, ਮਗਰ ਕਿੰਨੀ ਦੇਰ? ਭਾਰਤ ਦੀ ਮੁਦਰਾ (ਨੋਟ) ਤੇ ਜੋ ਸਮਰਾਟ ਅਸ਼ੋਕ ਦੇ ਚਾਰ ਸ਼ੇਰ ਸਨ, ਉਨ੍ਹਾਂ ਨੂੰ ਛੋਟਾ ਕਰਕੇ ਇੱਕ ਖੂੰਜੇ ਲਗਾ ਦਿੱਤਾ ਹੈ ਅਤੇ ਮਿਸਟਰ ਗਾਂਧੀ ਦੀ ਫੋਟੋ ਛਾਪ ਦਿੱਤੀ ਹੈ। ਜਿਸ ਵਾਰੇ ਪਾਰਲੀਮੈਂਟ ਵਿੱਚ ਕੋਈ ਪ੍ਰਸਤਾਵ ਨਹੀਂ ਪਾਇਆ ਗਿਆ! ਫਿਰ ਪਾਸ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ! ਭਾਰਤ ਸਰਕਾਰ ਕਰੋੜਾਂ ਰੁਪਏ ਖਰਚਕੇ ਜਿਨ੍ਹਾਂ ਨੇ ਦੇਸ਼ ਦੀ ਬ੍ਰਬਾਦੀ ਕੀਤੀ ਉਨ੍ਹਾਂ ਦੇ ਜਨਮ ਦਿਨ ਮਨਾ ਰਹੀ ਹੈ। ਲੇਕਿਨ ਬਾਬਾ ਸਾਹਿਬ ਦਾ ਜਨਮ ਦਿਨ ਉਸ ਦੇ ਪੈਰੋਕਾਰ ਆਪਣੇ ਬਲਬੂਤੇ ਤੇ ਕੀ ਅਮਰੀਕਾ, ਗਰੀਸ, ਪੁਰਤਗਾਲ, ਇਟਲੀ, ਫਰਾਂਸ, ਯੂਕੇ, ਨਿਊਜ਼ੀਲੈਂਡ, ਜਰਮਨੀ, ਬੈਲਜੀਅਮ, ਰੋਮਾਨਿਆ, ਕਨੇਡਾ, ਅਸਟ੍ਰੇਲੀਆ, ਸਪੇਨ ਆਦਿ ਦੇਸ਼ਾਂ ਵਿੱਚ ਬੜੀ ਧੂਮ ਧਾਮ ਨਾਲ ਮਨਾਉਂਦੇ ਹਨ।

ਬਾਬਾ ਸਾਹਿਬ ਨੇ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਆਪਣੀ ਕਿਤਾਬ 'Partition On India or Pakistan` (ਪਾਕਿਸਤਾਨ ਅਤੇ ਭਾਰਤ ਦੀ ਵੰਡ) ਵਿੱਚ ਸਾਫ ਸਾਫ ਲਿਖਿਆ ਹੈ ਕਿ ਗਾਂਧੀ ਕਹਿੰਦਾ ਹੈ ਕਿ ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ। ਜਾਂ ਤਾਂ ਗਾਂਧੀ ਪਾਗਲਾਂ ਦੇ ਹਸਪਤਾਲ ਵਿੱਚੋਂ ਆਇਆ ਹੋਇਆ ਪਾਗਲ ਹੈ, ਜਾਂ ਫਿਰ ਜੰਗਲਾਂ ਵਿੱਚ ਰਹਿਣ ਵਾਲਾ ਜੰਗਲੀ ਆਦਮੀ ਹੈ। ਪਾਕਿਸਤਾਨ ਜਰੂਰ ਬਣੇਗਾ, ਅੱਗੇ ਬਾਬਾ ਸਾਹਿਬ ਲਿਖਦੇ ਹਨ ਕਿ ਹਰ ਇੱਕ ਮੁਸਲਮਾਨ ਨੂੰ ਹਿਫ਼ਾਜ਼ਤ ਨਾਲ ਪਾਕਿਸਤਾਨ ਪਹੁੰਚਾਇਆ ਜਾਵੇ। ਲੇਕਿਨ ਗਾਂਧੀ ਨੇ ਕਿਹਾ 'ਹਿੰਦੂ ਮੁਸਲਮ ਭਾਈ ਭਾਈ' ਜਿੱਥੇ ਜਿੱਥੇ ਮੁਸਲਮਾਨ ਹਨ ਉੱਥੇ ਹੀ ਬੈਠੇ ਰਹਿਣ।

ਭਾਰਤ ਦੀ ਵੰਡ ਤੋਂ ਬਾਅਦ 1951 ਵਿੱਚ ਜਦੋਂ ਪਹਿਲੀ ਵਾਰ ਮਰਦਮ ਸ਼ੁਮਾਰੀ ਹੋਈ ਤਾਂ ਭਾਰਤ ਵਿੱਚ ਮੁਸਲਮਾਨਾਂ ਦੀ ਗਿਣਤੀ ਕੇਵਲ .5% ਸੀ, ਜਦੋਂ ਕਿ 50 ਸਾਲ ਬਾਅਦ 2001 ਦੀ ਮਰਦਮ ਸ਼ੁਮਾਰੀ ਵਿੱਚ ਮੁਸਲਮਾਨਾਂ ਦੀ ਗਿਣਤੀ 15-18% ਹੈ, ਹੋਵੇ ਵੀ ਕਿਉਂ ਨਾ ? ਇਨ੍ਹਾਂ ਧੋਤੀ ਪ੍ਰਸ਼ਾਦਾਂ ਨੇ ਮੁਸਲਮਾਨਾਂ ਨੂੰ ਚਾਰ-ਚਾਰ ਵਿਆਹ ਕਰਾਉਣ ਦੀ ਖੁਲ੍ਹ ਦਿੱਤੀ ਹੋਈ ਹੈ ਜਦੋਂ ਕਿ ਮੁਸਲਮਾਨ ਦੇਸ਼ਾਂ ਵਿੱਚ ਉਨ੍ਹਾਂ ਨੂੰ ਇਹ ਹੱਕ ਨਹੀਂ, ਜੋ ਇਨ੍ਹਾਂ ਨੇ ਦਿਤੇ ਹੋਏ ਹਨ। ਪਾਠਕ ਹੀ ਅੰਦਾਜ਼ਾ ਲਗਾ ਲੈਣ ਕਿ ਅਗਲੇ 25-30 ਸਾਲਾਂ ਵਿੱਚ ਮੁਸਲਮਾਨਾਂ ਦੀ ਭਾਰਤ ਵਿੱਚ ਕੀ ਗਿਣਤੀ ਹੋਵੇਗੀ ? ਕੋਈ ਹੈਰਾਨੀ ਨਹੀਂ ਹੋਵੇਗੀ ਅਗਰ ਮੁਸਲਮਾਨ ਇੱਕ ਵਾਰੀ ਫਿਰ ਆਪਣੀ ਗਿਣਤੀ ਦੇ ਆਧਾਰ ਤੇ ਅਲੱਗ ਦੇਸ਼ ਦੀ ਮੰਗ ਕਰਨ। ਇਸਦਾ ਦੋਸ਼ੀ ਕੌਣ ਹੋਵੇਗਾ? ਗਾਂਧੀ ਨਹੀਂ ਤਾਂ ਹੋਰ ਕੌਣ ? ਉਸ ਵਕਤ ਧੋਤੀ ਪ੍ਰਸ਼ਾਦਾਂ ਨੂੰ ਗਾਂਧੀ ਨੂੰ ਕਬਰ ਵਿੱਚੋਂ ਕੱਢਕੇ ਪੁੱਛਣਾ ਚਾਹੀਦਾ ਹੈ ਕਿ ਬਾਪੂ ਜੀ ਆਪਜੀ ਦੀ ਹਿੰਦੂ ਮੁਸਲਮ ਭਾਈ ਭਾਈ ਦੀ ਕਰਤੂਤ ਦਾ ਇਹ ਨਤੀਜਾ ਹੋਇਆ ਹੈ! ਗਾਧੀ ਨੂੰ ਗੋਲੀ ਮਾਰਨ ਵਾਲਾ ਬਾਮਣ ਨੱਥੂ ਰੱਮ ਗੌਡਸਾ ਸੀ, ਉਹ ਇੱਕ ਪੱਤਰਕਾਰ ਸੀ, ਵਿਦਵਾਨ ਸੀ। ਉਸਦਾ ਬੜਾ ਭਰਾ ਗਾਂਧੀ ਦੀ ਹੱਤਿਆ ਸਮੇਂ ਸ਼ਾਮਿਲ ਹੋਣ ਕਾਰਨ ਜਦੋਂ ਪੂਰੀ ਜੇਲ੍ਹ ਕੱਟਕੇ ਆਇਆ ਤਾਂ ਉਸਨੇ ਆਪਣੀ ਕਿਤਾਬ ਵਿੱਚ ਨੱਥੂ ਰਾਮ ਗੌਡਸੇ ਦੇ ਬਿਆਨ ਲਿਖੇ ਹਨ, ਗੌਡਸੇ ਨੇ ਅਦਾਲਤ ਵਿੱਚ ਸਪੱਸ਼ਟ ਕਿਹਾ ਕਿ ਉਮੇਰੀ ਗਾਂਧੀ ਨਾਲ ਕੋਈ ਜਾਤੀ ਦੁਸ਼ਮਣੀ ਨਹੀਂ ਸੀ, ਸਾਡੀਆਂ ਧੀਆਂ, ਭੈਣਾਂ ਨੂੰ ਅਲਫ਼ ਨੰਗੀਆਂ ਕਰਕੇ, ਉਨ੍ਹਾਂ ਦੀਆਂ ਛਾਤੀਆਂ ਉੱਤੇ ਉਪਾਕਿਸਤਾਨ ਜ਼ਿੰਦਾਬਾਦ" ਲਿਖਕੇ ਉਨ੍ਹਾਂ ਦਾ ਲਾਹੌਰ ਦੀਆਂ ਸੜਕਾਂ ਤੇ ਜਲੂਸ ਕੱਡਣਾ, ਪਾਕਿਸਤਾਨ ਤੋਂ ਰੇਲ ਗੱਡੀਆਂ ਲਾਸ਼ਾਂ ਦੀਆਂ ਭਰੀਆਂ ਆਉਣੀਆਂ, ਗਾਂਧੀ ਦਾ! ਹਿੰਦੂ ਮੁਸਲਮ ਭਾਈ ਭਾਈ, ਜਿੱਥੇ ਮੁਸਲਮਾਨ ਬੈਠਾ ਹੈ ਬੈਠਾ ਰਹੇ ਦੀਆਂ ਪੌਲਸੀਆਂ ਕਿਸਨੂੰ ਪਸੰਦ ਆਉਣਗੀਆਂ?

1938 ਵਿੱਚ ਬਾਬਾ ਸਾਹਿਬ ਨੇ ਆਪਣੀ ਇੰਡੀਪੈਂਡੇਂਟ ਲੇਬਰ ਪਡਰਟੀ ਦੇ ਮੈਨੋਫੈਸਟੋ ਵਿੱਚ ਲਿਖਿਆ ਸੀ ਕਿ ਅਸੀਂ ਭਾਰਤ ਵਿੱਚ ਵਧ ਰਹੀ ਆਬਾਦੀ ਵਾਰੇ ਧਿਆਨ ਦਿਆਂਗੇ ਤਾਂ ਇਨ੍ਹਾਂ ਧੋਤੀ ਪ੍ਰਸ਼ਾਦਾਂ ਦੇ ਬਜ਼ੁਰਗਾਂ ਨੇ ਸਿਰ ਤੇ ਆਸਮਾਨ ਚੁੱਕ ਲਿਆ ਕਿ ਬੱਚੇ ਤਾਂ ਭਗਵਾਨ ਦੀ ਦੇਣ ਹੈ! ਅੰਬੇਡਕਰ ਇਸ ਵਾਰੇ ਕੀ ਕਰੇਗਾ?ਬਾਅਦ ਵਿੱਚ ਇਨ੍ਹਾਂ ਦੀ ਹੀ ਔਲਾਦ ਨੇ ਲੋਕ ਦੀ ਜਬਰਦਸਤੀ ਨਸਬੰਦੀ ਕੀਤੀ।

ਚੀਨ ਨਾਲ ਜਵਾਹਰ ਲਾਲ ਨਹਿਰੂ ਨੇ ਦੋਸਤੀ ਦਾ ਹੱਥ ਮਿਲਾਇਆ ਤਾਂ ਬਾਬਾ ਸਾਹਿਬ ਨੇ ਨਹਿਰੂ ਨੂੰ ਚਿਤਾਵਣੀ ਦਿੱਤੀ ਕਿ ਚੀਨ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਨਤੀਜਾ 1962 ਵਿੱਚ ਸਾਹਮਣੇ ਆ ਗਿਆ।

ਜਦੋਂ ਚੀਨ ਨੇ ਭਾਰਤ ਉੱਤੇ ਹਮਲਾ ਕਰ ਦਿੱਤਾ ਅਤੇ ਅੱਜ ਵੀ ਭਾਰਤ ਦਾ 38 ਹਜ਼ਾਰ ਕਿਲੋਵਰਗ ਮੀਟਰ ਦੇ ਇਲਾਕੇ ਉੱਤੇ ਚੀਨ ਦਾ ਕਬਜ਼ਾ ਹੈ।

ਭਾਸ਼ਾ ਦੇ ਨਾਂਅ ਤੇ ਸੂਬਿਆਂ ਦੀਆਂ ਵੰਡੀਆਂ, ਧਰਮ ਦੇ ਨਾਂਅ ਤੇ ਦੰਗੇ ਫਸਾਦ, ਅਮੀਰ ਨੂੰ ਹੋਰ ਅਮੀਰ ਅਤੇ ਗਰੀਬ ਨੂੰ ਗਰੀਬ ਕਰਨਾ, ਅੰਧਵਿਸ਼ਵਾਸੀਆਂ ਨੂੰ ਹੱਲਾ ਸ਼ੇਰੀ ਦੇਣਾ, ਪ੍ਰਾਈਵੇਟ ਸਕੂਲਾਂ ਰਾਹੀਂ ਅਮੀਰਾਂ ਦੇ ਬੱਚਿਆਂ ਨੂੰ ਵਧੀਆ ਪੜ੍ਹਾਈ, ਗਰੀਬਾਂ ਦੇ ਬੱਚਿਆ ਨੂੰ ਗੌਰਮਿੰਟ ਸਕੂਲਾਂ ਵਿੱਚ ਮਾਸਟਰ ਹੈ ਤਾਂ ਤੱਪੜ ਨਹੀਂ, ਮਾਸਟਰ ਤੱਪੜ ਹੈ ਤਾਂ ਕਾਪੀਆਂ ਕਿਤਾਬਾਂ ਨਹੀਂ ਦੇ ਮਾਹੌਲ ਵਿੱਚ ਉੱਚੀ ਵਿੱਦਿਆ ਤੋਂ ਵਾਂਝੇ ਰੱਖਣਾ, ਗਰੀਬਾਂ ਨੂੰ ਨਵੇਂ ਨਵੇਂ ਨਾਂਅ ਹਰੀਜਨ, ਵਾਲਮੀਕਿ, ਵੀਰ ਰਾਜਪੂਤ, ਦਲਿੱਤ, ਪ੍ਰਜਾਪਤੀ ਦੇ ਕੇ ਖੁਸ਼ ਕਰਨਾ। ਇਹ ਸਭ ਗਾਂਧੀਵਾਦ ਦੀ ਹੀ ਪੌਲਿਸੀ ਹੈ ਕਿ ਅਗਰ ਬੱਚਾ ਭੁੱਖ ਨਾਲ ਰੋ ਰਿਹਾ ਹੈ ਤਾਂ ਉਸਦੇ ਮੂੰਹ ਵਿੱਚ ਡਾਮੀ ਦੇ ਦੇਣੀ, ਜਿਸ ਨਾਲ ਬੱਚਾ ਥੋੜੀ ਦੇਰ ਲਈ ਚੁੱਪ ਹੋ ਜਾਵੇਗਾ ਪਰ ਪੇਟ ਦੀ ਭੱਖ ਮਿਟਾਉਣ ਲਈ ਤਾਂ ਉਸਨੂੰ ਦੁੱਧ ਚਾਹੀਦਾ ਹੈ।

25 ਨਵੰਬਰ 1949 ਨੂੰ ਬਾਬਾ ਸਾਹਿਬ ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਇਹ ਤਵਾਰੀਖੀ ਲਫ਼ਜ਼ ਕਹੇ ਸਨ- 26 ਜਨਵਰੀ 1950 ਨੂੰ ਅਸੀਂ ਇੱਕ ਟਕਰਾਓ ਵਾਲੀ ਜਿੰਦਗੀ ਵਿੱਚ ਪ੍ਰਵੇਸ਼ ਕਰਾਂਗੇ। ਰਾਜਨੀਤੀ ਵਿੱਚ ਅਸੀਂ ਬਰਾਬਰ ਹੋਵਾਂਗੇ ਪਰ ਸਮਾਜਕ ਅਤੇ ਆਰਥਕ ਜੀਵਨ ਵਿੱਚ ਨਾ ਬਰਾਬਰ। ਸਾਨੂੰ ਇਸ ਫ਼ਰਕ ਨੂੰ ਜਲਦੀ ਤੋਂ ਜਲਦੀ ਮਿਟਾ ਦੇਣਾ ਚਾਹੀਦਾ ਹੈ, ਨਹੀਂ ਤਾਂ ਉਹ ਲੋਕ ਜੋ ਨਾ ਬਰਾਬਰੀ ਤੋਂ ਪੀੜਤ ਹਨ ਸਿਆਸੀ ਜ਼ਮਹੂਰੀਅਤ ਦੀਆਂ ਧੱਜੀਆਂ ਉੜ੍ਹਾ ਦੇਣਗੇ ਜੋ ਇਸ ਵਿਧਾਨ ਸਭਾ ਨੇ ਬੜੀ ਮਿਹਨਤ ਨਾਲ ਬਣਾਇਆ ਹੈ।ਅਗਰ ਭਾਰਤ ਨੂੰ ਖੁਸ਼ਹਾਲ ਬਣਾਉਣਾ ਹੈ ਤਾਂ ਜੋ ਗਾਂਧੀਵਾਦ ਫੇਲ ਹੋ ਚੁੱਕਾ ਹੈ ਉਸਨੂੰ ਛੱਡਕੇ ਅੰਬੇਡਕਰਵਾਦ ਨੂੰ ਅਪਣਾਉਣਾ ਪਵੇਗਾ। ਕਿਉਂਕਿ ਬਾਬਾ ਸਾਹਿਬ ਨੇ ਆਪਣਾ ਸਾਰਾ ਜੀਵਨ ਅਤੇ ਚਾਰ ਬੱਚੇ ਭਾਰਤ ਦੇਸ਼ ਲਈ ਕੁਰਬਾਨ ਕਰ ਦਿੱਤੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

### ਕਾਨਫੰਰਸ ਤੇ ਸੰਮੇਲਨ ਜੋ ਇਤਿਹਾਦ ਦਾ ਹਿੱਸਾ ਬਣੇ !

# ਨਵੇਂ ਸੂਰਜ ਦਾ ਹੋ ਰਿਹਾ ਉਦੈ...



ਸੰਤੋਖ ਸਿੰਘ ਜੱਸੀ
91-70876-19800

ਮਨੁੱਖੀ ਇਤਿਹਾਸ 10 ਹਜਾਰ ਸਾਲ ਪੁਰਾਣਾ ਮੰਨਿਆ ਗਿਆ ਹੈ। ਜਿਸ ਵਿੱਚ 3 ਹਜਾਰ ਸਾਲ ਤੋ 5 ਹਜਾਰ ਸਾਲ ਦੇ ਤਕਰੀਬਨ ਇਤਿਹਾਸ ਸੰਪੂਰਨ ਗੈਰ ਬਰਾਬਰੀ ਵਾਲਾ ਮੰਨਿਆ ਗਿਆ ਹੈ ਜਦੋ ਮਨੁੱਖ ਹੀ ਮਨੁੱਖ ਦਾ ਵੈਰੀ ਬਣਿਆ ਰਿਹਾ।ਇਸ ਵਿਵਸਥਾ ਤਹਿਤ ਇੱਕ ਮਨੁੱਖ ਨੂੰ ਹੀਰੋ ਬਣਾਇਆ ਗਿਆ ਜਦ ਕਿ ਦੂਜੇ ਨੂੰ ਜੀਰੋ।

ਇਸ ਗੈਰ ਬਰਾਬਰੀ ਵਾਲੀ ਵਿਵਸਥਾ ਖਿਲਾਫ ਇਤਿਹਾਸ ਵਿੱਚ ਆਉਦਾ ਹੈ ਤਥਗਤ ਬੁੱਧ ਨੇ ਸਭ ਤੋ ਪਹਿਲਾਂ ਪਹਿਲਕਦਮੀ ਕੀਤੀ ਸੀ। ਉਸ ਮਗਰੋਂ 35 ਮਹਾਂਪੁਰਸ਼ਾ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਸਾਹਮਣੇ ਆਉਦੀ ਹੈ। 1848 ਤੋ ਜਦੋਂ ਮਹਾਤਮਾ ਜੋਤੀਵਾ ਫੂਲੇ, ਸਵਿੱਤਰੀਬਾਈ ਫੂਲੇ, ਸ਼ਾਹੂ ਜੀ ਛੱਤਰਪਤੀ ਪੈਰੀਅਰ ਰਾਮਾ ਸੁਆਮੀ ਨਾਇਕਰ ਬਿਰਸਾ ਮੁੰਡਾ, ਨਰਾਇਣਾ ਗੁਰੂ, ਗਾਡਸੇ ਮਾਹਾਰਾਜ ਤੇ ਪੰਜਾਬ ਤੋ ਬਾਬੂ ਮੰਗੂ ਰਾਮ ਮੋਗੋਵ-ਾਲੀਆ ਨੇ ਦਲਿਤਾਂ, ਸ਼ੋਸ਼ਤਾਂ ਔਰਤਾਂ ਲਈ ਮਿੰਟਿੰਗਾਂ, ਸੁਝਾਵਾਂ, ਕਾਨਫਰੰਸਾਂ ਤੇ ਸੰਮੇਲਨ ਸੱਦੇ।

ਬਾਬਾ ਸਾਹਿਬ ਡਾ: ਅੰਬੇਦਕਰ ਦਲਿਤ ਇਤਿਹਾਸ ਦਾ ਇੱਕ ਗਲੋਬਲ ਨਾਮ ਹੈ। ਜਿਹੜੇ ਸਿਰਫ ਦਲਿਤਾਂ ਦੇਸ਼ ਵਾਸਿਆਂ ਤੱਕ ਹੀ ਸੀਮਤ ਨਹੀ ਸਨ ਸਗੋਂ ਆਪਣੇ ਗਿਆਨ ਸੰਘਰਸ਼ ਕਾਰਨ ਦੁਨੀਆ ਲਈ ਪ੍ਰੇਰਣਾ ਸ੍ਰੋਤ ਬਣੇ।

ਬਾਬਾ ਸਾਹਿਬ ਡਾ: ਅੰਬੇਦਕਰ ਦਾ ਪੰਜਾਬ ਦੀ ਧਰਤੀ ਨਾਲ ਬਹੁਤ ਪਿਆਰ ਤੇ ਸਤਿਕਾਰ ਸੀ। ਉਹਨਾਂ ਸਾ ਸਾਥ ਬਾਬੂ ਮੰਗੂ ਰਾਮ ਮੋਗੋਵਾਲੀਆ ਦੇ ਆਦਿਧਰਮ ਮੰਡਲ ਨੇ ਦਿੱਤਾ। ਇਹ ਸਾਥ ਉਹਨਾਂ ਦਾ ਅੱਜ ਵੀ ਇਤਿਹਾਸ ਵਿੱਚ ਅਹਿਮ ਸਥਾਨ ਰੱਖਦਾ ਹੈ। ਜਦੋਂ ਗਾਂਧੀ ਤੇ ਅੰਬੇਦਕਰ ਦਾ ਆਪਸ ਵਿਚ ਅਛੂਤਾਂ ਦਾ ਅਸਲੀ ਲੀਡਰ ਬਣਨ ਦਾ ਵਿਵਾਦ ਹੋਇਆ ਤਾਂ ਬਾਬੂ ਜੀ ਦੀ ਪਾਰਟੀ ਤੇ ਉਹਨਾਂ ਦੇ ਸਾਥੀ ਤੇ ਸਮਾਜ ਦੇ ਸ਼ੁੱਭਚਿੰਤਕਾਂ ਨੇ ਅੰਗਰੇਜ ਸਰਕਾਰ ਨੂੰ ਲੰਡਨ ਚ ਤਾਰਾ ਭੇਜ ਕੇ ਬਾਬਾ ਸਾਹਿਬ ਨੂੰ ਆਪਣਾ ਆਗੂ ਮੰਨਿਆਂ।

ਬਾਬੂ ਮੰਗੂ ਰਾਮ ਦਾ ਜਨਮ ਪਿੰਡ ਮੁੱਗੋਵਾਲ ਜ਼ਿਲਾ ਹੁਸ਼ਿਆਰਪੁਰ ਵਿੱਚ 14 ਜਨਵਰੀ 1886 ਨੂੰ ਹੋਇਆ। ਉਹਨਾਂ ਨੇ ਜਾਤ-ਆਧਾਰਤ ਵਿਤਕਰੇ ਨੂੰ ਆਪਣੇ ਤਨ ਬਦਨ ਤੇ ਹੰਢਾਇਆ। 1909 ਵਿੱਚ ਯੂ.ਐਸ. ਏ. ਚਲੇ ਗਏ ਅਤੇ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾਂ ਦੇ ਸੰਪਰਕ ਵਿੱਚ ਆਏ ਅਤੇ ਇਸ ਲਹਿਰ ਵਿੱਚ ਕੰਮ ਕੀਤਾ ਉਪਰੰਤ ਫਿਲਪਾਈਨ (ਮਨੀਲਾ) ਸ੍ਰੀ ਲੰਕਾ ਹੁੰਦੇ ਹੋਏ 1925 ਵਿੱਚ ਵਤਨ ਪਰਤੇ ਅਤੇ ਆਪਣਾ ਪਹਿਲਾ ਭਾਸ਼ਣ ਪ੍ਰਾਇਮਰੀ ਸਕੂਲ ਵਿੱਚ ਦਿੱਤਾ। 11-12 ਜੂਨ 1926 ਨੂੰ ਇਸ ਸਕੂਲ ਵਿੱਚ ਇੱਕ ਵਿਸ਼ਾਲ ਜਲਸਾ ਕੀਤਾ ਜਿਸ ਵਿੱਚ ਚੂਹੜੇ ਚਮਾਰ ਦੀ ਜਗ੍ਹਾ 'ਆਦਿ ਧਰਮੀ' ਨਾਂ ਵਰਤਣ ਦਾ ਫੈਸਲਾ ਹੋਇਆ। ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ। ਇਸ ਸੰਮੇਲਨ ਵਿੱਚ ਦਲਿਤ ਵਰਗਾਂ ਦੀਆਂ ਕਰੀਬ 36 ਜਾਤਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਬਾਬੂ ਮੰਗੂਰਾਮ ਆਦਿ ਧਰਮ ਮੰਡਲ ਦੇ ਪਹਿਲੇ ਪ੍ਰਧਾਨ ਥਾਪੇ ਗਏ। ਮੰਡਲ ਦਾ ਮੁੱਖ ਦਫ਼ਤਰ ਜਲੰਧਰ ਵਿਖੇ ਸਥਾਪਤ ਕੀਤਾ ਗਿਆ। ਸਾਈਮਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕਰਦਿਆਂ ਬਾਬੂ ਮੰਗੂ ਰਾਮ ਨੇ ਸਬੂਤਾਂ ਸਹਿਤ ਦੱਸਿਆ ਕਿ ਉਹ ਆਦਿਧਰਮੀ ਹਨ, ਹਿੰਦੂ, ਮੁਸਲਮਾਨ, ਸਿੱਖ ਜਾਂ ਇਸਾਈ ਨਹੀਂ। ਲੰਮੇ ਸੰਘਰਸ਼ ਅਤੇ ਦਲੀਲ ਬਾਜ਼ੀ ਤੋਂ ਬਾਅਦ ਦਲਿਤਾਂ ਨੂੰ 'ਆਦਿਧਰਮ' ਜਾਂ 'ਆਦਿਧਰਮੀ' ਹੋਣ ਦਾ ਨਾਂ ਮਨਜ਼ੂਰ ਹੋਇਆ। ਜਨਵਰੀ 1928 ਵਿੱਚ 15 ਮੰਨੇ ਪ੍ਰਮੰਨੇ ਵਿਅਕਤੀਆਂ ਦਾ ਡੈਪੂਟੇਸ਼ਨ ਰੋਇਲ ਕਮਿਸ਼ਨ ਸਾਹਮਣੇ ਪੇਸ਼ ਹੋਇਆ ਸੀ। ਸੰਨ 1929 ਵਿੱਚ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਜੀ ਨੇ 300 ਵਿਅਕਤੀਆਂ ਦੇ ਨਾਲ ਉਸ ਨਾਲ ਮੁਲਾਕਾਤ ਕੀਤੀ ਅਤੇ ਮੈਮੋਰੰਡਮ ਦਿੱਤਾ। 1930 ਵਿੱਚ ਆਦਿਧਰਮ ਮੰਡਲ ਦਾ ਨਾਮ ਰਜਿਸਟਰਡ ਹੋ ਗਿਆ। 1931 ਦੀ ਮਰਦਮਸ਼ੁਮਾਰੀ ਵਿੱਚ ਲੱਖਾਂ ਲੋਕਾਂ ਨੇ ਆਪਣੇ ਆਪ ਨੂੰ ਆਦਿਧਰਮੀ ਲਿਖਵਾਇਆ। ਸੰਨ 1932 ਵਿੱਚ ਲੰਡਨ ਗੋਲਮੇਜ਼ ਕਾਨਫਰੰਸ ਦੇ ਦੂਜੇ ਸੈਸ਼ਨ ਵਿੱਚ ਆਦਿਧਰਮ ਮੰਡਲ ਵਲੋਂ, ਬਾਬਾ ਸਾਹਬ ਡਾ. ਅੰਬੇਡਕਰ ਦੇ ਪੱਖ ਵਿੱਚ ਟੈਲੀਗ੍ਰਾਮਾਂ ਭੇਜੀਆਂ ਗਈਆਂ। ਕਮਿਊਨਲ ਐਵਾਰਡ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖਿਆ ਤਾਂ ਮੁਕਾਬਲੇ ਤੇ ਬਾਬੂ ਮੰਗੂ ਰਾਮ ਨੇ ਵੀ ਵਰਤ ਰੱਖਿਆ ਸੀ। ਆਦਿਧਰਮ ਮੰਡਲ ਜਲੰਧਰ ਨੇ ਸਪਤਾਹਿਕ 'ਆਦਿ ਡੰਕਾ ਅਖ਼ਬਾਰ ਵੀ ਕੱਢਿਆ। ਸੰਨ 1946 ਵਿੱਚ ਜੀ, ਐਮ.ਐਲ.ਏ. ਚੁਣੇ ਗਏ। ਫਰੀਡਮ ਫਾਈਟਰ ਤੌਰ ਤੇ 15 ਅਗਸਤ 1972 ਨੂੰ ਸ੍ਰੀਮਤੀ ਇੰਦਰਾ ਗਾਂਧੀ 'ਤਾਮਰ ਪੱਤਰ' ਦੇਕੇ ਸਨਮਾਨਿਤ ਕੀਤਾ ਤੇ 200 ਰੁ: ਮਹੀਨਾ ਪੈਨਸ਼ਨ ਲੱਗੀ। 22 ਮਈ 1977 'ਆਦਿ ਧਰਮ' ਬ੍ਰਦਰਹੁੱਡ ਯੂ.ਕੇ ਦੇ ਸੱਦੇ ਤੇ 6 ਮਹੀਨੇ ਲਈ ਇੰਗਲੈਂਡ ਦੀ ਯਾਤਰਾ ਤੇ ਗਏ। ਅੰਤ 22 ਅਪ੍ਰੈਲ 1980 ਨੂੰ ਦੇਸ਼ ਕੌਮ ਦਾ ਨਿਧੜਕ ਯੋਧਾ ਸਾਥੋਂ ਸਦਾ ਲਈ ਵਿੱਛੜ ਗਿਆ। ਇਹ ਗਦਰੀ ਆਗੂ, ਬਾਨੀ ਆਦਿ ਧਰਮ ਅਤੇ ਆਦਿ ਧਰਮ ਦੀ ਲਹਿਰ, ਸਾਡੇ ਇਤਿਹਾਸ ਦਾ ਇੱਕ ਸ਼ਾਨਦਾਰ ਪੰਨਾ ਹੈ।

ਇਸੇ ਤਰਾਂ ਫਗਵਾੜੇ ਵੱਸਦੇ ਪ੍ਰਸਿੱਧ ਲੇਖਕ ਚਿੰਤਕ ਤੇ ਸਹਿਤਕਾਰ ਡਾ:ਸੰਤੋਖ ਲਾਲ ਵਿਰਦੀ ਐਡਵੋਕੇਟ ਵੱਲੋ ਪੰਜਾਬ ਦੀ ਧਰਤੀ ਤੇ ਪਹਿਲੀ ਵਾਰ ਮਿਤੀ 13-14 ਮਾਰਚ 1994 ਨੂੰ ਪੰਜਾਬੀ ਦਲਿੱਤ ਸਾਹਿਤ ਸੰਮੇਲਨ ਚ ਭਾਰਤ ਅਤੇ ਵਿਸ਼ਵ ਸਮਾਜ ਦੇ ਪੀੜਤ ਓਤੇ ਲੜਾਏ ਜਾ ਰਹੇ ਲੋਕਾਂ ਲਈ ਲਿਖਣ ਵਾਲੇ ਸਾਹਿਤਕਾਰਾਂ, ਅਲੋਚਕਾਂ, ਕਵੀਆਂ, ਵਿਦਵਾਨਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੀ ਪੰਜਾਬ ਚ ਹੀ ਨਹੀ ਸਗੋਂ ਭਾਰਤ ਤੇ ਵਿਦੇਸ਼ ਵੱਸਦੇ ਦਲਿੱਤ ਬਹੁਜਨ ਤੇ ਮਾਨਵਤਾ ਪ੍ਰੇਮੀਆਂ ਨੇ ਖੂਬ ਸਲਾਇਆ।

ਇਸ ਦਾ ਪ੍ਰਭਾਵ ਸਰਕਾਰਾ, ਅਖਵਾਰਾਂ ਤੇ ਸਮਾਜ ਚਿੰਤਕਾਂ ਤੇ ਵੀ ਪਿਆ। ਜਿਵੇਂ ਮਨੂੰ ਸਿਮਰਤੀ ਵਿੱਚ ਕਿਹਾ ਗਿਆ ਹੈ ਕਿ ਸ਼ੂਦਰਾਂ ਦੇ ਸਿਰ ਚ ਦਿਮਾਗ ਨਹੀ ਹੁੰਦੇ, ਪੂਰੀ ਤਰ੍ਹਾਂ ਇਸ ਸੰਮੇਲਨ ਰਾਹੀਂ ਝੁਠਲਾ ਦਿੱਤਾ ਗਿਆ ਸੀ। ਇਸ ਤਰਾਂ ਦਲਿਤ ਚੇਤਨਾਂ ਦਾ ਵੱਡੇ ਪੱਧਰ ਤੇ ਸਹਿਤਕ ਪੈੜ ਵਿੱਚ ਬੜਾ ਪ੍ਰਭਾਵ ਪਿਆ। ਇਸ ਦੇ ਸਾਰਥਿਕ ਸਿੱਟਿਆ ਕਾਰਨ ਅੱਜ ਵੀ ਲੋਕ ਦੂਜੇ ਸੰਮੇਲਨ ਦੀ ਆਸ ਰੱਖਦੇ ਹਨ। ਇਸੇ ਤਰ੍ਹਾਂ ਪੰਜਾਬ ਦੀ ਧਰਤੀ ਤੇ ਬਹੁਜਨਾਂ ਲਈ ਅੰਬੇਡਕਰਾਈਟ ਇੰਟਰਨੈਸ਼ਨਲ ਕੋ-ਆਰਡੀਨੇਸ਼ਨ ਸੋਸਾਇਟੀ ਕੈਨੇਡਾ ਵੱਲੋ 1,2,3, ਫਰਵਰੀ 2019 ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸਮੇਲਨ ਕਰਵਾਇਆਂ। ਜਿਸ ਦੇ ਮੁੱਖ ਸੰਚਾਲਕ ਸ਼੍ਰੀਮਤੀ ਚੰਚਲ ਮੱਲ, ਹਰਜਿੰਦਰ ਮੱਲ, ਪਰਮ ਕੈਂਥ ਦਾ ਮੱਖ ਯੋਗਦਾਨ ਰਿਹਾ। ਇਸ ਸੰਮੇਲਨ ਚ ਭਾਰਤ ਵੱਸਦੇ ਡਾ. ਇੰਦਰਜੀਤ ਕਜਲਾ ਤੇ ਹਰਜਿੰਦਰ ਕੁਮਾਰ ਦੀ ਮੁੱਖ ਭੁਮਿਕਾ ਰਹੀ। ਇਸ ਸੰਮੇਲਨ ਵਿੱਚ ਵੱਖ-ਵੱਖ ਦੇਸ਼ਾਂ ਤੋ ਅੰਬੇਡਕਰੀ ਤੇ ਭਰਾਤੀ ਸੰਸਥਾਵਾਂ ਦੇ ਆਗੂ ਵੱਡੀ ਗਿਣਤੀ ਵਿੱਚ ਪਹੁੰਚੇ। ਸੰਮੇਲਨ ਦੌਰਾਨ ਬਹੁਜਨ ਮੀਡੀਆ ਕਰਮੀ ਵੀ ਪਹੁੰਚੇ ਸਨ। ਇਸ ਸਮੇਲਨ ਨੇ ਵੀ ਦਲਿਤ, ਬਹੁਜਨ ਵਿੱਚ ਸਵੀਮਾਨ ਭਰੀਆ ਗਿਆ। ਪੰਜਾਬ ਭਰ ਤੋ ਪਹੁੰਚੇ ਚੇਤਨ ਬੁੱਧੀ ਵਾਲੇ ਲੋਕਾਂ ਤੇ ਸਮਾਜ ਤੇ ਇਸ ਦਾ ਸਕਾਰਤਮਕ ਪ੍ਰਭਾਵ ਪਿਆ ਉਥੇ ਦੇਸ਼ ਤੇ ਵਿਦੇਸ਼ ਵਿੱਚ ਇਹ ਇੱਕ ਸਫਲ ਪ੍ਰੋਗਰਾਮ ਨੇ ਕਈ ਰਾਹ ਰਸਤੇ ਖੋਲੇ। ਅਜਿਹੇ ਸਮੇਲਨ ਭਵਿੱਖ ਵਿੱਚ ਵੀ ਕਰਵਾਉਣ ਦੀ ਲੋੜ ਹੈ। ਕਿਉਕਿ ਰਾਜਸੱਤਾ ਤੋ ਪਹਿਲਾਂ ਤੁਹਾਡੇ ਸਮਾਜਿਕ ਸੰਗਠਨ ਮਜਬੂਤ ਜਰੂਰੀ ਹਨ।



ਪ੍ਰਬੁੱਧ ਭਾਰਤ ਫਾਊਡੇਸ਼ਨ ਨਵੀ ਪੀੜ੍ਹੀ/ ਵਿਦਿਆਰਥੀਆਂ ਨੂੰ ਬਾਬਾ ਸਾਹਿਬ ਜੀ ਦਾ ਮਿਸ਼ਨ ਪੜਾਉਣ , ਸਮਝਾਉਣ ਹਿਤ ਹਰ ਸਾਲ ਮੁਕਾਬਲੇ 2016-17 ਸਾਲ ਤੋ ਲੱਗੀ ਹੋਈ ਹੈ। ਇਹ ਸੰਸਥਾ ਬਾਬਾ ਸਾਹਿਬ ਅਤੇ ਹੋਰ ਮਹਾਂਪੁਰਸ਼ਾ ਦੇ ਸੁਪਨਿਆਂ ਨੂੰ ਪੂਰਾ ਕਰਨ ਲੱਗੀ ਹੋਈ ਹੈ।ਇਸਦੇ ਮੁੱਖ ਪ੍ਰਬੰਧਕ ਡਾ. ਰਾਹੁਲ ਹਨ। ਇਸਦੇ ਨਾਲ ਹੀ ਡਾ. ਰੀਟਾ, ਡਾ. ਸੁਭਾਸ਼, ਡਾ. ਰਾਜਿੰਦਰ ਥਿੰਦ, ਡਾ. ਗੁਰਦੀਸ਼ ਕੈਲੇ, ਡਾ. ਪ੍ਰਵੀਨ, ਡਾ. ਊਸ਼ਾ, ਡਾ. ਕਸ਼ਮੀਰ, ਡਾ. ਅਮਰੀਕ, ਡਾ. ਨਿਰੰਜਣ ਅਤੇ ਡਾ. ਇੰਦਰਜੀਤ ਕਜਲਾ ਆਦਿ ਪ੍ਰਮੁੱਖ ਸਹਿਯੋਗੀ ਹਨ। ਇਸ ਸੰਸਥਾ ਹਜਾਰਾਂ ਤੋ ਲੱਖਾ ਤੱਕ ਵਿਦਿਆਰਥੀਆਂ ਨੂੰ ਮਹਾਨ ਪੁਰਸ਼ਾਂ ਦੇ ਜੀਵਨ ਮਿਸ਼ਨ, ਸੰਵਿਧਾਨ, ਲੋਕਤੰਤਰ ਵਾਰੇ ਸਵਾਲ ਜਵਾਬ ਕਰਕੇ ਲੱਖਾਂ ਰੁਪਏ ਦੇ ਨਕਦ ਇਨਾਮ ਤਕਸੀਮ ਕਰ ਚੁੱਕੀ ਹੈ। ਇਸ ਕਰਕੇ ਦੁਆਬਾ ਦੇ ਸਮੁੱਚੇ ਪੰਜਾਬ ਤੇ ਹੁਣ ਦੇਸ਼ ਵਿੱਚ ਹੀ ਨਹੀ ਸਗੋ ਵਿਦੇਸ਼ਾਂ ਵਿੱਚ ਵੀ ਇਸ ਸੰਸਥਾਂ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾਂ ਹੈ। ਬੱਚਿਆਂ, ਮਾਪਿਆਂ ਤੇ ਡੂੰਘਾਂ ਪ੍ਰਭਾਵ ਪਿਆ ਨਜਰ ਆ ਰਿਹਾ ਹੈ। ਹੁਣ ਅਣਖ ਜਗਾਉਤੜ.ਆਜਾਦੀ ਪਾਉ ਯਾਤਰਾ ਦਾ ਆਗਾਜ ਸ਼ੁਰੂ ਹੋ ਚੁੱਕਾ ਹੈ ਜਿਸ ਨੂੰ ਫਕੀਰ ਚੰਦ ਜੱਸਲ ਦੀ ਅਗਵਾਈ ਚ ਪੂਰੇ ਪੰਜਾਬ ਚ ਚਲਾਇਆ ਜਾ ਰਿਹਾ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਰਾਜਨੀਤੀ ਚ ਕਾਮਯਾਬੀ ਲਈ ਪਹਿਲਾ ਸਮਾਜਿਕ ਤੇ ਧਾਰਮਿਕ ਅਜਾਦੀ ਵੀ ਜਰੂਰੀ ਹੈ। ਸਮਾਜਿਕ ਸੰਗਠਨਾਂ ਦਾ ਅੱਗੇ ਆਉਣਾਂ ਤੇ ਨਿਰਤਰ ਕੰਮ ਕਰਦੇ ਰਹਿਣਾ ਜਰੂਰੀ ਹੁੰਦਾ ਹੈ।ਇਸ ਲਈ ਲੋਕਾਂ ਵਿੱਚੋ ਹੀ ਲੋਕ ਲੀਡਰ ਪੈਦਾ ਹੁੰਦੇ ਹਨ। ਇਸ ਲਕਈ ਵਿਚਾਰ, ਸੋਚ, ਮਿਸ਼ਨ ਦੀ ਭਾਂਵਨਾਂ ਦੇ ਨਿਰੰਤਰ ਕੰਮ ਕਰਨਾਂ ਬੇਹੱਦ ਜਰੂਰੀ ਹੈ ਕਿਉਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਜੇਕਰ ਵਿਚਾਰਾਂ ਦਾ ਵੱਡੇ ਪੱਧਰ ਉੱਤੇ ਪ੍ਰਚਾਰ ਤੇ ਪ੍ਰਸਾਰ ਨਾ ਕੀਤਾ ਜਾਵੇ ਤਾਂ ਇੱਕ ਚੰਗਾ ਵਿਚਾਰ ਵੀ ਖਤਮ ਹੋ ਜਾਂਦਾਂ ਹੈ।

ਸਾਨੂੰ ਸਾਡੇ ਮਹਾਂਪੁਰਸ਼ਾਂ ਦੁਆਰਾ ਸਜਾਏ ਸੁਪਨਿਆਂ ਅਤੇ ਸਮਾਜ ਵਿੱਚ ਵਧੀਆਂ ਕੰਮ ਕਰਨ ਵਾਲੇ ਵਧੀਆਂ ਲੋਕਾਂ ਦਾ ਸਾਥ ਦੇਣਾਂ ਚਾਹਿਦਾ ਹੈ।

# ਪੰਜਾਬ ਸਰਕਾਰ ਕੇਂਦਰ ਵੱਲੋਂ ਲਾਏ 'ਵੈਲਿਯੂ ਕੱਟ' ਦੀ ਕਿਸਾਨਾਂ ਨੂੰ ਭਰਪਾਈ ਕਰੇਗੀ-ਐਮ ਐਲ ਏ ਸੰਤੋਸ਼ ਕਟਾਰੀਆ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਵਿਧਾਇਕਾ ਸ੍ਰੀਮਤੀ ਸੰਤੋਸ਼ ਕਟਾਰੀਆ ਨੇ ਅੱਜ ਇੱਥੋਂ ਨਜ਼ਦੀਕ ਕਰਾਵਰ ਵਿਖੇ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਬਾਰਸ਼ਾਂ ਕਾਰਨ ਖਰਾਬ ਹੋਏ ਕਣਕ ਦੇ ਦਾਣਿਆਂ 'ਤੇ ਲਾਏ 'ਵੈਲਿਯੂ ਕੱਟ' ਦੀ ਭਰਪਾਈ ਪੰਜਾਬ ਸਰਕਾਰ ਕਰੇਗੀ, ਜਿਸ ਬਾਰੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਅੱਜ ਰਸਮੀ ਐਲਾਨ ਵੀ ਕਰ ਦਿੱਤਾ ਗਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹਮੇਸ਼ਾਂ ਤੋਂ ਕਿਸਾਨ ਹਿੱਤੂ ਹਨ, ਚਾਹੇ ਖਾਰਬੇ ਦੇ ਮੁਆਵਜ਼ੇ 'ਚ ਵਾਧਾ ਕਰਨ ਦੀ ਗੱਲ ਸੀ ਜਾਂ ਖੰਡ ਮਿੱਲਾਂ ਦੇ ਬਕਾਇਆ ਪਏ ਪੈਸਿਆਂ ਦਾ ਮੁੱਦਾ ਸੀ, ਉਨ੍ਹਾਂ ਆਪਣੇ ਵਾਅਦੇ ਮੁਤਾਬਕ ਕਿਸਾਨ ਹਿੱਤਾਂ ਨੂੰ ਪਹਿਲ ਦਿੱਤੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਪੰਜਾਬ ਦੇ ਅੰਨਦਾਤੇ ਨੂੰ ਬਾਰਸ਼ਾਂ ਦੇ ਖਰਾਬੇ ਕਾਰਨ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਤਾਂ ਮੁੱਖ ਮੰਤਰੀ ਪੰਜਾਬ ਨੇ ਮੁਆਵਜ਼ੇ ਲਈ ਸਪੈਸ਼ਲ ਗਿਰਦਾਵਰੀ ਤੋਂ ਬਾਅਦ ਹੁਣ ਕੇਂਦਰ ਵੱਲੋਂ ਭਾਅ 'ਚ ਲਾਏ ਕੱਟ ਦੀ ਭਰਪਾਈ ਵੀ ਪੰਜਾਬ ਸਰਕਾਰ ਵੱਲੋਂ ਕਰਨ ਦਾ ਐਲਾਨ ਕਰਕੇ ਮੁਸੀਬਤ ਦੇ ਮਾਰੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਬਲਾਚੌਰ ਦੇ ਕੰਢੀ ਇਲਾਕੇ ਦੀ ਸਭ ਤੋਂ ਵੱਡੀ ਮੰਗ ਕੰਢੀ ਨਹਿਰ ਦੀ ਸੰਪੂਰਨਤਾ ਵੀ ਮੁੱਖ ਮੰਤਰੀ ਦੇ ਹੁਕਮਾਂ ਬਾਅਦ ਸ਼ੁਰੂ ਹੋ ਗਈ ਹੈ ਅਤੇ ਪੋਜੇਵਾਲ ਤੋਂ ਸ਼ੁਰੂ ਕੀਤਾ ਗਿਆ ਜ਼ਮੀਨਦੋਜ਼ ਪਾਈਪਾਂ ਪਾਉਣ ਦਾ ਕੰਮ 3 ਮਹੀਨੇ 'ਚ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਨਵੀਂਆਂ ਖੋਜਾਂ ਅਤੇ ਤਕਨੀਕਾਂ ਪ੍ਰਤੀ ਜਾਗਰੂਕ ਕਰਨ ਲਈ ਲਾਏ ਕੈਂਪਾਂ ਨੂੰ ਪਿੰਡ ਪੱਧਰ ਤੱਕ ਪਹੁੰਚਾਉਣ ਲਈ ਵੀ ਆਖਿਆ। ਇਸ ਤੋਂ ਪਹਿਲਾ ਜ਼ਿਲ੍ਹਾ ਦੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਸਾਨ ਮੇਲੇ ਦੇ ਉਦਘਾਟਨ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਆਖਿਆ ਕਿ ਇਹ ਕਿਸਾਨ ਮੇਲੇ ਖੇਤੀ ਦੇ ਖੇਤਰ 'ਚ ਆਈਆਂ ਤਬਦੀਲੀਆਂ, ਹੋਈਆਂ ਨਵੀਂਆਂ ਖੋਜਾਂ ਅਤੇ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਬੜੇ ਲਾਭਦਾਇਕ ਸਿੱਧ ਹੁੰਦੇ ਹਨ। ਉਨ੍ਹਾਂ ਵਿਸ਼ਵਾਸ਼ ਦਿਵਾਇਆ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਨਿਰਵਿਘਨ ਖਰੀਦਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਕਣਕ ਦੇ ਖਰਾਬੇ ਦਾ ਮੁਆਵਜ਼ਾ ਅਗਲੇ ਇੱਕ-ਦੋ ਦਿਨਾਂ 'ਚ ਵੰਡਣਾ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਸਾਨਾਂ ਨੂੰ ਕਣਕ ਦੇ ਵੱਢ ਨੂੰ ਅੱਗ ਲਾਉਣ ਤੋਂ ਵਾਤਾਵਰਣ ਅਤੇ ਜਨਤਕ ਹਿੱਤ 'ਚ ਪ੍ਰਹੇਜ਼ ਕਰਨ ਦੀ ਜ਼ੋਰਦਾਰ ਅਪੀਲ ਕੀਤੀ।



ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ। ਹਰਵਿੰਦਰ ਲਾਲ ਚੋਪੜਾ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸਾਉਣੀ ਸੀਜ਼ਨ 2023 ਦੌਰਾਨ ਜ਼ਿਲ੍ਹੇ 'ਚ ਮੱਕੀ ਹੇਠ 11,000 ਹੈਕਟੇਅਰ, ਝੋਨੇ ਹੇਠ 57,500 ਹੈਕਟੇਅਰ, ਗੰਨੇ ਹੇਠ 7800 ਹੈਕਟੇਅਰ, ਦਾਲਾਂ ਹੇਠ 300 ਹੈਕਟੇਅਰ ਰਕਬਾ ਲਿਆਂਦਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਾਉਣੀ 2023 ਲਈ ਮੱਕੀ, ਝੋਨਾ, ਬਾਸਮਤੀ ਅਤੇ ਦਾਲਾਂ ਆਦਿ ਫਸਲਾਂ ਲਈ ਮਿਆਰੀ ਬੀਜਾਂ ਦੀਆਂ ਵੱਖ-ਵੱਖ ਕਿਸਮਾਂ ਦਾ ਪ੍ਰਬੰਧ ਕਿਸਾਨਾਂ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਤੋਂ ਰੋਕਣ ਲਈ ਜ਼ਿਲ੍ਹੇ 'ਚ ਇਸ ਸਾਲ ਕਿਸਾਨਾਂ ਨੂੰ ਕੁੱਲ 371 ਮਸ਼ੀਨਾਂ ਸਬਸਿਡੀ 'ਤੇ ਮਹੁੱਈਆ ਕਰਵਾਈਆਂ ਗਈਆਂ ਅਤੇ ਬਣਦੀ ਕੁੱਲ ਸਬਸਿਡੀ 5,10,04,510/- ਰੁਪਏ ਕਿਸਾਨਾਂ ਦੇ ਖਾਤਿਆਂ ਵਿਚ ਤਬਦੀਲ ਕੀਤੀ ਜਾ ਚੁੱਕੀ ਹੈ।

## 14 ਅਪ੍ਰੈਲ ਨੂੰ ਬਾਬਾ ਸਾਹਿਬ ਦੇ 132ਵੇਂ ਜਨਮ ਦਿਹਾੜੇ ’ਤੇ ਵਿਸ਼ੇਸ਼

# ਭਾਰਤ ਰਤਨ ਡਾ. ਅੰਬੇਡਕਰ ਜੀ ਦੀ ਸ਼ਖ਼ਸੀਅਤ ਵਾਰੇ ਪ੍ਰਸਿੱਧ ਆਗੂਆਂ ਦੇ ਵਿਚਾਰ

ਆਪਣੀ ਅਕਲ ਲਿਆਕਤ ਨਾਲ ਕਮਾਲਾਂ ਕਰ ਦਿੱਤੀਆਂ।
ਸਦੀਆਂ ਤੋਂ ਸੱਖਣੀਆਂ ਸਹਿਜਲ ਝੋਲ਼ੀਆਂ ਭਰ ਦਿੱਤੀਆਂ।

ਡਾ. ਅੰਬੇਡਕਰ ਦੀ ਸ਼ਖ਼ਸੀਅਤ ਉਹਨਾਂ ਦੀ ਵਿਦਵਤਾ, ਉਹਨਾਂ ਵਿੱਚ ਅਗਵਾਈ ਕਰਨ ਅਤੇ ਸੰਗਠਿਤ ਕਰਨ ਦੀ ਸਮਰੱਥਾ, ਅਜਿਹੇ ਗੁਣ ਆਪਣੇ ਆਪ ਵਿੱਚ ਹੀ ਉਹਨਾਂ ਨੂੰ ਸਿਰਮੌਰ, ਦੇਸ਼ ਦਾ ਮਾਣ (ਪੂੰਜੀ) ਦਰਸਾਉਣ ਲਈ ਕਾਫੀ ਹਨ। ਇਸ ਤੋਂ ਇਲਾਵਾ, ਉਹਨਾਂ ਨੇ ਛੂਆਛਾਤ ਨੂੰ ਖਤਮ ਕਰਨ ਦੇ ਯਤਨਾਂ ਦੁਆਰਾ ਆਪਦੀਆਂ ਅਪਾਰ ਸੇਵਾਵਾਂ ਭਾਰਤ ਭੂਮੀ ਲਈ ਦਿੱਤੀਆਂ। ਲੱਖਾਂ ਕਰੋੜਾਂ ਕਰੋੜਾਂ ਦਲਿਤ ਵਰਗਾਂ ਅੰਦਰ ਆਤਮ ਵਿਸ਼ਵਾਸ ਆਦਮੀਅਤਾ ਵਾਲੀ ਭਾਵਨਾ ਪੈਦਾ ਕੀਤੀ। ਦੇਸ਼ ਭਗਤੀ ਅਤੇ ਮਾਨਵਤਾ ਪੱਖ ਤੋਂ ਉਹਨਾਂ ਦੀ ਵੱਡੀ ਦੇਣ ਹੈ। ਅਖੌਤੀ ਅਛੂਤ ਜਾਤਾਂ ਅੰਦਰ ਅਜਿਹੀ ਉੱਚ ਸ਼ਖ਼ਸੀਅਤ ਦਾ ਜਨਮ ਲੈਣਾ ਇਹ ਸੱਚਮੁੱਚ ਹੀ ਅਛੂਤਾਂ ਨੂੰ ਆਤਮ-ਨਿਰਾਸ਼ਾ ਤੋਂ ਮੁਕਤ ਕਰਨ ਲਈ ਕਾਫੀ ਹੈ। ਉਹਨਾਂ ਵਿੱਚ ਜ਼ਿੰਦਾਦਿਲੀ ਭਰਨ ਲਈ ਕਾਫੀ ਹੈ ਕਿ ਉਹ ਅਖੌਤੀ ਛੂਤ ਜਾਤਾਂ (ਉੱਚ ਜਾਤਾਂ) ਦੀ ਉੱਚਤਾ ਨੂੰ ਚੁਣੌਤੀ ਦੇ ਸਕਦੇ ਹਨ।

**ਵੀਰ ਸਾਵਰਕਰ ਜੀਵਨ ਅਤੇ ਮਿਸ਼ਨ ਸਫਾ 346**

ਬਹੁਤਾ ਕਰਕੇ ਡਾ. ਅੰਬੇਡਕਰ ਨੂੰ ਹਿੰਦੂ ਸਮਾਜ ਦੇ ਸਾਰੇ ਅੱਤਿਆਚਾਰੀ ਲੱਛਣਾਂ ਵਿਰੁੱਧ ਵਿਦਰੋਹ ਦੇ ਪ੍ਰਤੀਕ ਵਜੋਂ ਚੇਤੇ ਰੱਖਿਆ ਜਾਵੇਗਾ। ਇਸ ਸ਼ੋਸ਼ਣ ਵਾਲੇ ਪੱਖਾਂ ਦੀ ਉਹਨਾਂ ਦੁਆਰਾ ਸਖਤ ਵਿਰੋਧਤਾ ਨੇ ਲੋਕਾਂ ਦੀ ਸੋਚ, ਲੋਕਾਂ ਦੇ ਮਨਾਂ ਨੂੰ ਜਾਗਰੂਕ ਕੀਤਾ, ਭਾਵੇਂ ਉਹਨਾਂ ਬਾਰੇ ਵਾਦ-ਵਿਵਾਦ ਵੀ ਕਾਫੀ ਰਿਹਾ, ਫਿਰ ਵੀ ਉਹਨਾਂ ਨੇ ਸਰਕਾਰੀ ਸਰਗਰਮੀਆਂ ਵਿੱਚ ਬਹੁਤ ਹੀ ਉਸਾਰੂ ਅਤੇ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਨੇ ਜਿਹਨਾਂ ਪਹਿਲੂਆਂ ਖਿਲਾਫ਼ ਬਗ਼ਾਵਤ ਕੀਤੀ, ਉਹ ਸਾਨੂੰ ਸਭ ਨੂੰ ਕਰਨੀ ਚਾਹੀਦੀ ਹੈ।

**ਜਵਾਹਰ ਲਾਲ ਨਹਿਰੂ, ਜੀਵਨ ਅਤੇ ਮਿਸ਼ਨ ਸਫਾ 517**

ਡਾ. ਅੰਬੇਡਕਰ ਸਾਡੇ ਸੰਵਿਧਾਨ ਦੇ ਨਿਰਮਾਤਾ ਸਨ, ਵੱਖ-ਵੱਖ ਹੈਸੀਅਤ ਵਿੱਚ ਖਾਸ ਕਰਕੇ ਦਲਿਤ ਵਰਗਾਂ ਦੇ ਉੱਥਾਨ ਲਈ ਉਹਨਾਂ ਦੀਆਂ ਸੇਵਾਵਾਂ ਦਾ ਜਵਾਬ ਨਹੀਂ।

**ਡਾ. ਰਜਿੰਦਰ ਪ੍ਰਸਾਦ, ਜੀਵਨ ਅਤੇ ਮਿਸ਼ਨ ਸਫਾ 517**

ਡਾ. ਅੰਬੇਡਕਰ ਸਾਦਾ, ਪੂਰੀ ਤਰ੍ਹਾਂ ਇਮਾਨਦਾਰ, ਤਿੱਖੀ ਕਾਨੂੰਨੀ ਸੂਝ ਵਾਲਾ, ਆਪਣੀ ਗੱਲ ਦਾ ਪੱਕਾ ਅਤੇ ਮਹਾਨ ਵਿਦਵਤਾ ਵਾਲਾ ਵਿਅਕਤੀ ਸੀ।

**ਰਾਜਗੋਪਾਲਚਾਰੀ, ਜੀਵਨ ਅਤੇ ਮਿਸ਼ਨ ਸਫਾ 518**

ਉੱਚ ਜਾਤਾਂ ਦੀ ਜ਼ਮੀਰ ਨੂੰ ਆਪਣੇ ਪ੍ਰਭਾਵ ਨਾਲ ਟੁੰਬਣ ਕਰਕੇ ਗਾਂਧੀ ਨੇ ਆਪਣੇ ਆਪ ਨੂੰ ਮਹਾਨ ਆਗੂ ਸਾਬਿਤ ਕੀਤਾ, ਪਰ ਮੇਰੀ ਰਾਏ ਵਿੱਚ ਡਾ. ਅੰਬੇਡਕਰ ਅਸਲ ਮਹਾਤਮਾ ਹੈ। ਉਹਨਾਂ ਦਾ ਕੱਦ, ਉਹਨਾਂ ਦਾ ਰੁਤਬਾ ਨਾ ਕੇਵਲ ਅਨਿਆਂ ਖਿਲਾਫ਼ ਲੜਨ ਵਾਲੇ ਅਣਥੱਕ ਯੋਧੇ ਵਜੋਂ ਹੈ, ਬਲਕਿ ਬਤੌਰ ਮਹਾਨ ਭਾਰਤੀ ਵਜੋਂ ਵੀ ਹੈ।

**ਮਧੂਲਿਮੇ, ਅੰਤਲੇ ਕੁੱਝ ਸਾਲ ਸਫਾ 161**

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਡਾ. ਅੰਬੇਡਕਰ ਅਜਿਹੇ ਮਸ਼ਹੂਰ ਵਿਅਕਤੀਆਂ ਵਿੱਚੋਂ ਇੱਕ ਹੈ, ਜਿਸ ਨੇ ਮਹਾਨ ਦੇਸ਼ ਭਾਰਤ ਵਿੱਚ ਉਸ ਸਮੇਂ ਇੱਕ ਇਤਿਹਾਸਿਕ ਯੋਗਦਾਨ ਪਾਇਆ, ਜਦੋਂ ਦੇਸ਼ ਵੱਡੀਆਂ ਤਬਦੀਲੀਆਂ ਵਿੱਚੀਂ ਗੁਜ਼ਰ ਰਿਹਾ ਸੀ। ਡਾ. ਅੰਬੇਡਕਰ ਉਹਨਾਂ ਵਿੱਚੋਂ ਇੱਕ ਸੀ, ਜਿਸ ਨੇ ਦੇਸ਼ ਵਿੱਚ ਸਮਾਜਿਕ ਤਬਦੀਲੀ ਦੇ ਸਿਲਸਿਲੇ ਨੂੰ ਤੇਜ਼ ਕਰਨ ਵਿੱਚ ਸਹਾਇਤਾ ਕੀਤੀ, ਅਜਿਹਾ ਸਿਲਸਿਲਾ ਜਿਸ ਦੇ ਸਿੱਟੇ ਵਜੋਂ ਲੱਖਾਂ ਲੋਕ ਬਿਹਤਰ ਅਤੇ ਸੁਖੀ ਜੀਵਨ ਜੀਊਣ ਦੇ ਯੋਗ ਹੋ ਗਏ।

**ਯੂ. ਨੂ. ਪ੍ਰਧਾਨ ਮੰਤਰੀ ਬਰਮਾ ਜੀਵਨ ਅਤੇ ਮਿਸ਼ਨ ਸਫਾ 519**

ਬਾਬਾ ਸਾਹਿਬ ਦੇ ਮਹਾਨ ਬੌਧਿਕ ਗੁਣਾਂ, ਦੇਸ਼ ਅਤੇ ਆਪਣੇ ਸਮੁਦਾਇ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਕਾਰਨ ਦੇਸ਼ ਦੇ ਮਹਾਨ ਬੰਦਿਆਂ ਦੀ ਮੋਹਰਲੀ ਕਤਾਰ ਵਿੱਚ ਉਹਨਾਂ ਦਾ ਸ਼ੁਮਾਰ ਹੁੰਦਾ ਹੈ। ਦੁਨੀਆਂ ਵਿੱਚ ਆਮ ਕਰਕੇ ਅਤੇ ਭਾਰਤ ਵਿੱਚ ਖਾਸ ਕਰਕੇ ਜਿਹੜੇ ਵੀ ਮਨੁੱਖੀ ਸੁਤੰਤਰਤਾ ਪ੍ਰਾਪਤੀ ਨਾਲ ਸੰਬੰਧਿਤ ਹਨ, ਉਹਨਾਂ ਲਈ ਬਾਬਾ ਸਾਹਿਬ ਦੀ ਘਾਲਣਾ, ਮਾਣ, ਸਤਿਕਾਰ, ਧੰਨਵਾਦ ਕਰਨ ਯੋਗ ਹੈ।

**ਬੀ.ਜੀ. ਹੌਰਨੀਮਨ, ਸੰਪਾਦਕ ਬੰਬੇ ਸੈਂਟੀਨਲ ਜੀਵਨ ਅਤੇ ਮਿਸ਼ਨ ਸਫਾ 346**



ਹਰ ਭਾਰਤੀ ਨਾਗਰਿਕ ਆਪਣੇ ਅਧਿਕਾਰ ਮਾਣਨ ਸਮੇਂ ਬਾਬਾ ਸਾਹਿਬ ਦਾ ਨਾਂ ਅਹਿਸਾਨਮੰਦੀ ਨਾਲ ਯਾਦ ਕਰੇਗਾ। ਮੈਂ ਉਹਨਾਂ ਨੂੰ ਐੱਸ.ਸੀ. ਦੇ ਹੀ ਲੀਡਰ ਨਹੀਂ, ਸਾਰੀ ਕੌਮ ਸਾਰੇ ਦੇਸ਼ ਦੇ ਲੀਡਰ ਮੰਨਦਾ ਹਾਂ। ਸੰਵਿਧਾਨ ਕਾਨੂੰਨ ਦੇ ਇੱਕ ਮਾਹਿਰ ਵਜੋਂ ਉਹਨਾਂ ਦਾ ਨਾਂ ਦੁਨੀਆਂ ਭਰ ਵਿੱਚ ਜਾਣਿਆਂ ਜਾਂਦਾ ਹੈ। ਉਹ ਰਾਜਨੀਤੀ ਦੇ ਵੀ ਵਿਦਵਾਨ ਹਨ।

**ਜਸਟਿਸ ਐਮ.ਸੀ. ਛਾਗਲਾ ਜੀਵਨ ਅਤੇ ਮਿਸ਼ਨ ਸਫਾ 419**

ਆਉਣ ਵਾਲੀਆਂ ਨਸਲਾਂ ਲਈ ਡਾ. ਅੰਬੇਡਕਰ, ਸੰਵਿਧਾਨ ਸਭਾ ਦੇ ਮਸੀਹਾ ਵਜੋਂ ਜਾਣੇ ਜਾਣਗੇ। ਇੱਕ ਦਿਨ ਅਜਿਹਾ ਆਵੇਗਾ, ਜਦੋਂ ਲੋਕ ਉਹਨਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਦੇਖਣਗੇ।

**ਕੇ. ਹਨੂਮਥੱਈਆ ਜੀਵਨ ਅਤੇ ਮਿਸ਼ਨ ਸਫਾ 420**

ਸੱਚ ਕਹੀਏ ਤਾਂ ਅਛੂਤਾਂ ਦੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਕੁੱਛ ਕਰਨ ਲਈ ਗਾਂਧੀ, ਡਾ. ਅੰਬੇਡਕਰ ਤੋਂ ਪ੍ਰਭਾਵਿਤ ਹੋਇਆ ਸੀ। ਡਾ. ਅੰਬੇਡਕਰ ਦੱਬੇ ਕੁਚਲੇ ਲੋਕਾਂ ਦੀ ਗੁਲਾਮੀ ਤੋੜਨ ਵਾਲਾ ਇੱਕ ਮਹਾਨ ਸਿੱਧ ਪੁਰਸ਼ ਸੀ।

**ਆਰ. ਕੇ. ਸਿੱਧਵਾਂ ਜੀਵਨ ਅਤੇ ਮਿਸ਼ਨ ਸਫਾ 420**

ਗਾਂਧੀ ਨਹਿਰੂ ਵਰਗੇ ਭਾਰਤੀ ਆਗੂ ਅਸਾਧਾਰਣ ਗੁਣਾਂ ਵਾਲੇ ਸਨ, ਪਰ ਡਾ. ਅੰਬੇਡਕਰ ਇਹਨਾਂ ਸਿਆਣਿਆਂ ਵਿੱਚੋਂ ਵੀ ਵੱਧ ਅਸਾਧਾਰਨ ਯੋਗਤਾ ਵਾਲਾ ਮਨੁੱਖ ਸੀ।

**ਮਾਈਕਲ ਫੁੱਟ, ਲੇਬਰ ਪਾਰਟੀ ਯੂ.ਕੇ. ਦਾ ਸਾਬਕਾ ਲੀਡਰ ਸ਼ੋਰੀ ਨੂੰ ਜਵਾਬ ਸਫਾ-22**

ਡਾ. ਅੰਬੇਡਕਰ ਦੀ ਪ੍ਰਤਿਭਾ, ਉਹਨਾਂ ਦੇ ਗੁਣਾਂ ਦਾ ਕੌਮ ਪੂਰੀ ਤਰ੍ਹਾਂ ਲਾਹਾ ਨਹੀਂ ਲੈ ਸਕੀ। ਇਸ ਨੁਕਸ ਕਾਰਨ ਦੇਸ਼ ਨੂੰ ਵੱਡਾ ਘਾਟਾ ਪਿਆ ਹੈ, ਜਿਹੜੀ ਕੌਮ (ਦੇਸ਼) ਵਿਦਵਤਾ ਨੂੰ ਨਜ਼ਰਅੰਦਾਜ਼ ਕਰਦੀ ਹੈ ਅਤੇ ਸਾਧਾਰਨ ਜਾਂ ਔਸਤ ਨੂੰ ਉਤਸ਼ਾਹਿਤ ਕਰਦੀ ਹੈ, ਬੌਧਿਕ ਇਮਾਨਦਾਰੀ ਅਤੇ ਭਰੋਸੇ ਹੌਸਲੇ ਨੂੰ ਤੋੜਦੀ ਹੈ, ਜੀ ਹਜ਼ੂਰੀਆਂ ਦਾ ਪੱਖ ਪੂਰਦੀ ਹੈ, ਹਮੇਸ਼ਾਂ ਪਤਨ ਵੱਲ ਜਾਂਦੀ ਹੈ। ਕਿੰਨਾ ਫਰਕ ਦਿਸਦਾ ਜੇ ਡਾ. ਅੰਬੇਡਕਰ ਵਰਗੇ ਕੁੱਛ ਬੁੱਧੀਮਾਨ ਲੋਕ ਇਸ ਮੁਲਕ ਦੀਆਂ ਉਸਾਰੂ ਗਤੀਵਿਧੀਆਂ ਦੇ ਮੁੱਖ ਸੰਚਾਲਕ ਹੁੰਦੇ।

**ਜਸਟਿਸ ਕੇ. ਸੁੱਬਾ ਰਾਓ ਸ਼ੋਰੀ ਨੂੰ ਜਵਾਬ ਸਫਾ-35**

ਅੰਗਰੇਜ਼ੀ ਭਾਸ਼ਾ ਉੱਤੇ ਡਾ. ਅੰਬੇਡਕਰ ਦੀ ਆਪਣੀ ਜੋਰਦਾਰ ਪਕੜ ਹੈ, ਇਸ ਭਾਸ਼ਾ ਦੀ ਵਰਤੋਂ ਉੱਤੇ ਉਹਨਾਂ ਦਾ ਨਿੱਜੀ ਰੰਗ ਹੈ। ਉਹ ਨਿਰਭੈ ਹੋ ਕੇ ਇਤਿਹਾਸਿਕ ਜਾਂ ਉਂਝ ਉਦਾਹਰਣਾਂ-ਪ੍ਰਮਾਣ ਦੇ ਕੇ ਬਹਿਸ ਕਰਨ ਵਿੱਚ ਮਾਹਿਰ ਹੈ। ਉਹਨਾਂ ਵਿਚਲੀ ਊਰਜਾ ਬੜੇ ਅਸਰਦਾਰ ਢੰਗ ਨਾਲ ਬਾਹਰ ਆਉਂਦੀ ਹੈ। ਜੇ ਡਾ. ਅੰਬੇਡਕਰ ਦਾ ਲਿਖਿਆ ਕੁੱਛ ਤੁਹਾਡੇ ਹੱਥ ਲੱਗੇ, ਜਰੂਰ ਪੜ੍ਹੋ। ਤੁਸੀਂ ਜਾਣ ਜਾਵੋਗੇ ਕਿ ਕੱਟੜ ਹਿੰਦੂ ਕਿਉਂ ਅਕਸਰ ਤੈਸ਼ ਵਿੱਚ ਆ ਜਾਂਦੇ ਹਨ। ਉਹ ਭਾਰਤ ਦੇ ਦਰਜਣ ਭਰ ਚਮਤਕਾਰੀ ਬੰਦਿਆਂ ਵਿੱਚੋਂ ਇੱਕ ਹੈ।

**Enlist India for Freedom ਵਿੱਚ ਐਡਵਰਡ ਥੌਂਪਸਨ**

ਅਸੀਂ ਜਿਹੜੇ ਬੰਬਈ ਇਲਾਕੇ ਤੋਂ ਆਉਂਦੇ ਹਾਂ, ਬਾਬਾ ਸਾਹਿਬ ਨੂੰ ਇੱਕ ਅਧਿਆਪਕ, ਇੱਕ ਆਰਥਿਕ ਮਾਹਿਰ, ਇੱਕ ਮਜ਼ਦੂਰ ਆਗੂ, ਇੱਕ ਰਾਜਨੀਤਿਕ ਲੀਡਰ ਵਜੋਂ ਯਾਦ ਕਰਦੇ ਹਾਂ। ਜੋ ਮਹਾਨ ਕੰਮ ਉਹਨਾਂ ਨੇ ਸਦਨ ਵਿੱਚ ਕੀਤਾ, ਸਰਕਾਰ ਦੇ ਮੰਤਰੀ ਹੁੰਦਿਆਂ ਕੀਤਾ, ਉਸ ਤੋਂ ਇਲਾਵਾ ਉਹਨਾਂ ਨੇ ਸਾਡੇ ਖੇਤਰ ਅੰਦਰ ਨਵੀਂ ਚੇਤਨਾ, ਨਵੀਂ ਜਾਗ੍ਰਿਤੀ ਲਿਆਂਦੀ। ਉਹਨਾਂ ਕਰਕੇ ਹੀ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਸਮਾਜਿਕ ਮਹੱਤਤਾ ਨਸੀਬ ਹੋਈ, ਉਹਨਾਂ ਅੰਦਰ ਆਤਮ ਵਿਸ਼ਵਾਸ ਆਇਆ। ਮੇਰਾ ਵਿਸ਼ਵਾਸ ਹੈ ਕਿ ਜੇ ਡਾ. ਅੰਬੇਡਕਰ ਨਾ ਹੁੰਦੇ ਤਾਂ ਦੇਸ਼ ਦਾ ਇਹ ਹਿੱਸਾ ਉਹ ਨਾ ਹੁੰਦਾ, ਜਿੰਦਾਂ ਦਾ ਇਹ ਅੱਜ ਹੈ।



ਸੰਤੋਖ ਸਿੰਘ ਜੱਸੀ
91-70876–19800

**ਸ਼੍ਰੀ ਅਸ਼ੋਕ ਮਹਿਤਾ (ਭੰਡਾਰਾ) ਲਿਖਤਾਂ ਅਤੇ ਭਾਸ਼ਣ, ਗ੍ਰੰਥ-15 ਸਫਾ-979**

ਡਾ. ਅੰਬੇਡਕਰ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਕੇਵਲ ਬਹੁਤ ਗਹਿਰੇ ਹੀ ਨਹੀਂ, ਬਹੁਤ ਗੰਭੀਰ ਵਿਦਵਾਨ ਸਨ। ਜਿਵੇਂ ਸਦਨ ਦੇ ਆਗੂ ਨੇ ਕਿਹਾ ਕਿ ਉਹ ਵਿਵਾਦਿਤ ਵਿਅਕਤੀ ਸਨ। ਉਹਨਾਂ ਦੀ ਸ਼ਖ਼ਸੀਅਤ ਜੁਝਾਰੂ ਭਾਵਨਾ ਵਾਲੀ ਸੀ। ਇਸ ਜੁਝਾਰੂ ਭਾਵਨਾ ਕਾਰਨ ਹੀ ਉਹ ਆਪਣੀਆਂ ਨਿੱਜੀ ਤਕਲੀਫ਼ਾਂ ’ਤੇ ਜਿੱਤ ਪ੍ਰਾਪਤ ਕਰ ਸਕੇ, ਨਹੀਂ ਤਾਂ ਘੱਟ ਦ੍ਰਿੜ੍ਹਤਾ ਵਾਲਾ ਬੰਦਾ ਉਂਝ ਹੀ ਕੁਚਲਿਆ ਜਾਂਦਾ।

**ਸ਼੍ਰੀ ਫਰੈਂਕ ਅੰਥਨੀ (ਨਾਮਜ਼ਦ ਐਂਗਲੋ ਇੰਡੀਅਨ) ਲਿਖਤਾਂ ਅਤੇ ਭਾਸ਼ਣ, ਗ੍ਰੰਥ-15 ਸਫਾ 980**

ਬਾਬਾ ਸਾਹਿਬ, ਭਾਰਤ ਦੇ ਮਹਾਨ ਸਪੂਤ ਸਨ। ਉਹ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਹੀ ਮਸੀਹਾ ਅਤੇ ਰੱਖਿਅਕ ਨਹੀਂ ਬਲਕਿ ਮਹਾਨ ਅੰਤਰਰਾਸ਼ਟਰੀ ਪੱਧਰ ਦੇ ਰਹਿਬਰ ਸਨ। ੨ਇਨਸਾਈਡ ਏਸ਼ੀਐ ਦੇ ਲੇਖਕ ਲਾਰਡ ਗੁੰਥਰ ਅਨੁਸਾਰ ਦੁਨੀਆਂ ਭਰ ਦੇ ਛੇ ਬੁੱਧੀਮਾਨ ਮਨੁੱਖਾਂ ਵਿੱਚੋਂ ਉਹ ਇੱਕ ਸਨ। ਉਹਨਾਂ ਨੇ ਅਨਿਆਂ ਅਸਮਾਨਤਾ ਅਤੇ ਛੂਆਛਾਤ ਦੇ ਕੈਂਸਰ ਵਿਰੁੱਧ ਵੱਡੀ ਲੜਾਈ ਲੜੀ। ਜਿੰਨੀ ਸਫ਼ਲਤਾ ਨਾਲ ਉਹਨਾਂ ਨੇ ਛੂਆਛਾਤ ਦੇ ਕਲੰਕ ਨੂੰ ਦੂਰ ਕਰਨ ਦੀ ਜੰਗ ਲੜੀ, ਹੋਰ ਕਿਸੇ ਨੇ ਨਹੀਂ ਲੜੀ। ਸ਼ਾਇਦ ਇਹੀ ਕਾਰਨ ਹੈ ਕਿ ਹੋਰ ਕੋਈ ਆਗੂ ਜਾਂ ਸੰਤ, ਲੋਕਾਂ ਦਾ ਹਰਮਨ ਪਿਆਰਾ ਬਾਬਾ ਸਾਹਿਬੈ ਨਹੀਂ ਬਣ ਸਕਿਆ, ਸਿਰਫ ਅੰਬੇਡਕਰ ਹੀ ਬਾਬਾ ਸਾਹਿਬ ਬਣ ਸਕੇ, ਭਾਰਤ ਦੇ ਲਤਾੜਿਆਂ ਪਛਾੜਿਆਂ ਦਾ ਕਲਿਆਣ ਕਰਨ ਵਾਲੇ ਬਣ ਸਕੇ।

**ਆਰ. ਐੱਮ. ਸੁਮਨ ਕੌਂਸਲਰ ਲੈਚਵਰਦ ਹਰਟਸ ਡਾ. ਅੰਬੇਡਕਰ ਦੇ ਜੀਵਨ ਕੁੱਝ ਆਖਰੀ ਸਾਲ ਸਫਾ-260**

ਡਾ. ਅੰਬੇਡਕਰ ਜੁਝਾਰੂ ਤਬੀਅਤ ਦਾ ਬੰਦਾ ਸੀ, ਹੌਸਲੇ ਵਾਲਾ ਵਿਅਕਤੀ ਸੀ, ਕੱਟੜ ਹਿੰਦੂਵਾਦ ਸਾਹਮਣੇ ਉਹਨਾਂ ਨੇ ਇੱਕ ਚੁਣੌਤੀ ਪੇਸ਼ ਕੀਤੀ ਅਤੇ ਹਿੰਦੂਵਾਦ ਨੇ ਉਹਨਾਂ ਨੂੰ ਚੰਗਾ ਹੁੰਗਾਰਾ ਦਿੱਤਾ। ਸੰਭਵ ਤੌਰ ’ਤੇ ਉਹ ਯਾਦ ਰੱਖੇ ਜਾਣਗੇ। ਭਾਵੇਂ ਉਹਨਾਂ ਦੇ ਅਖੌਤੀ ਸਮਕਾਲੀ ਪ੍ਰਸਿੱਧ ਵਿਅਕਤੀ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਰ ਜਾਣਗੇ।

**ਦੀ ਟਾਈਮਜ਼ ਆੱਫ ਇੰਡੀਆ ਬੰਬੇ। ਦਸੰਬਰ 9, 1956**

# ਨਿਊਜ਼ੀਲੈਂਡ ਪੁਲਿਸ ਦੀ ਜਾਣਕਾਰੀ ਪੁਸਤਿਕਾ ’ਚ ਕਾਮਿਨੀ ਅਤੇ ਹਮਦਰਦ ਬਰਸ਼ਾਸ਼ਾ ਗੈਰ ਕਾਨੂੰਨੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਨਸ਼ਿਆ ਦੀ ਆਮਦ ਕੋਈ ਨਵੀਂ ਗੱਲ ਨਹੀਂ ਹੈ, ਪਰ ਦੇਸੀ ਦਵਾਈਆਂ ਜਾਂ ਜੜੀ ਬੂਟੀਆਂ (ਹਰਬਲ) ਦੇ ਨਾਂਅ ਉਤੇ ਕਲਾਸ-ਬੀ ਦਾ ਨਸ਼ਾ ਆਮ ਲੋਕਾਂ ਨੂੰ ਦਿੱਤਾ ਜਾ ਰਿਹਾ ਹੋਵੇ ਤਾਂ, ਬਹੁਤ ਹੀ ਖਤਰਨਾਕ ਰੁਝਾਨ ਸਾਬਿਤ ਹੋ ਸਕਦਾ ਹੈ। ਜਦੋਂ ਅਜਿਹੇ ਉਤਪਾਦ ਭਾਰਤ ਤੋਂ ਆ ਰਹੇ ਹੋਣ ਅਤੇ ਇਥੇ ਵਸਦੇ ਭਾਰਤੀਆਂ ਦੀਆਂ ਦੁਕਾਨਾਂ ਤੋਂ ਵਿਕ ਰਹੇ ਹੋਣ ਤਾਂ ਕਿਸ ਦੀ ਗਲਤੀ ਹੋਵੇਗੀ? ਦੱਸਣ ਦੀ ਲੋੜ ਨਹੀਂ। ਪਰ ਇਸਦੇ ਬਾਵਜੂਦ ਸ਼ਾਬਾਸ਼ ਹੈ ਨਿਊਜ਼ੀਲੈਂਡ ਪੁਲਿਸ ਦੇ ਜੋ ਜਾਣਕਾਰੀ ਭਰਪੂਰ ਕਿਤਾਬਚੇ, ਪੈਂਫਲਿਟ ਜਾਂ ਕਹਿ ਲਈਏ ਹੱਥਲੀ ਪੁਸਤਿਕਾਂ ਬਣਾ ਕੇ ਦੁਕਾਨਾਂ ਉਤੇ ਵੰਡ ਰਹੀ ਹੈ। ਇਹ ਪੁਸਤਿਕਾਂ ਜਦੋਂ ਭਾਰਤੀ ਦੁਕਾਨਾਂ ਉਤੇ ਪੁਲਿਸ ਵਾਲੇ ਦੇਣ ਜਾਂਦੇ ਹਨ ਤਾਂ ਕੀ ਮਹਿਸੂਸ ਕਰਦੇ ਹੋਣਗੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਕਾਮਿਨੀ ਅਤੇ ਬਰਸ਼ਾਸ਼ਾ ਕੀ ਹੈ? ਇਹ ਉਤਪਾਦ ਦੱਖਣੀ ਏਸ਼ੀਆ ਮੁਲਕਾਂ ਦੇ ਵਿਚ ਹਰਬਲ ਮੈਡੀਸਨ ਦੇ ਤੌਰ ਉਤੇ ਵੇਚੇ ਜਾਂਦੇ ਹਨ ਅਤੇ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਸਿਹਤ ਲਈ ਫਾਇਦੇਮੰਦ ਹਨ। ਇਸ ਵਿਚ ਮਾਰਫੀਨ (Oipiods) ਹੁੰਦੀ ਹੈ। ਵਰਣਯੋਗ ਹੈ ਕਿ ਅਜਿਹੇ ਰਸਾਇਣ ਖਸਖਸ ਅਤੇ ਪੋਸਤ ਤੋਂ ਇਲਾਵਾ ਸਿੰਥੇਟਿਕ ਵੀ ਬਣਾਏ ਜਾਂਦੇ ਹਨ। ਓਪੀਓਡਜ਼ ਉਹ ਰਸਾਇਣ ਜਾਂ ਦਵਾਈਆਂ ਹਨ ਜੋ ਦਿਮਾਗ ਦੇ ਇੱਕ ਖਾਸ ਹਿੱਸੇ ’ਤੇ ਕੰਮ ਕਰਦੀਆਂ ਹਨ ਜਿਨ੍ਹਾਂ ਨੂੰ ਓਪੀਔਡ ਰੀਸੈਪਟਰ ਕਿਹਾ ਜਾਂਦਾ ਹੈ।

ਸਾਡੇ ਸਰੀਰ ਅਸਲ ਵਿੱਚ ਕੁਦਰਤੀ ਓਪੀਔਡਜ਼ ਦੀ ਥੋੜ੍ਹੀ ਮਾਤਰਾ ਪੈਦਾ ਕਰਦੇ ਹਨ ਜੋ ਦਰਦ ਨਾਲ ਨਜਿੱਠਣ ਅਤੇ ਸਾਨੂੰ ਸ਼ਾਂਤ ਕਰਨ ਵਿੱਚ ਮਦਦ ਕਰਨ ਲਈ ਉਹਨਾਂ ਰੀਸੈਪਟਰਾਂ ਨਾਲ ਜੁੜਦੇ ਹਨ। ਨੁਸਖ਼ੇ ਵਾਲੇ ਓਪੀਔਡਜ਼ ਇਹਨਾਂ ਰੀਸੈਪਟਰਾਂ ਨਾਲ ਜਾ ਜੁੜਦੇ ਹਨ। ਉਹਨਾਂ ਦਾ ਉਦੇਸ਼ ਗੰਭੀਰ ਜਾਂ ਪੁਰਾਣੀ ਦਰਦ ਵਿੱਚ ਸਹਾਇਤਾ ਕਰਨਾ ਹੁੰਦਾ ਹੈ, ਪਰ ਉਹ ਕੁਝ ਲੋਕਾਂ ਲਈ ਖੁਸ਼ੀ ਜਾਂ ਖੁਸ਼ੀ ਦੀਆਂ ਭਾਵਨਾਵਾਂ ਦਾ ਕਾਰਨ ਵੀ ਬਣ ਸਕਦੇ ਹਨ।


ਕਾਮਿਨੀ ਅਤੇ ਬਰਸ਼ਾਸ਼ਾ ਕੀ ਨੁਕਸਾਨ ਦਾਇਕ ਹੈ? ਇਸ ਦੀ ਵਰਤੋਂ ਬਾਅਦ ਗੰਭੀਰ ਕਿਸਮ ਦੇ ਨਤੀਜੇ ਸਾਹਮਣੇ ਆਏ ਹਨ। ਜਿਆਦਾ ਵਰਤੋਂ ਕਰਨ ਕਰਕੇ ਜਿਆਦਾ ਖਤਰਾ ਹੋ ਸਕਦਾ ਹੈ, ਸੜਕੀ ਦੁਰਘਟਨਾਵਾਂ ਹੋਣ ਦਾ ਖਤਰਾ ਹੁੰਦਾ ਹੈ ਅਤੇ ਇਹ ਬਹੁਤ ਸਾਰੇ ਕੇਸਾਂ ਵਿਚ ਸਿੱਧ ਵੀ ਹੋ ਚੁੱਕਾ ਹੈ।

ਕੀ ਇਹ ਇਥੇ ਕਾਨੂੰਨਨ ਠੀਕ ਹਨ? ਨਹੀਂ। ਇਨ੍ਹਾਂ ਦੋਹਾਂ ਦੇ ਵਿਚ ਕਲਾਸ ਬੀ ਯਾਨਿ ਕਿ ਨਿਯੰਤਰਣ ਪੱਧਰ ਦਾ ਨਸ਼ਾ ਪਾਇਆ ਜਾਂਦਾ ਹੈ, ਇਸ ਕਰਕੇ ਨਿਊਜ਼ੀਲੈਂਡ ਦੇ ਵਿਚ ਇਹ ਗੈਰ ਕਾਨੂੰਨੀ ਹੈ। ਇਸਨੂੰ ਮੰਗਵਾਉਣਾ, ਵੇਚਣਾ, ਕਿਤੇ ਹੋਰ ਭੇਜਣਾ ਅਤੇ ਵਰਤਣਾ ਕਾਨੂੰਨ ਦੇ ਵਿਰੁੱਧ ਹੈ। ਸੋ ਇਹ ਗੈਰਕਾਨੂੰਨੀ ਹੈ।

ਸਜ਼ਾ ਕੀ ਹੈ? ਕਾਮਿਨੀ ਅਤੇ ਬਾਰਸ਼ਾਸ਼ਾ ਦੀ ਆਮਦ ਕਰਨਾ ਅਤੇ ਵੇਚਣਾ 14 ਸਾਲ ਤੱਕ ਦੀ ਜ਼ੇਲ੍ਹ ਕਰਵਾ ਸਕਦਾ ਹੈ। ਇਸ ਨੂੰ ਆਪਣੇ ਕੋਲ ਰੱਖਣਾ ਅਤੇ ਵਰਤਣਾ 3 ਮਹੀਨਿਆਂ ਦੀ ਜ਼ੇਲ੍ਹ ਅਤੇ 500 ਡਾਲਰ ਜ਼ੁਰਮਾਨਾ ਕਰਵਾ ਸਕਦਾ ਹੈ। ਪੁਲਿਸ ਦੇ ਕੋਲ ‘ਕ੍ਰਿਮੀਨਲ ਪ੍ਰੋਸੀਡਜ਼’ ਸ਼ਕਤੀ ਅਧੀਨ ਅਧਿਕਾਰ ਹੈ ਕਿ ਉਹ ਇਸਨੂੰ ਜ਼ਬਤ ਕਰ ਸਕਦੀ ਹੈ।

ਕੂਲ ਲਿੱਪ ਕੀ ਹੈ? ਜ਼ਰਦੇ ਵਰਗੀਆਂ ਪੁੜੀਆਂ ਇਸ ਨਾਂਅ ਹੇਠ ਆਉਂਦੀਆਂ ਹਨ ਜਿਸ ਦੇ ਵਿਚ ਤੰਬਾਕੂ ਤੋਂ ਇਲਾਵਾ ਹੋਰ ਸਮਾਨ ਜਿਵੇਂ ਕਈ ਤਰ੍ਹਾਂ ਦੇ ਪੱਤੇ, ਮਸਾਲੇ ਅਤੇ ਹੋਰ ਰਸਾਇਣ ਵੀ ਪਾਏ ਜਾਂਦੇ ਹਨ। ਇਸ ਨੂੰ ਇਥੇ ਨਿਜੀ ਤੌਰ ’ਤੇ ਵਰਤਣਾ ਕਾਨੂੰਨੀ ਹੈ ਪਰ ਵੇਚਣਾ ਗੈਰ ਕਾਨੂੰਨੀ। ਅਜਿਹੀ ਗਲਤੀ ਲਈ 10,000 ਡਾਲਰ ਜ਼ੁਰਮਾਨਾ ਹੋ ਸਕਦਾ ਹੈ। ਇਸਦੇ ਵਰਤਣ ਨਾਲ ਕੈਂਸਰ ਵਰਗੀ ਬਿਮਾਰੀ ਹੋਣ ਦਾ ਡਰ ਹੈ। ਪੁਲਿਸ ਨੇ ਸਲਾਹ ਦਿੱਤੀ ਹੈ ਕਿ ਅਜਿਹੇ ਉਤਪਾਦਾਂ ਦੀ ਵਰਤੋਂ ਨਾ ਕੀਤੀ ਜਾਵੇ।

ਪਰ ਕਈ ਪੰਜਾਬੀ ਕਲਾਕਾਰਾਂ ਨੇ ਤਾਂ ਕੂਲ ਲਿੱਪ ਉਤੇ ਗਾਣੇ ਬਣਾ ਕੇ ਆਪਣਾ ਬਿਜ਼ਨਸ ਵੀ ਕਰ ਲਿਆ ਹੈ। ਅਖੇ “ਇਕ ਅਮਲੀ ਸਰੀਰ ਦੂਜਾ ਲੌਕਡਾਊਨ ਕਰਤਾ.... ਰੂਹ ਤੇ ਪੱਥਰ ਸਰਕਾਰਾਂ ਨੇ ਧਰਤਾ। ਦੋ ਮਹੀਨੇ ਹੋ ਗਏ ਭੂਕੀ ਸੁੰਘ ਕੇ ਵੇਖੀ.... ਮੰਗਵੀਂ ਤਾਂ ਕੋਈ ਕੂਲ ਲਿਪ ਵੀ ਨੀ ਦਿੰਦਾ ਕਹਿੰਦੇ ਮਹਿੰਗੀ ਹੋ ਗਈ।”



# ਜੱਸੀ, ਕੱਲਰਮਾਜਰੀ ਤੇ ਸਾਂਪਲਾ ਦੀਆਂ ਪੁਸਤਕਾਂ ਰਿਲੀਜ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ/ ਚਰਨਜੀਤ ਸੱਲ੍ਹਾਂ)** ਉਘੇ ਲੇਖਕ ਸੰਤੋਖ ਸਿੰਘ ਜੱਸੀ, ਡਾਕਟਰ ਗੁਰਮੀਤ ਕੱਲਰਮਾਜਰੀ ਤੇ ਜਰਮਨ ਵੱਸਦੇ ਸੋਹਣ ਲਾਲ ਸਾਂਪਲਾ ਦੀਆਂ ਤਿੰਨ ਕਿਤਾਬਾਂ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਤੇ ਪੰਚਾਇਤ ਯੂਨੀਅਨ ਦੇ ਸਹਿਯੋਗ ਨਾਲ ਕਰਵਾਏ ਗਏ ਇਕ ਪ੍ਰਭਾਵਸ਼ਾਲੀ ਸਮਾਗਮ 'ਚ ਰਿਲੀਜ ਕੀਤੀਆਂ ਗਈਆਂ। ਇਹ ਰਸਮਾਂ ਐਡਵੋਕੇਟ ਐਸ ਐਲ ਵਿਰਦੀ ਸਰਦਾਰ ਮਹਿੰਦਰ ਸਿੰਘ ਦੁਸਾਂਝ, ਫਤਹਿਜੰਗ ਸਿੰਘ ਚੰਡੀਗੜ੍ਹ, ਡਾ ਹਰਨੇਕ ਸਿੰਘ, ਡਾ ਇੰਦਰਜੀਤ ਕਜਲਾ, ਕੁਲਦੀਪ ਚੰਦ ਨੰਗਲ, ਜਸਵੀਰ ਸਿੰਘ ਮੋਰੋਂ, ਨਵਤੇਜ ਗੜ੍ਹਦੀਵਾਲ, ਚਮਨ ਲਾਲ ਚਣਕੋਆ, ਅਮਨਦੀਪ ਸਿੰਘ ਸਿੱਧੂ, ਪੰਮੀ ਲਾਲੋਮਜਾਰਾ, ਪ੍ਰਧਾਨ ਜਗਤਾਰ ਸਿੰਘ ਛੋਕਰ, ਸੱਤਪਾਲ ਸਾਹਲੋਂ, ਇੰਸਪੈਕਟਰ ਸੋਢੀ ਸਿੰਘ ਨੇ ਨਿਭਾਉਂਦਿਆਂ ਕ੍ਰਮਵਾਰ "ਬਾਬਾ ਸਾਹਿਬ ਯੂ ਐਨ ਓ ਤੱਕ" ,"ਜਖਮਾਂ ਦਾ ਹਾਸ਼ੀਆ" ਅਤੇ "ਵਿਦੇਸ਼ਾਂ ਵਿੱਚ ਅੰਬੇਡਕਰ ਮਿਸ਼ਨ ਅਤੇ ਬੁੱਧ ਧੰਮ" ਰਿਲੀਜ ਕਰਦਿਆਂ ਵਿਦਵਾਨ ਸਖਸ਼ੀਅਤਾਂ ਨੇ ਇਹਨਾਂ ਪੁਸਤਕਾਂ ਵਾਰੇ ਕਿਹਾ ਕਿ ਲੇਖਕਾਂ ਦੀ ਮਿਹਨਤ ਤੇ ਮਾਨਵੀ ਸੋਚ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਲੇਖਕ ਹੋਰ ਮਿਹਨਤ, ਲਗਨ ਤੇ ਖੋਜ ਨਾਲ ਆਪਣਾ ਕਾਫਲਾ ਅੱਗੇ ਵਧਾਉਣਗੇ ਤੇ ਮਾਨਵੀ ਸੋਚ ਨੂੰ ਵੱਡੇ ਪੱਧਰ ਤੇ ਪ੍ਰਚਾਰ ਤੇ ਪ੍ਰਚਾਰ 'ਚ ਯੋਗਦਾਨ ਪਾਉਣਗੇ। ਇਸ ਮੌਕੇ ਤੇ ਲੈਕਚਰਾਰ ਤੇ ਵਿਦਵਾਨ ਲੇਖਕ ਬੰਸੋ ਦੇਵੀ, ਬੂਟਾ ਸਿੰਘ ਮਹਿਮੂਦਪੁਰ, ਡਾ ਹਰੀ ਕਿਸ਼ਨ, ਮੇਸ਼ੀ ਕਰਾਲਾਂ ਵਾਲਾ, ਰਾਮ ਪ੍ਰਕਾਸ਼ ਮੰਗਵਾਲ, ਸਤਵਿੰਦਰ ਮਢਾਰ, ਦਵਿੰਦਰ ਬੇਗਮਪੁਰੀ, ਮਿਸ਼ਨਰੀ ਗਾਇਕ ਹਰਨਾਮ ਸਿੰਘ ਬਹਿਲਪੁਰੀ, ਸਤਨਾਮ ਸਿੰਘ ਸਹੂੰਗੜਾ, ਗੁਰਪ੍ਰੀਤ ਸਾਧਪੁਰੀ, ਸਰਬਜੀਤ ਰਟੈਂਡਾ, ਅਭੀ ਬੰਗਾ, ਲਵਪ੍ਰੀਤ ਅਮਰੀਕ ਮਾਨ, ਜੋਗਿੰਦਰ ਜੰਡਿਆਲੀ, ਡਾ ਸਤਨਾਮ ਦਾਸ, ਰਘੁਵੀਰ ਸਿੰਘ, ਗੁਰਦੀਪ ਸੈਣੀ, ਮੋਹਣ ਲਾਲ, ਸਾਈਂ ਪੱਪਲ ਸ਼ਾਹ, ਅਹਿਮਦ ਅਲੀ ਕਾਦਰੀ, ਜਗਦੀਸ਼ ਗੁਰੂ, ਸਰਪੰਚ ਗੁਰਪ੍ਰੀਤ ਕੌਰ, ਪ੍ਰਿੰਸੀਪਲ ਸੋਹਣ ਸਿੰਘ ਸੂੰਨੀ, ਮਾਸਟਰ ਮਦਨ ਲਾਲ, ਬਿੱਟੂ ਇਟਲੀ, ਮੈਡਮ ਰਛਪਾਲ ਕੌਰ ਯੂ ਕੇ, ਮੋਹਣ ਬੀਕਾ, ਕੁਲਦੀਪ ਬੰਗਾ, ਜੋਗਿੰਦਰ ਘਈ, ਧਰਮਵੀਰ ਰੱਲ, ਸੰਦੀਪ ਕੁਮਾਰ ਢਾਹਾਂ, ਕੁਲਵਰਨ ਸਿੰਘ ਥਾਂਦੀ, ਮੈਨੇਜਰ ਮਨਰੇਗਾ ਵਿਭਾਗ ਜੋਗਾ ਸਿੰਘ, ਹਰਭਜਨ ਸਿੰਘ ਜਲੰਧਰ, ਕੁਲਦੀਪ ਸਿੰਘ ਪਾਬਲਾ, ਨਰਿੰਦਰ ਮਾਹੀ, ਮਨਜਿੰਦਰ ਸਿੰਘ, ਹਰਮੇਸ਼ ਵਿਰਦੀ,ਚਰਨਜੀਤ ਸੱਲ੍ਹਾਂ, ਜਸਵਿੰਦਰ ਸਿੰਘ ਖਟਕੜ ਕਲਾਂ, ਐਡਵੋਕੇਟ ਹਰਦੀਪ ਸਿੰਘ, ਮਿਸ਼ਨਰੀ ਗਾਇਕ ਧਰਮਿੰਦਰ ਮਸਾਣੀ, ਕੇਵਲ ਸਿੰਘ ਜਗਤਪੁਰ, ਸਰਬਜੀਤ ਸਿੰਘ ਬਾਹੜੋਵਾਲ, ਗੁਰਮੀਤ ਸਿੰਘ ਜੱਸੀ, ਅਮੋਲਕ ਚੱਕ ਕਲਾਲਵੀ, ਡਾ ਅਮਰੀਕ ਸਿੰਘ ਉਚਾ, ਵਰਿੰਦਰ ਕੁਮਾਰ, ਅਵਤਾਰ ਸਿੰਘ ਮਜਾਰਾ, ਸੈਕਟਰੀ ਬਿਸ਼ੰਵਰ ਲਾਲ, ਮੋਹਣ ਲਾਲ, ਰਾਮ ਜੀ ਸਿੰਘ, ਐਸ ਡੀ ਓ ਗੁਰਦਿਆਲ ਸਿੰਘ, ਕੁਲਵਿੰਦਰ ਬਾਹੜੋਵਾਲ, ਜਗਤਾਰ ਬੀਕਾ, ਨਿਰਮਲ ਗੁੜਾ, ਲੈਕਚਰਾਰ ਬਲਦੀਪ ਲੰਗੇਰੀ, ਬਲਦੇਵ ਭਾਰਤੀ ਰਾਹੋਂ, ਜਤਿੰਦਰ ਜੱਸੀ ਖਮਾਚੋਂ, ਸਰਪੰਚ ਨਰਿੰਦਰ ਸਿੰਘ, ਰਾਮ ਸਿੰਘ ਭਰੋਮਜਾਰਾ, ਮਾਸਟਰ ਸੁਦੇਸ਼ ਕੁਮਾਰ ਦੀਵਾਨ, ਠੇਕੇਦਾਰ ਮਹਿੰਦਰ ਪਾਲ, ਸਤਨਾਮ ਸਿੰਘ, ਰਾਮ ਕਿਸ਼ਨ ਸਮੇਤ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਇਸ ਮੌਕੇ ਤੇ ਮਿਸ਼ਨਰੀ ਕਿਤਾਬਾਂ ਦੇ ਸਟਾਲ ਵੀ ਲਗਾਏ ਗਏ।










# ਮਾਸਿਕ ਧਰਮ ਪ੍ਰਬੰਧਨ - ਜਾਣਕਾਰੀ ਜ਼ਰੂਰੀ ਹੈ !



**ਗੋਬਿੰਦਰ ਸਿੰਘ ਢੀਂਡਸਾ**
bardwal.gobinder@gmail.com

ਕੁਝ ਅਜਿਹੇ ਵਿਸ਼ੇ ਹਨ ਜਿਨ੍ਹਾਂ ਤੇ ਸਾਡੇ ਸਮਾਜ ਵਿੱਚ ਗੱਲਬਾਤ ਕਰਨਾ ਚੰਗਾ ਨਹੀਂ ਮੰਨ੍ਹਿਆਂ ਜਾਂਦਾ, ਸ਼ਰਮ ਦਾ ਵਿਸ਼ਾ ਮੰਨ੍ਹਿਆ ਜਾਂਦਾ ਹੈ ਅਤੇ ਸਕੂਲਾਂ ਵਿੱਚ ਵੀ ਅਧਿਆਪਕ ਸੰਬੰਧਤ ਵਿਸ਼ੇ ਤੋਂ ਪਾਸਾ ਹੀ ਵੱਟਦੇ ਨਜ਼ਰੀ ਪੈਂਦੇ ਹਨ। ਸਮੇਂ ਦਾ ਹਾਣੀ ਹੋਣ ਦੇ ਨਾਤੇ ਇਹ ਲਾਜ਼ਮੀ ਹੈ ਕਿ ਮਾਸਿਕ ਧਰਮ ਪ੍ਰਬੰਧਨ ਉੱਪਰ ਸਮਾਜ ਵਿੱਚ ਲੋੜੀਂਦੀ ਚਰਚਾ ਹੋਵੇ ਅਤੇ ਇਸ ਪ੍ਰਤੀ ਸਾਰਥਕ ਰਵੱਈਆ ਅਪਣਾਇਆ ਜਾਵੇ। ਮਾਸਿਕ ਧਰਮ ਭਾਵ ਪੀਰੀਅਰਡ ਮਾਂ ਬਣਨ ਦੀ ਸਮਰੱਥਾ ਦਾ ਸੂਚਕ ਹੈ। ਔਰਤਾਂ ਦੇ ਸਰੀਰ ਵਿੱਚ ਹਰ ਮਹੀਨੇ ਹੋਣ ਵਾਲੀ ਇਹ ਕੁਦਰਤੀ ਪ੍ਰਕਿਰਿਆ ਇਸ ਗੱਲ ਦਾ ਸੂਚਕ ਹੈ ਕਿ ਤੁਸੀਂ ਮਾਂ ਬਣਨ ਦੇ ਯੋਗ ਹੋ, ਲੇਕਿਨ ਸਮਾਜ ਵਿੱਚ ਪੀਰੀਅਰਡ ਨੂੰ ਲੈ ਕੇ ਫੈਲੇ ਮਿੱਥ ਅਤੇ ਵਹਿਮ ਦੇ ਚਲਦਿਆਂ ਮੇਂਸੁਰੇਸ਼ਨ ਹਾਈਜੀਨ ਇੱਕ ਵੱਡਾ ਗੰਭੀਰ ਵਿਸ਼ਾ ਰਿਹਾ ਹੈ। ਸਿਹਤ ਮਾਹਰਾਂ ਅਨੁਸਾਰ ਮਾਸਿਕ ਧਰਮ ਦੇ ਦੌਰਾਨ ਸਾਫ਼-ਸਫਾਈ ਦਾ ਖਾਸ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ, ਇਸ ਵਿੱਚ ਵਰਤੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਸਮੱਸਿਆ ਵਧਾ ਸਕਦੀ ਹੈ।

ਇਹ ਜਾਣਕੇ ਹੈਰਾਨੀ ਹੋਵੇਗੀ ਕਿ ਪੈਡ ਦੀ ਖੋਜ ਔਰਤਾਂ ਲਈ ਨਹੀਂ ਬਲਕਿ ਮਰਦਾਂ ਲਈ ਕੀਤੀ ਗਈ ਸੀ। 'ਮਾਈ ਪੀਰੀਅਡ ਬਲਾਗ' ਦੀ ਇੱਕ ਪੋਸਟ ਅਨੁਸਾਰ ਪਹਿਲੀ ਵਾਰ ਸੈਨੇਟਰੀ ਪੈਡ ਦੀ ਵਰਤੋਂ ਪਹਿਲੇ ਵਿਸ਼ਵਯੁੱਧ ਦੌਰਾਨ ਕੀਤੀ ਗਈ। ਕਿਹਾ ਜਾਂਦਾ ਹੈ ਪਹਿਲੇ ਵਿਸ਼ਵਯੁੱਧ ਦੇ ਜ਼ਖਮੀ ਸਿਪਾਹੀਆਂ ਦੇ ਖੂਨ ਦੇ ਬਹਾਅ ਨੂੰ ਰੋਕਣ ਦੇ ਲਈ ਇਹ ਪੈਡ ਬਣਾਏ ਗਏ ਸੀ। ਜਦੋਂ ਕਿਸੇ ਸਿਪਾਹੀ ਦੇ ਗੋਲੀ ਲੱਗਦੀ ਜਾਂ ਖੂਨ ਬਹੁਤ ਜਿਆਦਾ ਵਹਿੰਦਾ ਤਦ ਇਹਨਾਂ ਪੈਡ ਦੀ ਵਰਤੋਂ ਕੀਤੀ ਜਾਂਦੀ। ਇਹਨਾਂ ਨੈਪਕਿਨ ਨੂੰ ਬਣਾਉਣ ਦੇ ਲਈ ਅਜਿਹੇ ਸਾਮਾਨ ਦੀ ਵਰਤੋਂ ਕੀਤੀ ਗਈ ਜੋ ਯੁੱਧ ਸਮੇਂ ਆਸਾਨੀ ਨਾਲ ਮਿਲ ਜਾਂਦੇ ਸੀ। ਇਹ ਪੈਡ ਸਸਤੇ ਹੋਣ ਦੇ ਨਾਲ ਨਾਲ ਡਿਸਪੋਜੇਬਲ ਵੀ ਸੀ, ਇਹਨਾਂ ਦੀ ਵਰਤੋਂ ਕਰਕੇ ਆਸਾਨੀ ਨਾਲ ਨਿਪਟਾਰਾ ਕੀਤਾ ਜਾ ਸਕਦਾ ਸੀ। ਜਦੋਂ ਪੁਰਸ਼ਾਂ ਦੇ ਲਈ ਇਹ ਪੈਡ ਤਿਆਰ ਕੀਤੇ ਜਾ ਰਹੇ ਸੀ, ਉਸ ਦੌਰਾਨ ਉੱਥੇ ਕੰਮ ਕਰ ਰਹੀਆਂ ਮਹਿਲਾ ਨਰਸਾਂ ਨੇ ਪੈਡ ਨੂੰ ਆਪਣੇ ਪੀਰੀਅਰਡ ਦੇ ਦਿਨਾਂ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਅਤੇ ਮੈਨਸੂਰਲ ਪੈਡਸ ਦੇ ਰੂਪ ਵਿੱਚ ਇਸਤੇਮਾਲ ਕੀਤੇ ਜਾਣ ਲੱਗੇ। ਕਰੀਬ 1888 ਦੇ ਦੌਰਾਨ ਡਿਸਪੋਜੇਬਲ ਪੈਡ ਬਣਾਏ ਗਏ, 1896 ਵਿੱਚ ਪਹਿਲੀ ਵਾਰ ਜਾਨਸਨ ਐਂਡ ਜਾਨਸਨ ਕੰਪਨੀ ਨੇ ਆਪਣੇ ਪਹਿਲੇ ਸੈਨੇਟਰ ਟਾਵਲ ਦੀ ਸ਼ੁਰੂਆਤ ਕੀਤੀ, ਜਿਸਦਾ ਨਾਮ 'ਲਿਸਟਰਸ ਟਾਵਲ' ਰੱਖਿਆ ਗਿਆ।

ਸਿਹਤ ਮਾਹਰਾਂ ਦੇ ਮੁਤਾਬਿਕ ਬਚਪਨ ਤੋਂ ਹੀ ਮਾਸਿਕ ਧਰਮ ਨਾਲ ਜੁੜੀ ਸਹੀ ਜਾਣਕਾਰੀ ਅਤੇ ਇਸ ਨਾਲ ਸੰਬੰਧਤ ਸਵੱਛਤਾ ਦੇ ਉਪਾਵਾਂ ਦੇ ਬਾਰੇ ਵਿੱਚ ਕਿਸ਼ੋਰੀਆਂ ਨੂੰ ਦੱਸਣਾ ਬਹੁਤ ਜ਼ਰੂਰੀ ਹੈ। ਸਵੱਛਤਾ ਦਾ ਧਿਆਨ ਨਾ ਰੱਖਣ ਦੇ ਕਾਰਨ ਗੁਪਤ ਅੰਗਾਂ ਵਿੱਚ ਖੁਜਲੀ, ਜਲਨ, ਪਿਸ਼ਾਬ ਨਲੀ ਵਿੱਚ ਸੰਕ੍ਰਮਣ (ਯੂਟੀਆਈ) ਅਤੇ ਗੰਭੀਰ ਸਥਿਤੀਆਂ ਵਿੱਚ ਕਿਡਨੀ ਦੀ ਸਮੱਸਿਆ ਹੋਣ ਦਾ ਖਤਰਾ ਵੱਧ ਜਾਂਦਾ ਹੈ। ਇਨ੍ਹਾਂ ਸਭ ਸਮੱਸਿਆਵਾਂ ਤੋਂ ਬਚਾਅ ਦੇ ਲਈ ਕੁਝ ਸਾਧਾਰਨ ਗੱਲਾਂ ਦਾ ਧਿਆਨ ਰੱਖਣਾ ਮੱਦਦਗਾਰ ਹੋ ਸਕਦਾ ਹੈ।



ਮਾਸਿਕ ਧਰਮ ਦੌਰਾਨ ਸਰੀਰ ਵਿੱਚੋਂ ਗੰਦਾ ਲਹੂ ਨਿਕਲਦਾ ਹੈ ਜਿਸਨੂੰ ਸੈਨੇਟਰੀ ਨੈਪਕਿਨ ਸੋਖਦੀ ਰਹਿੰਦੀ ਹੈ। ਇਸ ਦੌਰਾਨ ਸਰੀਰ ਕਈ ਤਰ੍ਹਾਂ ਦੇ ਸੰਕ੍ਰਮਣ ਦੇ ਪ੍ਰਤੀ ਅਤਿ ਸੰਵੇਦਨਸ਼ੀਲ ਹੋ ਜਾਂਦਾ ਹੈ। ਅਜਿਹੇ ਵਿੱਚ ਜਿਆਦਾ ਦੇਰ ਤੱਕ ਇੱਕ ਹੀ ਪੈਡ ਦੇ ਇਸਤੇਮਾਲ ਨਾਲ ਗੁਪਤ ਅੰਗਾਂ ਵਿੱਚ ਸੰਕ੍ਰਮਣ ਦਾ ਖਤਰਾ ਵੱਧ ਜਾਂਦਾ ਹੈ। ਇਹਨਾਂ ਦਿੱਕਤਾਂ ਤੋਂ ਬਚੇ ਰਹਿਣ ਲਈ ਸੈਨੇਟਰੀ ਨੈਪਕਿਨ ਨੂੰ ਸਮੇਂ-ਸਮੇਂ ਤੇ ਬਦਲਦੇ ਰਹੋ। ਸਿਹਤ ਮਾਹਰਾਂ ਅਨੁਸਾਰ ਮਾਸਿਕ ਧਰਮ ਦੇ ਦੌਰਾਨ ਸਵੱਛਤਾ ਦਾ ਧਿਆਨ ਰੱਖਦੇ ਹੋਏ ਹਰ 5-6 ਘੰਟੇ ਤੇ ਪੈਡ ਨੂੰ ਜ਼ਰੂਰ ਬਦਲੋ। ਹਰ ਵਾਰ ਪੈਡ ਦੀ ਵਰਤੋਂ ਤੋਂ ਬਾਅਦ ਇਸਨੂੰ ਸਹੀ ਤਰੀਕੇ ਨਾਲ ਨਿਪਟਾਉਣਾ ਜ਼ਰੂਰੀ ਹੁੰਦਾ ਹੈ। ਸੈਨੇਟਰੀ ਨੈਪਕਿਨ ਨੂੰ ਚੰਗੀ ਤਰ੍ਹਾਂ ਨਾਲ ਕਾਗਜ਼ ਵਿੱਚ ਲਪੇਟ ਕੇ ਹੀ ਕੂੜੇਦਾਨ ਵਿੱਚ ਸੁੱਟੋ ਅਤੇ ਫਿਰ ਹੱਥਾਂ ਨੂੰ ਸਾਫ਼ ਕਰਨਾ ਨਾ ਭੁੱਲੋ। ਵਰਤੇ ਗਏ ਸੈਨੇਟਰੀ ਨੈਪਕਿਨ ਨੂੰ ਖੁੱਲੇ ਵਿੱਚ ਸੁੱਟਣ ਤੇ ਕੀਟਾਣੂਆਂ ਅਤੇ ਬਿਮ-ਾਰੀਆਂ ਦੇ ਫੈਲਣ ਦਾ ਖ਼ਤਰਾ ਹੋ ਸਕਦਾ ਹੈ। ਸੈਨੇਟਰੀ ਨੈਪਕਿਨ ਨੂੰ ਟੋਆਇਲਟ ਵਿੱਚ ਫਲੱਸ਼ ਨਾ ਕਰੋ। ਮਾਸਿਕ ਧਰਮ ਦੇ ਦੌਰਾਨ ਗੁਪਤ ਅੰਗਾਂ ਦੀ ਸਾਫ਼-ਸਫ਼ਾਈ ਬਹੁਤ ਜ਼ਰੂਰੀ ਹੋ ਜਾਂਦੀ ਹੈ, ਅਜਿਹਾ ਕਰਕੇ ਤੁਸੀਂ ਸੰਕ੍ਰਮਣ ਦੇ ਖ਼ਤਰੇ ਨੂੰ ਘੱਟ ਕਰ ਸਕਦੇ ਹੋ। ਸੈਨੇਟਰੀ ਨੈਪਕਿਨ ਨੂੰ ਹਟਾਉਣ ਦੇ ਬਾਅਦ ਵੀ ਬੈਕਟੀਰੀਆ ਸਰੀਰ ਨਾਲ ਚਿਪਕੇ ਰਹਿ ਸਕਦੇ ਹਨ। ਕਈ ਔਰਤਾਂ ਕੈਮੀਕਲ ਯੁਕਤ ਉਤਪਾਦਾਂ ਨੂੰ ਗੁਪਤ ਅੰਗਾਂ ਦੀ ਸਾਫ਼-ਸਫ਼ਾਈ ਦੇ ਲਈ ਪ੍ਰਯੋਗ ਵਿੱਚ ਲਿਆਉਂਦੀਆਂ ਹਨ ਲੇਕਿਨ ਇਸ ਨੂੰ ਸਿਹਤ ਮਾਹਰ ਸਹੀ ਤਰੀਕਾ ਨਹੀਂ ਮੰਨਦੇ। ਹਰ ਵਾਰ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਨਾਲ ਗੁਪਤ ਅੰਗਾਂ ਦੀ ਸਾਫ਼-ਸਫ਼ਾਈ ਕਰੋ। ਸਿਹਤ ਮਾਹਰਾਂ ਦੇ ਅਨੁਸਾਰ ਮਾਸਿਕ ਧਰਮ ਦੇ ਦੌਰਾਨ ਤੁਹਾਡਾ ਪੀਐੱਚ ਪੱਧਰ ਵੀ ਵੱਧ ਸਕਦਾ ਹੈ, ਇਸਨੂੰ ਨਿਯੰਤ੍ਰਣ ਵਿੱਚ ਰੱਖਣ ਦੇ ਲਈ ਸਮੇਂ-ਸਮੇਂ ਤੇ ਪਾਣੀ ਪੀਂਦੇ ਰਹਿਣਾ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ। ਪਾਣੀ ਪੀਂਦੇ ਰਹਿਣ ਨਾਲ ਸੰਕ੍ਰਮਣ ਦੇ ਖ਼ਤਰੇ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ, ਨਾਲ ਹੀ ਇਹ ਤੁਹਾਨੂੰ ਡਿਹਾਈਡ੍ਰੇਸ਼ਨ ਤੋਂ ਵੀ ਬਚਾਉਂਦਾ ਹੈ।

ਮਾਹਵਾਰੀ ਦੇ ਦਿਨਾਂ ਵਿੱਚ ਰੋਜ਼ਾਨਾ ਨਹਾਉਣਾ ਚਾਹੀਦਾ ਹੈ। ਪੈਡ/ਕੱਪੜੇ/ਕੱਪ ਨੂੰ ਬਦਲਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਾਬਣ ਨਾਲ ਹੱਥ ਜ਼ਰੂਰ ਧੋਵੋ। ਮਾਹਵਾਰੀ ਦੇ ਦਿਨਾਂ ਵਿੱਚ ਆਪਣੇ ਨਾਲ ਵਾਧੂ ਪੈਡ ਨਾਲ ਰੱਖੋ। ਗੁਪਤ ਅੰਗਾਂ ਤੇ ਸਾਬਣ, ਕਰੀਮ, ਪਰਫਿਊਮ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਸਾਦੇ ਸਾਫ਼ ਪਾਣੀ ਨਾਲ ਗੁਪਤ ਅੰਗਾਂ ਨੂੰ ਸਾਫ਼ ਕਰਨਾ ਚਾਹੀਦਾ ਹੈ। ਹਰ 5-6 ਘੰਟਿਆਂ ਬਾਅਦ ਸੈਨੇਟਰੀ ਨੈਪਕਿਨ/ਪੈਡ/ਕੱਪੜੇ/ਕੱਪ ਨੂੰ ਬਦਲਦੇ ਰਹਿਣਾ ਚਾਹੀਦਾ ਹੈ। ਪੈਡ ਅਜੇ ਵੀ ਬਹੁਤੀਆਂ ਔਰਤਾਂ ਦੀ ਪਹੁੰਚ ਤੋਂ ਦੂਰ ਹਨ, ਜਿਸ ਕਾਰਨ ਅਜਿਹੀਆਂ ਔਰਤਾਂ ਸੈਨੇਟਰੀ ਪੈਡਾਂ ਦੀ ਬਜਾਏ ਕੱਪੜੇ ਦੀ ਵਰਤੋਂ ਕਰਨ ਲਈ ਮਜਬੂਰ ਹਨ। ਇੰਨੇ ਸਾਲ ਪਹਿਲਾਂ ਪੈਡ ਦੀ ਖੋਜ ਤੋਂ ਬਾਅਦ ਵੀ ਇਹ ਅੱਜ ਤੱਕ ਸਾਰੀਆਂ ਔਰਤਾਂ ਤੱਕ ਨਹੀਂ ਪਹੁੰਚਿਆ ਹੈ।

ਮਾਹਵਾਰੀ ਦੌਰਾਨ ਸਵੱਛਤਾ ਸੰਬੰਧੀ ਯੋਗ ਜਾਣਕਾਰੀ ਦੀ ਘਾਟ ਸਦਕਾ ਕਈ ਔਰਤਾਂ ਨੂੰ ਇਨਫੈਕਸ਼ਨਾਂ ਨਾਲ ਵੀ ਜੂਝਣਾ ਪੈਂਦਾ ਹੈ, ਆਪਣੇ ਪਰਿਵਾਰ ਅਤੇ ਸਾਥੀਆਂ ਨੂੰ ਉਤਸ਼ਾਹਿਤ ਕਰੋ ਕਿ ਮਾਹਵਾਰੀ ਨਾਲ ਸੰਬੰਧਤ ਗੱਲਾਂ ਸਾਂਝੀਆਂ ਕਰਨ ਲਈ ਇੱਕ ਚੰਗਾ ਮਾਹੌਲ ਬਣਾਉਣ। ਮਾਨਵੀ ਹੋਂਦ ਲਈ ਮਾਹਵਾਰੀ ਜ਼ਰੂਰੀ ਹੈ, ਆਓ ਇਸਨੂੰ ਸੌਖਾਲਾ, ਸਵੱਛ ਅਤੇ ਸਨਮਾਨਜਨਕ ਬਣਾਈਏ।

# ਆਉ ਆਪਾਂ ਭੀਮ ਸ਼ਰਧਾ ਨੂੰ, ਭੀਮ ਸ਼ਕਤੀ ਵਿੱਚ ਬਦਲੀਏ



ਸੰਤੋਖ ਸਿੰਘ ਜੱਸੀ
91-70876-19800

ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਇੱਕ ਬਹੁਪੱਖੀ ਸ਼ਖਸੀਅਤ ਸਨ। ਪਰ ਜਦੋਂ ਅਸੀਂ ਆਪਣੀਆਂ ਅੱਖਾਂ ਤੋਂ ਜਾਤ-ਪਾਤ, ਧਾਰਮਿਕ ਕੱਟੜਤਾ, ਸਮਾਜਿਕ ਰੁਤਬੇ ਅਤੇ ਪਿਤਾ ਪੁਰਖੀ ਜ਼ਮੀਨ ਜਾਇਦਾਦ ਰੂਪੀ ਚਸ਼ਮਾ ਉਤਾਰ ਕੇ ਗਹਿਰਾ ਚਿੰਤਨ ਕਰਦੇ ਹਾਂ ਤਾਂ ਸੂਰਜ ਦੀ ਰੌਸ਼ਨੀ ਵਾਂਗ ਇੱਕ ਨਾਮ ਚਮਕਦਾ ਹੈ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਕਾਬਲੀਅਤ ਦੇ ਅੱਗੇ, ਕਾਲ ਵਾਲੀ ਕਾਲੀ ਰਾਤ ਖਤਮ ਹੋ ਜਾਂਦੀ ਹੈ। ਗਿਆਨ ਦਾ ਸੂਰਜ ਚੜ੍ਹਦਾ ਹੈ 'ਤੇ ਡਾਕਟਰ ਅੰਬੇਡਕਰ ਨੇ ਆਪਣੀ ਤੀਖਣ ਬੁੱਧੀ, ਚਮਤਕਾਰੀ ਗਿਆਨ ਅਤੇ ਹੋਰ ਗਿਆਨ ਪ੍ਰਾਪਤ ਕਰਨ ਦੀ ਭੁੱਖ ਨਾਲ਼ ਸਾਰੀ ਦੁਨੀਆਂ ਨੂੰ ਆਪਣਾ ਮੁਰੀਦ ਬਣਾ ਲਿਆ।

ਡਾ ਅੰਬੇਡਕਰ, ਜਿਸਨੇ ਆਪਣੇ ਜੀਵਨ ਦਾ ਪਹਿਲਾ ਮੰਗ ਪੱਤਰ 27 ਜਨਵਰੀ 1919 ਨੂੰ ਸਾਉਥਬੌਰੋ ਕਮਿਸ਼ਨ ਸਾਹਮਣੇ ਅਛੂਤਾਂ ਨੂੰ ਵੋਟ ਦਾ ਅਧਿਕਾਰ ਅਤੇ ਨੁਮਾਇੰਦਗੀ ਦੇਣ ਲਈ ਦਿੱਤਾ। ਉਦੋਂ ਹੀ ਇਸ ਯੋਧੇ ਨੇ ਸੰਘਰਸ਼ ਦੇ ਮੈਦਾਨ ਵਿੱਚ ਆਪਣਾ ਪੈਰ ਰੱਖ ਲਿਆ ਅਤੇ ਜ਼ਿੰਦਗੀ ਦੇ ਆਖਰੀ ਸਾਹ ਤੱਕ ਪੂਰੀ ਹਿੰਮਤ ਨਾਲ ਮੈਦਾਨ ਵਿੱਚ ਡਟੇ ਰਹੇ। ਡਾ ਅੰਬੇਡਕਰ ਸਮਾਜਿਕ ਆਗੂ ਵੀ ਸਨ, ਰਾਜਨੀਤਿਕ ਅਧਿਕਾਰ ਪ੍ਰਾਪਤ ਕਰਕੇ ਬਹੁਜਨਾ ਨੂੰ ਰਾਜ ਸੱਤਾ 'ਤੇ ਕਾਬਿਜ ਕਰਨ ਦੀ ਜੰਗ ਲੜਨ ਵਾਲੇ ਰਾਜਨੀਤਿਕ ਯੋਧੇ ਵੀ ਸਨ। ਧਾਰਮਿਕ ਕਰਮ-ਕਾਂਡ ਵਿੱਚ ਫਸੇ ਆਪਣੇ ਸਮਾਜ ਨੂੰ ਪਾਖੰਡਾਂ ਵਿੱਚੋਂ ਕੱਢ ਕੇ ਸੱਚ ਦਾ ਮਾਰਗ ਚੁਣਨ ਲਈ ਪ੍ਰੇਰਿਤ ਕਰਨ ਵਾਲ਼ੀ ਧਾਰਮਿਕ ਸ਼ਖਸੀਅਤ ਵੀ ਸਨ। ਸਦੀਆਂ ਤੋਂ ਲਿਤਾੜੀ ਗਈ ਅਛੂਤ ਕੌਮ ਨੂੰ ਆਰਥਿਕ ਆਜ਼ਾਦੀ ਦਾ ਪਾਠ ਪੜ੍ਹਾਉਣ ਵਾਲੇ ਮਹਾਨ ਅਧਿਆਪਕ ਵੀ ਸਨ।



**ਬਾਬਾ ਸਾਹਿਬ ਦੇ ਦ੍ਰਿੜ ਇਰਾਦੇ ਨਾ਼ਲ ਕੰਮ ਕਰਨ ਦੇ ਨਤੀਜੇ ਵਜੋਂ ਦਲਿਤਾਂ ਅਛੂਤਾਂ ਦੀ ਜ਼ਿੰਦਗੀ ਵਿੱਚ ਬਹਾਰ ਆ ਗਈ। ਹਜ਼ਾਰਾਂ ਸਾਲਾਂ ਦਾ ਗ੍ਰਹਿਣ ਅੰਬੇਡਕਰ ਰੂਪੀ ਸੂਰਜ ਨੇ ਖਤਮ ਕਰ ਦਿੱਤਾ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਕਾਲੀ ਬੋ਼ਲੀ ਰਾਤ ਦਾ ਖਾਤਮਾ ਹੋ ਗਿਆ। ਜ਼ਿੰਦਗੀ ਦੇ ਇਸ ਨਵੇਂ ਅਤੇ ਖੁਸ਼ੀਆਂ ਭਰੇ ਸਵੇਰੇ ਨੂੰ ਦਲਿਤਾਂ / ਅਛੂਤਾਂ ਨੇ ਖਿੜੇ ਮੱਥੇ ਸਵੀਕਾਰ ਕੀਤਾ ਅਤੇ ਬਾਬਾ ਸਾਹਿਬ ਨੂੰ ''ਰੱਬ'' ਦਾ ਦਰਜਾ ਦੇ ਕੇ ਪੂਜਣਾ ਸ਼ੁਰੂ ਕਰ ਦਿੱਤਾ। ਉਨਾਂ ਦੇ ਪੈਰੋਕਾਰਾਂ ਵਿੱਚ ਐਨੀ ਸ਼ਰਧਾ ਹੈ ਕਿ ਉਨਾਂ ਦੇ ਬੁੱਤ ਕੋਲ ਵੀ ਕੋਈ ਇਨਸਾਨ ਪੈਰਾਂ ਵਿੱਚ ਜੁੱਤੀ ਪਾ ਕੇ ਨਹੀਂ ਜਾਂਦੇ । ਹਰ ਸਾਲ ਉਨ੍ਹਾਂ ਦਾ ਜਨਮ ਦਿਨ 14 ਅਪ੍ਰੈਲ ਤੋਂ ਸ਼ੁਰੂ ਹੋ ਕੇ ਕਈ ਮਹੀਨਿਆਂ ਤੱਕ ਮਨਾਇਆ ਜਾਂਦਾ ਹੈ।**

ਇਨਾਂ ਸਾਰੇ ਖੇਤਰਾਂ ਵਿੱਚ ਬਾਬਾ ਸਾਹਿਬ ਜੀ ਇਸ ਕਰਕੇ ਇੱਕੋ ਸਮੇਂ ਕੰਮ ਕਰ ਸਕੇ ਕਿਉਂਕਿ ਉਹ ਸਮੇਂ ਦੀ ਮਹੱਤਤਾ ਨੂੰ ਸਮਝਦੇ ਸਨ ਅਤੇ ਉਨਾਂ ਨੇ ਹਰ ਵਿਸ਼ੇ 'ਤੇ ਉੱਚੀ ਅਤੇ ਮਿਆਰੀ ਸਿੱਖਿਆ ਪ੍ਰਾਪਤ ਕੀਤੀ ਹੋਈ ਸੀ। ਫਿਰ ਚਾਹੇ ਉਹ ਅਰਥ ਸ਼ਾਸਤਰ ਹੋਵੇ, ਰਾਜਨੀਤੀ ਸ਼ਾਸਤਰ ਹੋਵੇ, ਸਮਾਜ ਸ਼ਾਸਤਰ / ਕਾਨੂੰਨ ਦੀ ਪੜ੍ਹਾਈ ਹੋਵੇ, ਲਿਟਰੇਚਰ ਜਾਂ ਇਤਿਹਾਸ ਦੀ ਪੜ੍ਹਾਈ ਹੋਵੇ ਜਾਂ ਦੁਨੀਆਂ ਦੇ ਸੱਭਿਆਚਾਰ ਦੀ ਪੜ੍ਹਾਈ । ਗੱਲ ਕੀ, ਬਾਬਾ ਸਾਹਿਬ ਡਾ ਅੰਬੇਡਕਰ ਉਹ ਡਾਕਟਰ ਸਨ ਜਿਨ੍ਹਾਂ ਕੋ਼ਲ ਹਰ ਮਰਜ਼ ਦੀ ਦਵਾਈ ਸੀ। ਆਪਣੇ ਜ਼ਿੰਦਗੀ ਵਿੱਚ ਬਾਬਾ ਸਾਹਿਬ ਬਹੁਤ ਸਖਤ ਸੁਭਾਅ ਦੇ ਹੁੰਦੇ ਹੋਏ ਵੀ ਬਹੁਤ ਭਾਵਨਾਤਮਕ ਇਨਸਾਨ ਸਨ।

ਬਾਬਾ ਸਾਹਿਬ ਦੇ ਦ੍ਰਿੜ ਇਰਾਦੇ ਨਾ਼ਲ ਕੰਮ ਕਰਨ ਦੇ ਨਤੀਜੇ ਵਜੋਂ ਦਲਿਤਾਂ ਅਛੂਤਾਂ ਦੀ ਜ਼ਿੰਦਗੀ ਵਿੱਚ ਬਹਾਰ ਆ ਗਈ। ਹਜ਼ਾਰਾਂ ਸਾਲਾਂ ਦਾ ਗ੍ਰਹਿਣ ਅੰਬੇਡਕਰ ਰੂਪੀ ਸੂਰਜ ਨੇ ਖਤਮ ਕਰ ਦਿੱਤਾ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਕਾਲੀ ਬੋ਼ਲੀ ਰਾਤ ਦਾ ਖਾਤਮਾ ਹੋ ਗਿਆ। ਜ਼ਿੰਦਗੀ ਦੇ ਇਸ ਨਵੇਂ ਅਤੇ ਖੁਸ਼ੀਆਂ ਭਰੇ ਸਵੇਰੇ ਨੂੰ ਦਲਿਤਾਂ / ਅਛੂਤਾਂ ਨੇ ਖਿੜੇ ਮੱਥੇ ਸਵੀਕਾਰ ਕੀਤਾ ਅਤੇ ਬਾਬਾ ਸਾਹਿਬ ਨੂੰ ''ਰੱਬ'' ਦਾ ਦਰਜਾ ਦੇ ਕੇ ਪੂਜਣਾ ਸ਼ੁਰੂ ਕਰ ਦਿੱਤਾ। ਉਨਾਂ ਦੇ ਪੈਰੋਕਾਰਾਂ ਵਿੱਚ ਐਨੀ ਸ਼ਰਧਾ ਹੈ ਕਿ ਉਨਾਂ ਦੇ ਬੁੱਤ ਕੋਲ ਵੀ ਕੋਈ ਇਨਸਾਨ ਪੈਰਾਂ ਵਿੱਚ ਜੁੱਤੀ ਪਾ ਕੇ ਨਹੀਂ ਜਾਂਦੇ । ਹਰ ਸਾਲ ਉਨ੍ਹਾਂ ਦਾ ਜਨਮ ਦਿਨ 14 ਅਪ੍ਰੈਲ ਤੋਂ ਸ਼ੁਰੂ ਹੋ ਕੇ ਕਈ ਮਹੀਨਿਆਂ ਤੱਕ ਮਨਾਇਆ ਜਾਂਦਾ ਹੈ। ਫਿਰ 6 ਦਸੰਬਰ ਤੋਂ ਉਨ੍ਹਾਂ ਦਾ ਪਰਿਨਿਰਵਾਣ ਦਿਵਸ ਮਨਾਉਣ ਵਿੱਚ ਕਈ ਹਫਤੇ ਲੰਘ ਜਾਂਦੇ ਹਨ।

ਇਹ ਬਾਬਾ ਸਾਹਿਬ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਹੀ ਹੈ ਕਿ ਉਨ੍ਹਾਂ ਦੇ ਪੈਰੋਕਾਰ ਕਿਸੇ ਨੂੰ ਮਿਲਣ ਵੇਲੇ ''ਜੈ ਭੀਮ - ਜੈ ਭਾਰਤ'' ਕਹਿ ਕੇ ਹੀ ਸੰਬੋਧਨ ਕਰਦੇ ਹਨ। ਅੱਜ ਸਾਡੇ ਮਨਾਂ ਵਿੱਚ ਬਾਬਾ ਸਾਹਿਬ ਪ੍ਰਤੀ ਅਥਾਹ ਸ਼ਰਧਾ ਹੈ। ਬਾਬਾ ਸਾਹਿਬ ਦੇ ਅਧੂਰੇ ਸੁਪਨੇ ਤਾਂ ਹੀ ਪੂਰੇ ਹੋ ਸਕਦੇ ਹਨ, ਜਦੋਂ ਅਸੀਂ ਇਸ ਭੀਮ ਸ਼ਰਧਾ ਨੂੰ ਭੀਮ ਸ਼ਕਤੀ ਵਿੱਚ ਬਦਲ ਲਿਆ। ਜਿਸ ਲਈ ਸਾਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਦੇ ਤਰੀਕੇ ਬਦਲਨੇ ਪੈਣਗੇ। ਉਨ੍ਹਾਂ ਦਾ ਜਨਮ ਦਿਨ ਵੱਡੇ ਵੱਡੇ ਸਮਾਗਮਾਂ ਦੇ ਰੂਪ ਵਿੱਚ ਮਨਾਉਣ ਦੀ ਬਜਾਏ, ਲੋਕਾਂ ਤੱਕ ਘਰ ਘਰ ਜਾ ਕੇ ਜਾਂ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕਰਕੇ ਲੋਕਾਂ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਦੇ ਨਾਲ ਨਾਲ ਵਿਚਾਰਧਾਰਾ ਨੂੰ ਬਚਾਉਣ ਦੇ ਤਰੀਕਿਆਂ 'ਤੇ ਚਰਚਾ ਕਰਨੀ ਜ਼ਰੂਰੀ ਹੈ। ਸਮਾਜ ਦੇ ਬੁੱਧੀਜੀਵੀ ਵਰਗ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ 'ਹੁਣ ਅਸੀਂ ਕੀ ਕਰਨਾ ਹੈ' ਵਿਸ਼ੇ ਤੋਂ ਲੋਕਾਂ ਨੂੰ ਜਾਣੂ ਕਰਵਾਉਣ। ਬਾਬਾ ਸਾਹਿਬ ਦੇ ਵਿਚਾਰਾਂ ਨੂੰ ਘਰ ਘਰ ਤੱਕ ਪੁਚਾ ਕੇ, ਉਨ੍ਹਾਂ ਦੇ ਕਹੇ ਅਨੁਸਾਰ ਇੱਕ ਪਾਰਟੀ, ਇੱਕ ਨੇਤਾ, ਇੱਕ ਨੀਤੀ ਉੱਪਰ ਚੱਲ ਪਈਏ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਭਾਰਤ ਦੇ ਹੁਕਮਰਾਨ ਬਣ ਜਾਵਾਂਗੇ। ਦੇਸਾਂ ਪਰਦੇਸਾਂ ਵਿੱਚ ਵੱਸਦੇ ਭੀਮ ਪੁੱਤਰਾਂ ਨੂੰ ਉਨ੍ਹਾਂ ਦੇ ਮੂਲਮੰਤਰ 'ਤੇ ਕੰਮ ਕਰਨਾ ਚਾਹੀਦਾ ਹੈ। ਕਿਸੇ ਇੱਕ ਸਾਲ ਬਾਬਾ ਸਾਹਿਬ ਜੀ ਦੇ ਜਨਮ ਦਿਨ ਵੱਡੇ ਵੱਡੇ ਸਮਾਗਮ ਨਾ ਕਰਕੇ, ਉਹ ਸਾਰਾ ਪੈਸਾ ਇਕੱਠਾ ਕਰ ਲਿਆ ਜਾਵੇ ਤਾਂ ਅਸੀਂ ਉਸ ਪੈਸੇ ਨਾ਼ਲ ਬਹੁਤ ਵੱਡਾ ਕਾਲਜ ਬਣਾ ਸਕਦੇ ਹਾਂ, ਜਿੱਥੇ ਬਿਨਾਂ ਫੀਸ ਬੱਚਿਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾ ਸਕਦੀ ਹੈ। ਕੋਈ ਹਸਪਤਾਲ ਖੋਲ੍ਹਿਆ ਜਾ ਸਕਦਾ ਹੈ, ਜਿਸ ਵਿੱਚ ਗਰੀਬ ਲੋਕ ਸਸਤਾ ਅਤੇ ਵਧੀਆ ਇਲਾਜ ਕਰਵਾ ਸਕਦੇ ਹਨ। ਇਸ ਤਰ੍ਹਾਂ ਇੱਕ ਇੱਕ ਕਰਕੇ ਕਦਮ ਦਰ ਕਦਮ ਦੇਸ਼ ਦੀ ਰਾਜ ਸੱਤਾ ਵੱਲ ਵਧਿਆ ਜਾ ਸਕਦਾ ਹੈ। ਆਪਣੀ ਸ਼ਕਤੀ ਨੂੰ ਸੰਗਠਨਾਤਮਕ ਤਰੀਕੇ ਨਾ਼ਲ ਲਗਾਤਾਰ ਵਰਤਣ ਦੀ ਲੋੜ ਹੈ। ਰਾਜ ਸ਼ਕਤੀ ਹੀ ਅਸਲ ਵਿੱਚ ਉਹ ਸ਼ਕਤੀ ਹੈ ਜਿਸ ਨਾ਼ਲ ਕਿਸੇ ਕੌਮ, ਵਰਗ, ਜਾਤੀ, ਸਮੂਹ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਆ ਸਕਦੀ ਹੈ।

ਇਸ ਲਈ ਬਹੁਜਨ ਸਮਾਜ ਨੂੰ ਇੱਕ ਹੀ ਅਪੀਲ ਹੈ ਕਿ ਬਾਬਾ ਸਾਹਿਬ ਪ੍ਰਤੀ ਅਥਾਹ ਸ਼ਰਧਾ ਨੂੰ ਅਸੀਮਿਤ ਸ਼ਕਤੀ ਵਿੱਚ ਬਦਲਨਾ ਹੈ। ਇਸੇ ਸ਼ਕਤੀ ਨਾ਼ਲ ਸਮਾਜਿਕ ਅਤੇ ਰਾਜਨੀਤਿਕ ਪਰਿਵਰਤਨ ਕਰਨਾ ਹੈ, ਕਿਉਂਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਲਾ ਭੀਮ ਸ਼ਰਧਾ ਨਾ਼ਲ ਨਹੀਂ ਭੀਮ ਸ਼ਕਤੀ ਨਾ਼ਲ ਹੋਣਾ ਹੈ ਅਤੇ ਮੇਰੇ ਵਿਚਾਰ ਮੁਤਾਬਿਕ ਭੀਮ ਸ਼ਕਤੀ ਹੀ ਅਸਲੀ ਭੀਮ ਸ਼ਰਧਾ ਹੈ।

# ਪਿੰਡ ਧੌਲਾ ਦਾ ਹੈਲਪ ਕੋਈਨ ਫਾਊਡੇਂਸ਼ਨ, ਜੋ ਕਰ ਰਿਹਾ ਆਵਾਰਾ ਤੇ ਬੇਸਹਾਰਾ ਗਾਵਾਂ ਦੀ ਸੇਵਾ



ਬਲਦੇਵ ਸਿੰਘ ਬੇਦੀ

ਜਿਸ ਤਰ੍ਹਾਂ ਰੁੱਖਾਂ, ਪੌਦਿਆਂ ਅਤੇ ਪਸ਼ੂ- ਪੰਛੀਆਂ ਦਾ ਜੀਵਨ ਮਨੁੱਖ 'ਤੇ ਨਿਰਭਰ ਕਰਦਾ ਹੈ, ਉਸੇ ਤਰ੍ਹਾਂ ਮਨੁੱਖ ਦੇ ਜੀਵਨ ਵਿਚ ਵੀ ਪਸ਼ੂ ਪੰਛੀ ਇਕ ਅਹਿਮ ਭੂਮਿਕਾ ਨਿਭਾਉਂਦੇ ਹਨ। ਹਾਲਾਂਕਿ ਅਸੀਂ ਉਨ੍ਹਾਂ ਵਲੋਂ ਦਿੱਤਾ ਯੋਗਦਾਨ ਨਹੀਂ ਦੇਖਦੇ, ਜਿਵੇਂ ਅਸਮਾਨ ਵਿੱਚ ਉੱਡਣ ਵਾਲੇ ਪੰਛੀ ਉਹਨਾਂ ਕੀੜੇ- ਮਕੌੜਿਆਂ ਦਾ ਸ਼ਿਕਾਰ ਕਰਦੇ ਹਨ ਜੋ ਧਰਤੀ ਉੱਤੇ ਸਾਡੇ ਲਈ ਬਹੁਤ ਸਾਰੇ ਖ਼ਤਰਿਆਂ ਦਾ ਕਾਰਨ ਬਣਦੇ ਹਨ। ਭਾਵ, ਪੰਛੀਆਂ ਵਲੋਂ ਮਨੁੱਖੀ ਜਾਨਾਂ ਦੀ ਰਾਖੀ ਕੀਤੀ ਗਈ। ਦੂਜੇ ਪਾਸੇ ਅਸੀਂ ਪਸ਼ੂਆਂ ਦੀ ਗੱਲ ਕਰੀਏ ਤਾਂ ਪਸ਼ੂ ਮਨੁੱਖ ਲਈ ਇੱਕ ਐਸਾ ਧਨ ਹਨ ਜੋਕਿ ਅਲੱਗ ਅਲੱਗ ਮੌਕੇ ਤੇ ਕੰਮ ਆਉਂਦਾ ਹੈ। ਗਾਂ, ਮੱਝ, ਬੱਕਰੀ ਵਰਗੇ ਜਾਨਵਰਾਂ ਦਾ ਦੁੱਧ ਸਾਡੇ ਲਈ ਬਹੁਤ ਲਾਭਦਾਇਕ ਹੈ। ਭੇਡਾਂ ਦੀ ਉੱਨ ਅਤੇ ਵੱਖ- ਵੱਖ ਪ੍ਰਜਾਤੀਆਂ ਦੇ ਜਾਨਵਰਾਂ ਦੀਆਂ ਖੱਲਾਂ ਤੋਂ ਕਈ ਤਰ੍ਹਾਂ ਦੀਆਂ ਉਪਯੋਗੀ ਵਸਤੂਆਂ ਵੀ ਬਣਾਈਆਂ ਜਾਂਦੀਆਂ ਹਨ। ਇਥੋਂ ਤੱਕ ਕਿ ਇਹਨਾਂ ਪਸ਼ੂਆਂ ਦਾ ਮਲ- ਮੂਤਰ ਵੀ ਖੇਤੀਬਾੜੀ ਅਤੇ ਭੋਜਨ ਉਤਪਾਦਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਦੁੱਧ ਦੇਣ ਵਾਲੇ ਪਸ਼ੂਆਂ ਵਿੱਚੋ ਇੱਕ ਹੈ ਗਾਂ, ਜਿਸ ਨੂੰ ਸਾਡਾ ਭਾਰਤ ਦੇਸ਼ ਗਊ ਮਾਤਾ ਦੇ ਨਾਮ ਨਾਲ ਵੀ ਜਾਣਦਾ ਹੈ। ਕਹਿਣ ਨੂੰ ਤਾਂ ਗਾਂ ਇੱਕ ਜਾਨਵਰ ਹੈ ਜੋ ਦੁੱਧ ਦਿੰਦਾ ਹੈ। ਪਰ ਅਸਲ ਵਿਚ ਉਸ ਨੂੰ ਮਾਂ ਦਾ ਦਰਜਾ ਇਸ ਲਈ ਵੀ ਹਾਸਿਲ ਹੈ ਕਿ ਗਾਂ ਸਿਰਫ਼ ਦੁੱਧ ਦੇਣ ਲਈ ਹੀ ਲਾਭਦਾਇਕ ਨਹੀਂ ਬਲਕਿ ਇਨ੍ਹਾਂ ਦੀ ਵਰਤੋਂ ਖੇਤਾਂ ਵਿਚ ਵੀ ਕੀਤੀ ਜਾਂਦੀ ਰਹੀ ਹੈ। ਇਹ ਖੇਤੀਬਾੜੀ ਲਈ ਬਹੁਤ ਹੀ ਮਹੱਤਵਪੂਰਨ ਸਾਬਿਤ ਹੋਈ। ਕਿਉਕਿ ਭਾਰਤ ਇੱਕ ਪੁਰਾਤਨ ਸਮੇਂ ਤੋਂ ਹੀ ਖੇਤੀ ਪ੍ਰਧਾਨ ਦੇਸ਼ ਰਿਹਾ ਹੈ। ਖੇਤੀ ਉਦੋਂ ਵੀ ਕੀਤੀ ਜਾਂਦੀ ਰਹੀ ਹੈ ਜਦੋਂ ਬਿਜਲੀ ਅਤੇ ਪੈਟਰੋਲ ਡੀਜ਼ਲ ਵਰਗੇ ਬਾਲਣ ਦਾ ਪ੍ਰਚਲਨ ਨਹੀਂ ਸੀ ਹੋਇਆ। ਉਸ ਵਕਤ ਇਹਨਾਂ ਗਾਵਾਂ ਦਾ ਅਹਿਮ ਯੋਗਦਾਨ ਰਿਹਾ ਹੈ। ਗਾਵਾਂ ਤੋਂ ਪੈਦਾ ਹੋਏ ਵੱਛੇ ਵੱਡੇ ਹੋ ਕੇ ਬਲਦ ਬਣਦੇ। ਇਨ੍ਹਾਂ ਬਲਦਾਂ ਦੀ ਵਰਤੋਂ ਨਾਲ ਖੇਤਾਂ ਵਿੱਚ ਹਲ ਵਾਹੁਣ , ਕੋਹਲੂ ਤੇ ਤੇਲ ਕੱਢਣ ਤੋਂ ਅਤੇ ਹਲਟਾਂ ਦੁਆਰਾ ਖੂਹਾਂ ਚੋ ਪਾਣੀ ਕੱਡਣ ਤੋਂ ਇਲਾਵਾਂ ਕਈ ਛੋਟੇ ਮੋਟੇ ਕੰਮ ਲਏ ਜਾਂਦੇ ਰਹੇ ਹਨ। ਇੱਥੇ ਇਹ ਵੀ ਗੱਲ ਜਿਕਰਯੋਗ ਹੈ ਕਿ ਸਿਰਫ਼ ਗਾਂ ਦਾ ਦੁੱਧ ਹੀ ਕੰਮ ਨਹੀਂ ਸੀ ਆਉਂਦਾ, ਗਾਵਾਂ ਦਾ ਮਲ- ਮੂਤਰ ਵੀ ਵਰਤਿਆ ਜਾਂਦਾ ਸੀ। ਗਾਂ ਦੇ ਗੋਹੇ ਨੂੰ ਖਾਣਾ ਪਕਾਉਣ ਲਈ ਪਾਥੀਆਂ ਦੇ ਰੂਪ ਵਿੱਚ ਵੀ ਵਰਤਿਆ ਜਾਂਦਾ ਰਿਹਾ ਹੈ। ਜੈਵਿਕ ਖਾਦ ਗਾਂ ਦੇ ਗੋਹੇ ਤੋਂ ਹੀ ਬਣਾਈ ਜਾਂਦੀ ਹੈ, ਜੋ ਪੌਦਿਆਂ ਅਤੇ ਖੇਤਾਂ ਦੀ ਮਿੱਟੀ ਨੂੰ ਉਪਜਾਊ ਬਣਾਉਂਦੀ ਹੈ। ਕਚੇ ਘਰਾਂ ਚ ਗੋਹੇ ਦਾ ਲੇਪ ਕਰਨ ਲਈ ਗਾਂ ਦਾ ਗੋਹਾ ਹੀ ਸਭ ਤੋਂ ਉੱਤਮ ਮੰਨਿਆ ਜਾਂਦਾ ਸੀ। ਅਸਲ ਵਿੱਚ ਗਊ ਮਾਤਾ ਨੇ ਮਾਂ ਵਾਂਗ ਹੀ ਸਾਡੀ ਮਦੱਦ ਕੀਤੀ। ਪਰ ਕੀ ਅਸੀਂ ਗਊ ਮਾਤਾ ਨੂੰ ਆਪਣੀ ਮਾਂ ਵਾਂਗ ਸੰਭਾਲਿਆ, ਜਾਂ ਸਤਿਕਾਰ ਦਿੱਤਾ ਸ਼ਾਇਦ ਉੱਤਰ ਹੋਏਗਾ ਨਹੀਂ।

ਭਾਰਤ ਦੇਸ਼ ਵਿੱਚ ਗਊਆਂ ਨੂੰ ਮਾਤਾ ਦਾ ਦਰਜਾ ਮਿਲਿਆ ਹੋਇਆ ਹੈ। ਲੋਕ ਆਪਣੇ ਦੁੱਖਾਂ ਨੂੰ ਦੂਰ ਕਰਨ ਲਈ ਗਊਸ਼ਾਲਾਵਾਂ ਵਿੱਚ ਜਾ ਕੇ ਗਊਆਂ ਦੀ ਅਲੱਗ ਅਲੱਗ ਤਰੀਕੇ ਨਾਲ ਸੇਵਾ ਕਰਕੇ ਪੁੰਨ ਕਮਾਉਂਦੇ ਹਨ ਪਰ ਸਾਡੇ ਹੀ ਦੇਸ਼ ਵਿੱਚ ਕੁੱਝ ਕੁ ਲੋਕਾਂ ਕਰਕੇ ਹੀ ਅਸੀਂ ਜ਼ਖਮੀ ਹਾਲਤ ਵਿੱਚ ਜਾਂ ਬੇਸਹਾਰਾ ਹੋਣ ਕਾਰਨ ਗਊਆਂ ਨੂੰ ਅਕਸਰ ਖੁਲ੍ਹੀਆਂ ਸੜਕਾਂ ਤੇ ਘੁੰਮਦਿਆਂ ਦੇਖਦੇ ਹਾਂ। ਇਹ ਉਹ ਗਾਵਾਂ ਹਨ ਜਿੰਨ੍ਹਾ ਨੇ ਸਾਨੂੰ 5-7 ਸਾਲ ਅੰਮ੍ਰਿਤ ਵਰਗਾ ਦੁੱਧ ਪਿਲਾਇਆ, ਕਈ ਵੱਛੀਆਂ ਦਿੱਤੀਆਂ ਜੋ ਸਾਲ- ਦੋ ਸਾਲ ਤਕ ਨੂੰ ਦੁੱਧ ਦੀਆਂ ਬਾਲਟੀਆਂ ਭਰਦੀਆਂ ਨਜ਼ਰ ਆਉਂਦੀਆਂ ਤੇ ਇਕ ਵਛੜਾ ਦਿਤਾ ਜੋ ਸਾਡੇ ਪਸ਼ੂਆਂ ਦੇ ਚਾਰੇ ਲਈ ਰੇਹੜਾ ਖਿਚਦਾ ਹੈ। ਪਰ ਉਸ ਦਾ ਸਿਲਾ ਗਊ ਨੂੰ ਇਹ ਮਿਲਿਆ ਕਿ ਅਸੀਂ ਉਸ ਨੂੰ ਲੋਕਾਂ ਦੇ ਡੰਡੇ ਖਾਣ ਲਈ ਸੜਕਾਂ ਤੇ ਖੁੱਲ੍ਹਾ ਛੱਡਣ ਲਈ ਮਜਬੂਰ ਹੋ ਗਏ। ਕਿਉਕਿ ਬਾਰ ਬਾਰ ਕੋਸ਼ਿਸ਼ਾਂ ਤੋਂ ਬਾਅਦ ਵੀ ਉਸ ਦੀ ਜਣਨ ਕਿਰਿਆ ਠੀਕ ਨਾ ਹੋ ਸਕੀ ਤੇ ਜਿਸ ਕਾਰਣ ਓਸ ਨੂੰ ਮਜਬੂਰਨ ਸੜਕਾਂ ਤੇ ਬੇਸਹਾਰਾ ਰਹਿਣਾ ਪਿਆ।

ਇਹਨਾਂ ਬੇਸਹਾਰਾ ਗਊਆਂ ਲਈ ਹਰ ਸ਼ਹਿਰ, ਕਸਬਿਆਂ ਵਿੱਚ ਬਹੁਤ ਸਾਰੀਆਂ ਗਊਸ਼ਾਲਾਵਾ ਵੀ ਖੁੱਲ੍ਹੀਆਂ ਹੋਇਆ ਹਨ ਜਿੱਥੇ ਇਹ ਗਾਵਾਂ ਰੱਖਿਆਂ ਜਾਂਦੀਆ ਹਨ।

ਇਸ ਤੋ ਇਲਾਵਾ ਬਹੁਤ ਥਾਈਂ ਗਲੀ, ਮੁੱਹਲੇ ਅਤੇ ਪਿੰਡਾ ਵਿੱਚ ਵੀ ਬਹੁਤ ਸਾਰੀਆਂ ਸੋਸਾਇਟੀ,ਕਲਬ ਅਤੇ ਨੇਕ ਰੂਹਾਂ ਵੀ ਹਨ ਜੋ ਇਹਨਾਂ ਅਵਾਰਾ ਗਊਆਂ ਦੀ ਮਦੱਦ ਕਰਦਿਆਂ ਹਨ। ਇਹਨਾਂ ਵਿੱਚੋਂ ਹੀ ਇੱਕ ਨੇਕ ਦਿਲ ਇਨਸਾਨ ਹੈ ਸੁਨੀਲ ਗਰਗ,ਜੋਕਿ ਬਰਨਾਲੇ ਦੇ ਪਿੰਡ ਧੌਲਾ ਦਾ ਵਸਨੀਕ ਹੈ। ਜਿਸ ਦੇ ਸਵੇਰ ਹੀ ਇਹਨਾਂ ਬੇਸਹਾਰਾ ਗਊਆਂ ਦੀ ਸੇਵਾ ਤੋਂ ਸ਼ੁਰੂ ਹੁੰਦੀ ਹੈ। 32 ਸਾਲਾਂ ਸੁਨੀਲ ਗਰਗ ਸਵੇਰ ਤੋ ਹੀ ਇਹਨਾਂ ਗਊਆਂ ਲਈ ਚਾਰੇ ਆਦਿ ਦੇ ਪ੍ਰਬੰਧ ਕਰਨ ਲਈ ਆਪਣੀ ਟੀਮ ਸੁਨੀਲ ਗੋਇਲ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜੂਆ ਸਿੰਘ ਅਤੇ ਅਰਪਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮੈਂਬਰਾਂ ਨਾਲ ਜੁੱਟ ਜਾਂਦਾ ਹੈ। ਇਹ ਟੀਮ ਆਪਣੇਂ ਪਿੰਡ ਤੋਂ ਇਲਾਵਾ ਲਾਗਲੇ ਪਿੰਡਾ ਚ ਵੀ ਘੁੰਮ ਰਹੀਆਂ ਆਵਾਰਾ ਗਊਆ ਦੀ ਦੇਖ ਰੇਖ , ਡਾਕਟਰੀ ਸਹਾਇਤਾ ਅਤੇ ਹਰੇ ਚਾਰੇ ਆਦਿ ਦਾ ਪ੍ਰਬੰਧ ਕਰਦੀ ਹੈ। ਹੈਲਪ ਕੋਈਨ ਫਾਉਡੇਂਸ਼ਨ ਨਾਮ ਹੇਠ ਸੁਨੀਲ ਗਰਗ ਨੇ ਆਪਣਾ ਕਲੱਬ ਬਣਾ, ਕੋਈ 100 ਤੋਂ ਵੱਧ ਮੈਂਬਰ ਜੋੜੇ ਹੋਏ ਹਨ। ਪੰਜਾਬ ਯੂਨੀ-ਵਰਸਿਟੀ ਤੋਂ ਕੰਪਿਊਟਰ ਸਾਇੰਸ ਦੀ ਮਾਸਟਰ ਡਿਗਰੀ ਹਾਸਲ ਕਰ ਚੁੱਕੇ ਸੁਨੀਲ ਗਰਗ ਨੇ ਦਸਿਆ ਕਿ ਲੋਕਡਾਊਨ ਦੌਰਾਣ ਇਹਨਾਂ ਬੇਸਹਾਰਾ ਗਊਆਂ ਦੀ ਮਦੱਦ ਲਈ ਸਾਡੀ ਇਹ ਟੀਮ ਅੱਗੇ ਆਈ। ਗਲਬਾਤ ਦੌਰਾਨ ਸੁਨੀਲ ਗਰਗ ਨੇ ਦਸਿਆ ਕਿ ਮੇਂ ਇੱਕਲਾ ਹੀ ਇਸ ਕੰਮ ਲਈ ਅੱਗੇ ਆਇਆ ਸੀ ਪਰ ਅੱਜ ਮੇਰੇ ਨਾਲ ਬਹੁਤ ਨੇਕ ਰੂਹਾਂ ਜੁੜੀਆਂ ਹੋਈਆਂ ਹਨ ਜੋ ਸਾਨੂੰ ਲੋੜ ਪੈਣ ਤੇ ਤਨ, ਮਨ ਅਤੇ ਧੰਨ ਨਾਲ ਸਹਿਯੋਗ ਦੇਕੇ ਸਾਡੀ ਇਸ ਟੀਮ ਦੀ ਮਦੱਦ ਕਰਦਿਆਂ ਹਨ। ਇਸ ਤੋਂ ਇਲਾਵਾਂ ਉਹਨਾਂ ਦਸਿਆ ਕਿ ਸਾਡੀ ਇਹ ਟੀਮ (ਹੈਲਪ ਕੋਈਨ ਫਾਊਡੇਂਸ਼ਨ) ਪਖੋਂ ਕਲਾਂ ਬਰਨਾਲਾ ਦੀ ਲੋਕਸੇਵਾ ਗਊਸ਼ਾਲਾ ਸਮਿਤੀ ਦੇ ਬਾਬਾ ਜੀ ਹਰੀ ਵੈਦ ਜੀ ਦੀ ਪ੍ਰੇਰਣਾ ਸਦਕਾ ਬਣੀ ਹੈ।









ਜਿਨ੍ਹਾਂ ਤੋਂ ਅਸੀਂ ਆਸ਼ੀਰਵਾਦ ਪ੍ਰਾਪਤ ਕਰ ਸਭ ਤੋਂ ਪਹਿਲਾਂ ਸੜਕਾਂ ਤੇ ਆਵਾਰਾ ਘੁੰਮ ਰਹੀਆਂ ਗਾਵਾਂ ( ਜੋ ਐਕ-ਸੀਡੈਂਟ ਦਾ ਕਾਰਨ ਬਣ ਰਹੀਆਂ ਸਨ) ਦੇ ਗਲਿਆ ਵਿਚ ਸੇਫਟੀ ਬੇਲਟਾ ਪਾ ਕੇ ਸ਼ੁਰੂ ਕਿਤਾ ਸੀ।

ਸੁਨੀਲ ਗਰਗ ਜੀ ਨੇ ਕਿਹਾ ਕਿ ਸਾਡੇ ਵਲੋਂ ਚਲਾਏ ਜਾ ਰਹੇ ਹੈਲਪ ਕੋਈਨ ਫਾਊਡੇਂਸ਼ਨ ਦਾ ਸਿਰਫ ਇਕੋ ਇਕ ਮਿਸ਼ਨ ਹੈ ਕਿ ਜਿਵੇਂ ਸਾਧੂ-ਸੰਤਾਂ ਵੱਲੋਂ ਵੀ ਹਮੇਸ਼ਾ ਗਊਆਂ ਦੀ ਸਾਂਭ-ਸੰਭਾਲ ਨੂੰ ਵੱਡੇ ਪੁੰਨ ਦਾ ਕੰਮ ਮੰਨਿਆ ਜਾਂਦਾ ਰਿਹਾ ਹੈ ਓਵੇਂ ਹੀ ਅਸੀਂ ਵੀ ਭਵਿੱਖ ਵਿਚ ਇਹਨਾਂ ਗਊਆਂ ਦੀ ਵੱਧ ਤੋਂ ਵੱਧ ਦੇਖ ਭਾਲ ਦੀ ਸੇਵਾ ਕਰੀਏ, ਇਹਨਾਂ ਦੇ ਰਹਿਣ ਲਈ ਪ੍ਰਬੰਧ ਕਰੀਏ ਅਤੇ ਅਸਲ ਵਿੱਚ ਗਊ ਮਾਤਾ ਨੂੰ ਗਊ ਮਾਤਾ ਦਾ ਦਰਜਾ ਦੇਕੇ ਪੁੰਨ ਕਮਾਈਏ।

# ਕਲਯੁੱਗ ਦੇ ਮੌਜੂਦਾ ਦੌਰ ਵਿੱਚ ਏਕਲੱਵਿਆ ਨੂੰ ਅੰਗੂਠਾ ਨਹੀਂ ਜਾਨ ਦੇਣੀ ਪੈ ਰਹੀ ਹੈ

ਪਿਛਲੇ ਦਿਨੀਂ ਪੰਪੋਸ਼ ਨਾਮ ਦੀ ਦਲਿਤ ਲੜਕੀ, ਜਿਹੜੀ ਮੈਡੀਕਲ ਕਾਲਜ ਦੀ ਵਿਦਿਆਰਥਣ ਸੀ, ਦੀ ਖ਼ੁਦਕੁਸ਼ੀ ਦੀ ਖ਼ਬਰ ਕੁਝ ਅਖ਼ਬਾਰਾਂ ਵਿੱਚ ਆਈ। ਪਰਿਵਾਰ ਵੱਲੋਂ ਦੋਸ਼ ਲਾਇਆ ਗਿਆ ਕਿ ਉਸਨੂੰ ਸੰਸਥਾ ਅੰਦਰ ਲਗਾਤਾਰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਜਦਕਿ ਕਾਲਜ ਦੇ ਵਿਦਿਆਰਥੀ ਤੇ ਅਧਿਆਪਕਾਂ ਨੇ ਕਿਹਾ ਕਿ ਉਹ ਮਾਨਸਿਕ ਤੌਰ 'ਤੇ ਬਿਮਾਰ ਸੀ ਇਸ ਲਈ ਉਸਨੇ ਖੁਦਕੁਸ਼ੀ ਕੀਤੀ ਹੈ। ਇਸਤੋਂ ਪਹਿਲਾਂ ਉਸਦੇ ਮਾਮੇ ਨੇ ਵੀ ਖੁਦਕੁਸ਼ੀ ਕੀਤੀ ਸੀ। ਮੀਡੀਆ ਵਿੱਚ ਵੀ ਇਹ ਖ਼ਬਰ ਬਹੁਤੀ ਚਰਚਾ ਦਾ ਵਿਸ਼ਾ ਨਹੀਂ ਬਣੀ। ਨਾ ਹੀ ਦਲਿਤ, ਡੈਮੋਕਰੇਟਿਕ ਤੇ ਹੋਰ ਜੱਥੇਬੰਦੀਆਂ ਨੇ ਇਸਤੇ ਬਹੁਤਾ ਕੁੱਝ ਕੀਤਾ। ਕੀ ਇਹ ਦਲਿਤ ਵਿਦਿਆਰਥੀ ਦੀ ਪਹਿਲੀ ਖੁਦਕੁਸ਼ੀ ਦੀ ਘਟਨਾ ਹੈ ਜਾਂ ਹੋਰ ਵੀ ਘਟਨਾਵਾਂ ਵਾਪਰੀਆਂ ਹਨ? ਜੇ ਹਾਂ ਤਾਂ ਇਉਂ ਕਿਉਂ ਵਾਪਰ ਰਹੀਆਂ ਹਨ। ਇਹਨਾਂ ਪਿੱਛੇ ਕੀ ਕਾਰਨ ਹੈ, ਜਦੋਂ ਅਸੀਂ ਡਾ।ਬੀ।ਆਰ। ਅੰਬੇਡਕਰ ਨੂੰ ਉਹਨਾਂ ਦੇ ਜਨਮ ਦਿਨ 'ਤੇ ਚੇਤੇ ਕਰਦੇ ਹਾਂ ਤਾਂ ਇਸ ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਚਰਚਾ ਕਰਨੀ ਜ਼ਰੂਰੀ ਬਣਦੀ ਹੈ। ਪੰਪੋਸ਼ ਮਤਲਬ ਕਮਲ ਦੇ ਫੁੱਲ ਵਰਗੀ, ਮਾਪਿਆਂ ਦੀ ਇਕਲੌਤੀ ਪੁੱਤਰੀ ਸੀ। ਉਸਦੇ ਦਾਦਾ ਜੀ ਪ੍ਰਿੰਸੀਪਲ, ਪਿਤਾ ਡਾਕਟਰ (ਮੌਤ ਹੋ ਚੁੱਕੀ ਹੈ), ਮਾਤਾ ਜੀ ਟੀਚਰ ਹਨ। ਉਹ ਪੜ੍ਹਨ-ਲਿਖਣ ਨੂੰ ਪਹਿਲੇ ਦਿਨ ਤੋਂ ਹੀ ਬਹੁਤ ਹੁਸ਼ਿਆਰ ਸੀ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੇ ਕਈ ਮੰਤਰੀਆਂ ਵੱਲੋਂ ਉਸਨੂੰ ਪੜ੍ਹਾਈ ਦੇ ਖੇਤਰ ਵਿੱਚ ਇਨਾਮ ਦਿੱਤੇ ਗਏ ਸਨ। ਉਸਨੇ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਵਿੱਚ ਐਮਬੀਬੀਐਸ ਦੇ ਕੋਰਸ ਵਿੱਚ ਦਾਖਲਾ ਲਿਆ ਅਤੇ ਹਰ ਸਾਲ ਪਹਿਲੇ ਦਰਜੇ ਵਿੱਚ ਪਾਸ ਹੋ ਰਹੀ ਸੀ। ਹੁਣ ਉਸਦਾ ਆਖਰੀ ਸਾਲ ਸੀ। ਉਸਨੂੰ ਲਗਾਤਾਰ ਜਾਤ ਦੇ ਨਾਮ 'ਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਉਸਨੂੰ ਤੰਗ ਕਰਨ ਵਾਲਿਆਂ ਵਿੱਚ ਪ੍ਰੋਫੈਸਰ ਤੇ ਉਸਦੇ ਸਹਿ-ਪਾਠੀ ਸਨ। ਇਸਦੇ ਖਿਲਾਫ਼ ਉਸਨੇ ਪ੍ਰਿੰਸੀਪਲ, ਡੀਨ ਤੇ ਹੋਰ ਅਧਿਕਾਰੀਆਂ ਨੂੰ ਕਈ ਵਾਰੀ ਲਿਖਤੀ ਸ਼ਿਕਾਇਤ ਕੀਤੀ ਸੀ। ਘਟਨਾ ਵਾਲੇ ਦਿਨ ਜਦੋਂ ਉਸਦੀ ਮਾਂ ਸਕੂਲ ਤੋਂ ਪੜ੍ਹਾ ਕੇ ਵਾਪਸ ਆਉਂਦੀ ਹੈ ਤਾਂ ਰੂਟੀਨ ਵਿੱਚ ਉਸਨੂੰ ਫੋਨ ਕਰਦੀ ਹੈ ਪਰ ਪੰਪੋਸ਼ ਫੋਨ ਨਹੀਂ ਚੁੱਕਦੀ। ਸ਼ਾਮ ਨੂੰ ਕੀਤਾ ਫਿਰ ਵੀ ਨਹੀਂ ਚੁੱਕਿਆ। ਦੂਸਰੇ ਦਿਨ ਮਾਂ ਵਾਰ-ਵਾਰ ਫੋਨ ਕਰਦੀ ਰਹੀ। ਜਦੋਂ ਉਸਨੇ ਫੋਨ ਨਹੀਂ ਚੁੱਕਿਆ ਤਾਂ ਉਹ ਤੀਸਰੇ ਦਿਨ ਸਵੇਰੇ ਹੋਸਟਲ ਪਹੁੰਚ ਗਈ। ਜਦੋਂ ਉਸਨੇ ਗੇਟ ਖੋਲ੍ਹਿਆ ਤਾਂ ਨਾ ਖੁੱਲ੍ਹਿਆ, ਥੋੜਾ ਜ਼ੋਰ ਦੇ ਕੇ ਖੋਲ੍ਹਿਆ ਤਾਂ ਉਹ ਖੁੱਲ੍ਹ ਗਿਆ ਤੇ ਪੰਪੋਸ਼ ਲਟਕ ਰਹੀ ਸੀ।

ਮਾਂ ਦੇ ਰੋਣ-ਕੁਰਲਾਉਣ ਤੋਂ 15-20 ਮਿੰਟ ਬਾਅਦ ਸਕਿਊਰਿਟੀ ਆਈ ਤੇ ਫਿਰ ਪੁਲੀਸ ਬੁਲਾਈ ਗਈ। ਉਸਦੇ ਗਲ ਦੁਆਲੇ ਤਿੰਨ ਚੁੰਨੀਆਂ ਬੰਨੀਆਂ ਹੋਈਆਂ ਸੀ। ਪੁਲੀਸ ਦੇ ਆਉਣ ਤੋਂ ਪਹਿਲਾਂ ਉਸਨੂੰ ਉਤਾਰ ਦਿੱਤਾ। ਉਸਦੀਆਂ ਦੋ ਚੁੰਨੀਆਂ ਖੋਲ੍ਹ ਦਿੱਤੀਆਂ ਪ੍ਰੰਤੂ ਉਸਦੀ ਚੁੰਨੀ ਜੋ ਗਲ 'ਤੇ ਲਿਪਟੀ ਹੋਈ ਸੀ, ਉਹ ਨਹੀਂ ਖੋਲੀ। ਉਸਦੀ ਮਾਂ ਮੁਤਾਬਿਕ ਜਦੋਂ ਉਹ ਹੋਸਟਲ ਗਈ ਤਾਂ ਵਾਰਡਨ ਨੇ ਪਹਿਲਾਂ ਦੀ ਤਰ੍ਹਾਂ ਉਸਨੂੰ ਨਮਸਕਾਰ ਵੀ ਨਹੀਂ ਕੀਤਾ। ਹੋਸਟਲ ਵਿੱਚ ਸੁੰਨਸਾਨ ਪਸਰੀ ਹੋਈ ਸੀ। ਰੋਂਦੀ ਮਾਂ ਦੀਆਂ ਆਵਾਜ਼ਾਂ ਮਾਰਨ 'ਤੇ ਵੀ ਵਿਦਿਆਰਥੀ ਡਰਦੇ-ਡਰਦੇ ਨੇੜੇ ਲੱਗ ਰਹੇ ਸਨ। ਪੁਲੀਸ ਨੇ ਧਾਰਾ 306 (ਖੁਦਕੁਸ਼ੀ ਲਈ ਉਕਸਾਉਣਾ) ਤੇ ਐਸ।ਸੀ।/ਐਸ।ਟੀ। ਤਹਿਤ ਪ੍ਰੋਫੈਸਰਾਂ ਤੇ 7 ਹੋਰਾਂ 'ਤੇ ਜਿਸ ਵਿੱਚ ਉਸਦੇ ਸਹਿਪਾਠੀ ਵੀ ਸਨ, 'ਤੇ ਪਰਚਾ ਦਰਜ ਕਰ ਦਿੱਤਾ ਪ੍ਰੰਤੂ ਗ੍ਰਿਫਤਾਰ ਅਜੇ ਤੱਕ ਕੋਈ ਵੀ ਨਹੀਂ ਕੀਤਾ। ਇਹਨਾਂ ਪ੍ਰੋਫੈਸਰਾਂ ਤੇ ਡਾਕਟਰਾਂ ਦਾ ਕਹਿਣਾ ਹੈ ਕਿ ਉਸਦੇ ਮਾਮੇ ਨੇ ਵੀ ਖੁਦਕੁਸ਼ੀ ਕੀਤੀ ਸੀ, ਇਹ ਹੈਰਡਿਟੀ ਸਮੱਸਿਆ ਹੈ ਤੇ ਇਹ ਵੀ ਡਿਪਰੈਸ਼ਨ ਵਿੱਚ ਰਹਿੰਦੀ ਸੀ, ਇਸੇ ਕਰਕੇ ਇਸਨੇ ਖੁਦਕੁਸ਼ੀ ਕੀਤੀ ਹੈ। ਸੁਸਾਇਟ ਨੋਟ ਵੀ ਕੋਈ ਨਹੀਂ ਮਿਲਿਆ। ਪੁਲੀਸ ਵੀ ਅਜੇ ਜਾਂਚ ਕਰ ਰਹੀ ਹੈ। ਅਸਲ ਵਿੱਚ ਇਹ ਕੋਈ ਆਮ ਖੁਦਕੁਸ਼ੀ ਨਹੀਂ ਅਤੇ ਨਾ ਹੀ ਕੇਵਲ ਉਕਸਾਉਣ ਕਰਕੇ ਖੁਦਕੁਸ਼ੀ ਹੈ। ਇਹ ਅਸਲ ਵਿੱਚ ਕਤਲ ਹੈ। ਸਰਸਰੀ ਨਜ਼ਰ ਨਾਲ ਦੇਖੀਏ ਤਾਂ ਤਿੰਨ ਦਿਨ ਤੋਂ ਕਮਰਾ ਬੰਦ ਸੀ, ਕੀ ਉਸਦੇ ਕਮਰੇ ਵਿੱਚ ਨਾਲ ਦੇ ਵਿਦਿਆਰਥੀ ਨਹੀਂ ਗਏ ? ਕੀ ਹੋਸਟਲ ਦੇ ਗੇਟ 'ਤੇ ਅਤੇ ਕਲਾਸ ਵਿੱਚ ਉਸਦੀ ਗੈਰ-ਹਾਜ਼ਰੀ ਕਿਸੇ ਨੂੰ ਕਿਉਂ ਨਹੀਂ ਰੜਕੀ ? ਉਸਦੇ ਕਮਰੇ ਦਾ ਗੇਟ ਕਿਉਂ ਖੁੱਲ੍ਹਾ ਸੀ ? ਉਸਦੀ ਮਾਂ ਦੇ ਜਾਣ 'ਤੇ ਵਾਰਡਨ ਨੇ ਉਸਨੂੰ



ਕਿਉਂ ਨਹੀਂ ਬੁਲਾਇਆ ? ਸੁੰਨਸਾਨ ਕਿਉਂ ਪਸਰੀ ਹੋਈ ਸੀ ? ਹੋਰ ਵਿਦਿਆਰਥੀ ਕਿਉਂ ਡਰੇ ਹੋਏ ਸਨ, ਉਸਦੀ ਮਾਂ ਦੇ ਬੁਲਾਉਣ 'ਤੇ ਉਸ ਕੋਲ ਕਿਉਂ ਨਹੀਂ ਗਏ ? ਉਸਦੀ ਲਟਕਦੀ ਲਾਸ਼ ਕੋਲ ਕੋਈ ਬੈਂਚ ਵਗੈਰਾ ਕਿਉਂ ਨਹੀਂ ਸੀ, ਉਹ ਫਿਰ ਉੱਪਰ ਕਿਵੇਂ ਚੜ੍ਹੀ ? ਇਹ ਸਾਰੇ ਸਵਾਲ ਇਹ ਵੀ ਇਸ਼ਾਰਾ ਕਰਦੇ ਹਨ ਕਿ ਉਸਦੀ ਮੌਤ ਦਾ ਉਸਦੀ ਮਾਂ ਤੋਂ ਪਹਿਲਾਂ ਸਾਰਿਆਂ ਨੂੰ ਪਤਾ ਸੀ ਤੇ ਕਿਸੇ ਨੇ ਵੀ ਉਸਦੀ ਮਾਂ ਨੂੰ ਸੂਚਿਤ ਨਹੀਂ ਕੀਤਾ ਗਿਆ। ਮੰਨ ਲਓ ਉਸਨੇ ਖੁਦਕੁਸ਼ੀ ਕੀਤੀ ਹੈ ਤਾਂ ਉਸਤੋਂ ਪਹਿਲਾਂ ਸਬੂਤ ਮਿਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਵਿੱਚ ਹੋਸਟਲ, ਕਾਲਜ ਤੇ ਪੁਲੀਸ ਸਮੇਤ ਸਾਰਾ ਪ੍ਰਬੰਧ ਸ਼ਾਮਲ ਹੋ ਗਿਆ।

ਅਸਲ ਵਿੱਚ ਨਾ ਹੀ ਇਹ ਖੁਦਕੁਸ਼ੀ ਹੈ ਅਤੇ ਨਾ ਹੀ ਸਧਾਰਨ ਕਤਲ ਹੈ। ਇਹ ਕਤਲ ਇਸ ਪ੍ਰਬੰਧ ਤੇ ਸਮਾਜ ਵੱਲੋਂ ਕੀਤਾ ਗਿਆ ਸਮੂਹਿਕ ਤੇ ਸਾਜਿਸ਼ੀ ਕਤਲ ਹੈ। ਇਹ ਕੋਈ ਪਹਿਲਾ ਕਤਲ ਨਹੀਂ, ਇਸਤੋਂ ਪਹਿਲਾਂ 2016 ਵਿੱਚ ਰੋਹਿਤ ਵੇਮੁਲਾ ਦਾ ਕਤਲ ਚਰਚਾ ਦਾ ਵਿਸ਼ਾ ਬਣਿਆ। ਫਿਰ 2017 ਵਿੱਚ ਮੁੱਥੂ ਕ੍ਰਿਸ਼ਨਾ ਤੇ ਅਨੀਥਾ, 2019 ਵਿੱਚ ਪਾਇਲ ਤੇ ਹੁਣ ਮਹੀਨਾ ਪਹਿਲਾਂ ਬੰਬੇ ਦੇ ਆਈ।ਆਈ।ਟੀ। ਦੇ ਵਿਦਿਆਰਥੀ ਦਰਸ਼ਨ ਸੋਲੰਕੀ ਦਾ ਕਤਲ ਚਰਚਾ ਦਾ ਵਿਸ਼ਾ ਰਹੇ। ਇਹ ਉਹ ਕਤਲ ਹਨ ਜਿਹੜੇ ਮੀਡੀਆ ਵਿੱਚ ਆਏ। ਇਸਤੋਂ ਬਿਨਾਂ ਵੀ ਹੋਰ ਬਹੁਤ ਕਤਲ ਹੁੰਦੇ ਹਨ। ਪਿਛਲੇ ਸਾਲ ਰਾਜਸਥਾਨ ਦੇ ਇੱਕ ਦਲਿਤ ਵਿਦਿਆਰਥੀ ਵੱਲੋਂ ਘੜੇ ਵਿੱਚੋਂ ਪਾਣੀ ਪੀਣ 'ਤੇ ਉਸਦੀ ਕੁੱਟਮਾਰ ਦੀ ਘਟਨਾ ਚਰਚਾ ਦਾ ਵਿਸ਼ਾ ਬਣੀ ਰਹੀ। ਜਿਸਦਾ ਮਤਲਬ ਹੈ ਕਿ ਸਾਡੇ ਸਿੱਖਿਆ ਪ੍ਰਬੰਧ ਵਿੱਚ ਵੀ ਜਾਤਪਾਤ ਵੱਡੀ ਪੱਧਰ 'ਤੇ ਮਜ਼ਬੂਤ ਹੈ। ਇਹ ਜਾਤਪਾਤ ਸਦੀਆਂ ਤੋਂ ਹੈ। ਅਛੂਤ ਵਰਣਾਂ ਤੋਂ ਵੱਖਰੇ ਰੱਖੇ ਗਏ। ਇਹਨਾਂ ਲਈ ਸਿੱਖਿਆ ਲੈਣੀ ਤਾਂ ਦੂਰ ਜੇਕਰ ਕਿਸੇ ਦੇ ਕੰਨ ਵਿੱਚ ਪੈ ਜਾਂਦੀ ਸੀ ਤਾਂ ਉਸਦੇ ਕੰਨ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਅੱਜ ਦੀ ਪੰਪੋਸ਼, ਰੋਹਿਤ ਵੇਮੁਲਾ ਪੁਰਾਣੇ ਸਮੇਂ ਦੇ ਏਕਲੱਵਿਆ ਹਨ। ਉਸਦਾ ਤਾਂ ਅੰਗੂਠਾ ਹੀ ਲਿਆ ਸੀ, ਇਹਨਾਂ ਨੂੰ ਤਾਂ ਜਾਨ ਦੇਣੀ ਪੈ ਰਹੀ ਹੈ। ਮਨੂੰ ਨੇ ਜਦੋਂ ਵਰਣ-ਵਿਵਸਥਾ ਨੂੰ ਖ਼ੂਨ ਨਾਲ ਜੋੜ ਦਿੱਤਾ ਤਾਂ ਇਹ ਵਖਰੇਵਾਂ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਿਆ।

ਜਾਤਪਾਤ ਦਾ ਵਿੱਦਿਅਕ ਸੰਸਥਾਵਾਂ ਵਿੱਚ ਹੋਣ ਦਾ ਕਾਰਨ ਇਸਦਾ ਸਾਡੇ ਆਰਥਿਕ ਤੇ ਸਮਾਜਿਕ ਪ੍ਰਬੰਧ ਵਿੱਚ ਪਈ ਹੋਣਾ ਹੈ। ਜਿਹੋ ਜਿਹਾ ਆਰਥਿਕ ਤੇ ਸਮਾਜਿਕ ਪ੍ਰਬੰਧ ਹੋਵੇਗਾ, ਉਹੋ ਜਿਹੀਆਂ ਵਿੱਦਿਅਕ ਸੰਸਥਾਵਾਂ ਹੋਣਗੀਆਂ। ਜਾਤਪਾਤ ਭਾਰਤ ਦੇ ਪੇਂਡੂ ਖੇਤਰ ਵਿੱਚ ਗੂੜ੍ਹਾ ਹੋਣ ਕਾਰਨ ਜਗੀਰੂ ਰਿਸ਼ਤੇ ਹਨ ਜਿਹੜੇ ਇਸਦੇ ਤਹਿਤ ਆਪਣੀ ਲੁੱਟ ਬਰਕਰਾਰ ਰੱਖਦੇ ਹਨ। ਸ਼ਹਿਰੀ ਖੇਤਰਾਂ ਵਿੱਚ ਚਾਹੇ ਜਾਤਪਾਤ ਪੇਂਡੂ ਖੇਤਰਾਂ ਜਿੰਨੀ ਤਿੱਖੀ ਨਹੀਂ ਹੈ ਪ੍ਰੰਤੂ ਸਟੇਟਸ-ਕੋ ਦੀ ਸਥਿਤੀ ਮੌਜੂਦ ਹੈ। ਦਲਾਲ ਸਰਮਾਏਦਾਰੀ ਤੇ ਸਾਮਰਾਜ ਆਪਣੀ ਲੁੱਟ ਬਰਕਰਾਰ ਰੱਖਣ ਲਈ ਇਸ ਅਰਧ-ਜਗੀਰੂ ਅਰਧ-ਬਸਤੀਵਾਦੀ ਪ੍ਰਬੰਧ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਮੌਜੂਦਾ ਸਮੇਂ ਭਾਰਤ ਵਿੱਚ ਹੁੰਦੇ ਅਪਰਾਧਾਂ ਵਿੱਚੋਂ 25।82 ਪ੍ਰਤੀਸ਼ਤ ਅਪਰਾਧ ਜਾਤਪਾਤ ਨਾਲ ਜੁੜੇ ਹੋਏ ਹਨ। ਇਹ ਪਿਛਲੇ ਸਾਲ ਨਾਲੋਂ 1।2% ਵਧੇ ਹਨ (ਪੀਪਲ ਡੈਮੋਕਰੇਸੀ ਵਿੱਚੋਂ)। ਜੇਕਰ ਪੰਪੋਸ਼ ਦੀ ਗੱਲ ਦੇਖੀਏ ਤਾਂ ਉਸਦੇ ਨੰਬਰ ਤਾਂ 95% ਦੇ ਲਗਭਗ ਸੀ। ਉਹ ਤਾਂ ਵਿਦਿਅਕ ਸੰਸਥਾ ਵਿੱਚ ਕੋਟੇ ਤਹਿਤ (ਮਤਲਬ ਘੱਟ ਨੰਬਰ ਹੋਣ ਕਰਕੇ) ਵੀ ਨਹੀਂ ਆਈ। ਉਸ ਨਾਲ ਵਿਤਕਰਾ ਮੁੱਖ ਰੂਪ ਵਿੱਚ ਜਾਤੀ ਰਿਹਾ। ਜਦੋਂ ਦੀ ਭਾਜਪਾ ਦੀ ਸਰਕਾਰ ਆਈ ਹੈ ਤਾਂ ਦਲਿਤਾਂ 'ਤੇ ਅੱਤਿਆਚਾਰਾਂ ਵਿੱਚ ਵਾਧਾ ਹੋਇਆ ਹੈ। ਜਦੋਂ ਡਾ। ਭੀਮ ਰਾਓ ਅੰਬੇਡਕਰ ਹਿੰਦੂ ਕੋਡ ਬਿੱਲ ਲੈ ਕੇ ਆਏ ਤਾਂ ਆਰ।ਐਸ।ਐਸ। ਨੇ ਇਸਦਾ ਸਭ ਤੋਂ ਵੱਧ ਵਿਰੋਧ ਕੀਤਾ। ਮੰਡਲ ਕਮਿਸ਼ਨ ਦੀ ਵੀ ਆਰ।ਐਸ।ਐਸ। ਪੂਰਨ ਵਿਰੋਧੀ ਸੀ। ਭਾਜਪਾ ਅਸਲ ਵਿੱਚ ਮੁੜ ਮਨੂੰ ਦਾ ਰਾਜ ਸਥਾਪਤ ਕਰਨਾ ਚਾਹੁੰਦੀ ਹੈ। ਜਿਸ ਵਿੱਚ ਦਲਿਤਾਂ ਦਾ ਸਥਾਨ ਸਭ ਤੋਂ ਹੇਠਾਂ ਹੈ। ਇਸੇ ਕਰਕੇ ਜਿਵੇਂ-ਜਿਵੇਂ ਆਰ।ਐਸ।ਐਸ।-ਭਾਜਪਾ ਦਾ ਇਸ ਪ੍ਰਬੰਧ ਵਿੱਚ ਹੱਥ ਤਕੜਾ ਹੁੰਦਾ ਜਾ ਰਿਹਾ ਹੈ ਤਾਂ ਇਹਨਾਂ ਘਟਨਾਵਾਂ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਪ੍ਰੰਤੂ ਦੂਸਰਾ ਸਵਾਲ ਇਹ ਕਿ ਪੰਜਾਬ ਵਿੱਚ ਤਾਂ ਭਾਜਪਾ ਦਾ ਰਾਜ ਵੀ ਨਹੀਂ ਅਤੇ ਇੱਥੇ ਤਾਂ ਸਿੱਖ ਬਹੁਮਤ ਵਿੱਚ ਹਨ। ਇੱਥੇ ਦੀ ਧਰਤੀ ਸਿੱਖ ਗੁਰੂਆਂ ਦੀ ਧਰਤੀ ਹੈ ਜੋ ਜਾਤ-ਪਾਤੀ ਪ੍ਰਬੰਧ ਖਿਲਾਫ਼ ਲੜਦੇ ਰਹੇ। ਅਸਲ ਵਿੱਚ ਭਾਜਪਾ ਦੇ ਆਉਣ ਨਾਲ ਜਾਤੀ ਹਮਲੇ ਵਧੇ ਹਨ ਤੇ ਹੋਰ ਵਧ ਸਕਦੇ ਹਨ ਪ੍ਰੰਤੂ ਭਾਜਪਾ ਦੇ ਆਉਣ ਤੋਂ ਪਹਿਲਾਂ ਵੀ ਜਾਤ-ਪਾਤੀ ਪ੍ਰਬੰਧ ਮੌਜੂਦ ਸੀ। ਇਹ ਜਿਵੇਂ ਅਸੀਂ ਪਹਿਲਾਂ ਗੱਲ ਕੀਤੀ ਹੈ ਕਿ ਸਾਡੇ ਆਰਥਿਕ ਤੇ ਸਮਾਜਕ ਪ੍ਰਬੰਧ ਵਿੱਚ ਮੌਜੂਦ ਹੈ। ਕੋਈ ਧਰਮ ਜਾਂ ਸਮਾਜਕ ਤੇ ਆਰਥਿਕ ਇਕਹਿਰੀ ਤਬਦੀਲੀ ਇਸਨੂੰ ਖ਼ਤਮ ਨਹੀਂ ਕਰ ਸਕਦੀ, ਇਹ ਆਰਥਿਕ ਤੇ ਸਮਾਜਿਕ ਪ੍ਰਬੰਧ ਦੋਹਾਂ ਵਿੱਚ ਇਕੱਠਾ ਪਿਆ ਹੈ।

ਡਾ। ਭੀਮ ਰਾਓ ਅੰਬੇਡਕਰ ਨਾਲ ਵੀ ਪੜ੍ਹਾਈ ਦੌਰਾਨ ਜਾਤੀ ਵਿਤਕਰਾ ਹੁੰਦਾ ਰਿਹਾ। ਸਕੂਲ ਵਿੱਚ ਉਹਨਾਂ ਨੂੰ ਵੱਖਰੇ ਬਿਠਾਇਆ ਜਾਂਦਾ। ਪਾਣੀ ਨਲ਼ ਤੋਂ ਨਹੀਂ ਪੀਣ ਦਿੱਤਾ ਜਾਂਦਾ ਸੀ। ਬਾਬਾ ਸਾਹਿਬ ਨੇ ਦਲਿਤਾਂ ਦੀ ਸਿੱਖਿਆ ਲਈ ਬਹੁਤ ਗੰਭੀਰ ਯਤਨ ਕੀਤੇ ਪ੍ਰੰਤੂ ਇਸਦੇ ਸਮੁੱਚੇ ਹੱਲ ਤੱਕ ਨਹੀਂ ਪਹੁੰਚ ਸਕੇ। ਉਹਨਾਂ ਇਸਦਾ ਹੱਲ ਕੋਟੇ ਦੇ ਰੂਪ ਵਿੱਚ ਹੀ ਦੇਖਿਆ ਜਦਕਿ ਸਿੱਖਿਆ ਪ੍ਰਬੰਧ ਨੂੰ ਜਮਹੂਰੀ ਤੇ ਵਿਗਿਆਨਕ ਬਣਾਉਣ ਦੀ ਲੋੜ ਸੀ। ਜਮਹੂਰੀ ਦਾ ਮਤਲਬ ਹਰ ਇੱਕ ਲਈ ਬਿਨਾਂ ਆਰਥਿਕ ਤੇ ਸਮਾਜਿਕ ਭੇਦਭਾਵ ਤੋਂ ਸਿੱਖਿਆ। ਪ੍ਰੰਤੂ ਸਿੱਖਿਆ ਦਾ ਪ੍ਰਬੰਧ ਉਹੀ ਅੰਗਰੇਜ਼ਾਂ ਵਾਲਾ, ਦੋ ਤਰ੍ਹਾਂ ਦਾ ਰਿਹਾ, ਸਰਕਾਰੀ ਵਿੱਦਿਅਕ ਸੰਸਥਾਵਾਂ ਅਤੇ ਪ੍ਰਾਈਵੇਟ ਵਿਦਿਅਕ ਸੰਸਥਾਵਾਂ। ਸਿੱਖਿਆ ਵਿੱਚ ਉਹ ਕਲਰਕ ਪੈਦਾ ਕਰਨ ਵਾਲੀ ਨੀਤੀ, ਜੋ ਲਾਰਡ ਮੈਕਾਲੇ ਦੀ ਨੀਤੀ ਸੀ। ਸਿੱਖਿਆ ਹਰ ਇੱਕ ਲਈ ਜ਼ਰੂਰੀ ਤੇ ਮੁਫ਼ਤ ਨਹੀਂ ਕੀਤੀ ਗਈ। ਹੁਣ ਵੀ ਚਾਹੇ 'ਰਾਈਟ ਟੂ ਐਜੂਕੇਸ਼ਨ' ਦਾ ਕਾਨੂੰਨ ਬਣਾਇਆ ਪ੍ਰੰਤੂ ਇਹ 14 ਸਾਲ ਤੱਕ ਲਾਗੂ ਹੈ ਅਤੇ ਗਰੀਬ ਵਿਦਿਆਰਥੀਆਂ ਹਿੱਸੇ ਸਭ ਤੋਂ ਮਾੜੀਆਂ ਸੰਸਥਾਵਾਂ ਹੀ ਆਉਂਦੀਆਂ ਹਨ। ਸਿੱਖਿਆ ਵਿਗਿਆਨਕ ਵੀ ਨਹੀਂ, ਜਿਹੜੀ ਉਹਨਾਂ ਨੂੰ ਧਰਮਾਂ ਤੇ ਜਾਤਪਾਤਾਂ ਵਿੱਚੋਂ ਕੱਢ ਕੇ ਅਮਲ ਨਾਲ ਜੋੜਦੀ ਹੋਵੇ। ਅਸਲ ਵਿੱਚ ਸਮੱਸਿਆ ਇਹ ਰਹੀ ਕਿ ਬਾਬਾ ਸਾਹਿਬ ਨੇ ਸਿੱਖਿਆ ਪ੍ਰਬੰਧ ਦਾ ਹੱਲ ਇੰਗਲੈਂਡ ਦੇ ਬੁਰਜੁਆ ਪ੍ਰਬੰਧ ਰਾਹੀਂ ਦੇਖਦੇ ਰਹੇ। ਇਸੇ ਰਾਹੀਂ ਉਹ ਇੱਕ ਸਮੇਂ ਤੱਕ ਜਾਤੀ ਹੱਲ ਵੀ ਦੇਖਦੇ ਰਹੇ। ਕੋਟਾ ਰਾਜਨੀਤੀ ਦਾ ਅੱਜ ਬਹੁਤ ਵਿਸਥਾਰ ਹੋ ਚੁੱਕਾ ਹੈ। ਦਲਿਤਾਂ ਲਈ ਕੋਟਾ, ਬੀ।ਸੀ। ਲਈ ਕੋਟਾ, ਆਰਥਿਕ ਤੌਰ 'ਤੇ ਪਛੜਿਆਂ ਲਈ ਕੋਟਾ ਅਤੇ ਪੈਸੇ ਦੇ ਕੇ ਸੀਟਾਂ ਲੈਣ ਲਈ ਅਲੱਗ ਕੋਟਾ। ਦਲਿਤਾਂ ਲਈ ਰੱਖਿਆ ਕੋਟਾ (ਇਸ ਪ੍ਰਬੰਧ ਵਿੱਚ ਅਸੀਂ ਦਲਿਤ ਕੋਟੇ ਦੇ ਹਮਾਇਤੀ ਹਾਂ) ਅੱਜ ਕੋਟਿਆਂ ਦੀ ਭੇਟ ਚੜ੍ਹ ਗਿਆ ਹੈ।

ਅਸਲ ਵਿੱਚ ਲੋੜ ਇਸ ਸਮੇਂ ਕਮਿਊਨਿਸਟਾਂ ਤੇ ਅੰਬੇਡਕਰਵਾਦੀਆਂ ਨੂੰ ਆਪਣੀਆਂ ਪੁਜੀਸ਼ਨਾਂ ਤੋਂ ਅੱਗੇ ਆਉਣ ਦੀ ਹੈ। ਕੁੱਝ ਕਮਿਊਨਿਸਟ ਧਿਰਾਂ ਨੇ ਚਾਹੇ ਆਪਣੀਆਂ ਪੁਜੀਸ਼ਨਾਂ ਬਦਲੀਆਂ ਹਨ ਪ੍ਰੰਤੂ ਉਹਨਾਂ 'ਤੇ ਓਨਾ ਕੰਮ ਨਹੀਂ ਹੋਇਆ ਜਿਸ ਨਾਲ ਉਹ ਦਲਿਤਾਂ ਦਾ ਵਿਸ਼ਵਾਸ਼ ਜਿੱਤ ਪਾਉਣ। ਇਸਤੇ ਨਿੱਠ ਕੇ ਕੰਮ ਕਰਨ ਦੀ ਜ਼ਰੂਰਤ ਹੈ, ਦਲਿਤਾਂ ਨੂੰ ਕੇਵਲ ਵੋਟ ਬੈਂਕ ਜਾਂ ਇਕੱਠਾਂ ਦਾ ਸ਼ਿੰਗਾਰ ਬਣਾਉਣ ਨਾਲ ਕੋਈ ਲਹਿਰ ਦੀ ਉਸਾਰੀ ਨਹੀਂ ਹੋ ਸਕਦੀ।

ਮੌਜੂਦਾ ਸਮੇਂ ਵਿੱਚ ਪੈਦਾਵਾਰੀ ਸਾਧਨਾਂ ਵਿੱਚ ਬਰਾਬਰ ਹਿੱਸੇਦਾਰੀ ਲਈ ਅਤੇ ਸਮਾਜਕ ਗੈਰ-ਬਰਾਬਰੀ ਖਿਲਾਫ਼ ਆਵਾਜ਼ ਉਠਾਉਣ ਦੀ ਜ਼ਰੂਰਤ ਹੈ ਅਤੇ ਇਹਨਾਂ ਸੰਘਰਸ਼ਾਂ ਨੂੰ ਪ੍ਰਬੰਧ ਦੀ ਬੁਨਿਆਦੀ ਤਬਦੀਲੀ ਨਾਲ ਜੋੜਨ ਦੀ ਜ਼ਰੂਰਤ ਹੈ। ਇਸ ਤੋਂ ਬਿਨ੍ਹਾਂ ਲੜੀ ਲੜਾਈ ਕਿਸੇ ਤਣ ਪੱਤਣ ਨਹੀਂ ਲੱਗਣੀ।

**ਲੇਖਕ- ਇਕਬਾਲ ਮੁਹੰਮਦ**
**ਪੇਸ਼ਕਸ਼- ਸਤਨਾਮ ਸਿੰਘ ਸਹੂੰਗੜਾ**

# ਗਰੀਬ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ - ਬਲਦੇਵ ਭਾਰਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਸਰਕਾਰ ਵੱਲੋਂ 12 ਦਸੰਬਰ 2002 ਨੂੰ ਸੰਵਿਧਾਨ ਦੀ 86ਵੀਂ ਸੋਧ ਕਰਕੇ ਧਾਰਾ 21-ਏ ਦੇ ਭਾਗ 3 ਦੁਆਰਾ 6 ਤੋਂ 14 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਦਾ ਉਪਬੰਧ ਕੀਤਾ ਗਿਆ ਸੀ। ਇਸ ਦੇ ਤਹਿਤ ਸੰਸਦ ਵੱਲੋਂ 4 ਅਗਸਤ 2009 ਨੂੰ 'ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਕਨੂੰਨ-2009' ਬਣਾਇਆ ਗਿਆ ਜੋ ਕਿ ਸਿੱਖਿਆ ਦਾ ਅਧਿਕਾਰ ਬਿੱਲ-2005 ਦਾ ਸੋਧਿਆ ਰੂਪ ਹੈ। ਮਾਨਯੋਗ ਰਾਸ਼ਟਰਪਤੀ ਦੁਆਰਾ 26 ਅਗਸਤ 2009 ਨੂੰ ਇਸ ਤੇ ਦਸਤਖਤ ਕਰਨ ਤੋਂ ਬਾਅਦ ਇਹ ਕਾਨੂੰਨ ਮਿਤੀ 1 ਅਪ੍ਰੈਲ 2010 ਨੂੰ ਦੇਸ਼ ਭਰ ਵਿੱਚ ਲਾਗੂ ਹੋਇਆ। ਮੁਫ਼ਤ ਸਿੱਖਿਆ' ਦਾ ਅਰਥ ਹੈ ਕਿ ਕੋਈ ਵੀ ਬੱਚਾ ਕੋਈ ਫੀਸ, ਫੰਡ ਜਾਂ ਖਰਚਾ ਦਿੱਤੇ ਬਿਨਾਂ ਸਿੱਖਿਆ ਹਾਸਲ ਕਰ ਸਕੇਗਾ। ਇਸ ਕਾਨੂੰਨ ਤਹਿਤ ਸਿੱਖਿਆ ਦੇ ਬੁਨਿਆਦੀ ਅਧਿਕਾਰ ਨੂੰ ਲਾਗੂ ਕਰਨ ਲਈ ਕੇਂਦਰ/ਰਾਜ ਸਰਕਾਰਾਂ ਅਤੇ ਸਥਾਨਕ ਅਥਾਰਟੀਆਂ ਉੱਤੇ 6-14 ਸਾਲ ਉਮਰ ਸਮੂਹ ਦੇ ਸਾਰੇ ਬੱਚਿਆਂ ਦੇ ਦਾਖਲੇ ਹਾਜ਼ਰੀ ਅਤੇ ਮੁੱਢਲੀ ਸਿੱਖਿਆ ਨੂੰ ਪੂਰਾ ਕਰਨਾ ਯਕੀਨੀ ਬਣਾਉਣ ਦੀ ਕਾਨੂੰਨੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਹ ਕਾਨੂੰਨ ਰਾਜ, ਪਰਿਵਾਰ ਅਤੇ ਭਾਈਚਾਰੇ ਦੀ ਸਹਾਇਤਾ ਨਾਲ 6 ਤੋਂ 14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਗੁਣਵੱਤਾ ਵਾਲੀ ਪ੍ਰਾਇਮਰੀ ਸਿੱਖਿਆ ਨੂੰ ਯਕੀਨੀ ਬਣਾਉਂਦਾ ਹੈ। ਇਸ ਕਾਨੂੰਨ ਦੇ ਤਹਿਤ ਦੇਸ਼ ਭਰ ਵਿੱਚ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਨੂੰ ਪ੍ਰਾਈਵੇਟ ਅਤੇ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਘੱਟੋ ਘੱਟ 25% ਸੀਟਾਂ ਉੱਤੇ ਪਹਿਲੀ (ਪ੍ਰੀ-ਨਰਸਰੀ) ਤੋਂ ਅੱਠਵੀਂ ਜਮਾਤ ਤੱਕ ਮੁਫ਼ਤ ਦਾਖਲਾ ਦੇਣਾ ਸ਼ੁਰੂ ਹੋਇਆ।

ਇਸ ਐਕਟ ਸਬੰਧੀ ਪੂਰੇ ਪੰਜਾਬ ਭਰ ਵਿੱਚ ਸਰਕਾਰੀ ਸਕੂਲਾਂ ਅੱਗੇ ਵੱਡੇ ਵੱਡੇ ਬੋਰਡ ਲਿਖੇ ਹੋਏ ਹਨ। ਪਰ ਇਹ ਕਾਨੂੰਨ ਲਾਗੂ ਹੋਣ ਸਮੇਂ ਪੰਜਾਬ ਵਿੱਚ ਅਕਾਲੀ ਦਲ+ਭਾਜਪਾ ਸਰਕਾਰ ਵਲੋਂ ਇਸ ਕਾਨੂੰਨ ਦੀ ਮੂਲ ਭਾਵਨਾ ਦੇ ਉਲਟ ਤਰੁੱਟੀ ਪੂਰਨ ਗਰੀਬ ਵਿਦਿਆਰਥੀ ਮਾਰੂ ਗਜ਼ਟ ਨੋਟੀਫਿਕੇਸ਼ਨ ਮਿਤੀ 10-10-2011 ਜਾਰੀ ਕਰਕੇ ਅਣਏਡਿਡ ਪ੍ਰਾਈਵੇਟ ਸਕੂਲਾਂ ਵਿਚ ਦਾਖਲਾ ਲੈਣ ਲਈ ਸਰਕਾਰੀ ਸਕੂਲਾਂ ਤੋਂ ਨੋ ਅਬਜੈਕਸ਼ਨ ਸਰਟੀਫਿਕੇਟ ਲੈਣਾ ਲਾਜ਼ਮੀ ਕਰ ਦਿੱਤਾ। ਇਸ ਨੋਟੀਫਿਕੇਸ਼ਨ ਮੁਤਾਬਕ ਬੱਚਾ ਪਹਿਲਾਂ ਸਰਕਾਰੀ ਸਕੂਲ ਵਿੱਚ ਜਾਵੇਗਾ। ਜੇਕਰ ਉਸ ਨੂੰ ਉੱਥੇ ਕੋਈ ਦਾਖਲਾ ਨਹੀਂ ਮਿਲਦਾ ਤਾਂ ਉਹ ਸਕੂਲ ਵਿੱਚੋਂ ਐਨ।ਓ।ਸੀ। ਲੈ ਕੇ ਪ੍ਰਾਈਵੇਟ ਸਕੂਲ ਵਿੱਚ ਜਾਵੇਗਾ।



ਉੱਧਰ ਜਿੰਨੇ ਬੱਚੇ ਵੀ ਸਰਕਾਰੀ ਸਕੂਲਾਂ ਵਿੱਚ ਦਾਖਲੇ ਲਈ ਗਏ ਉਨ੍ਹਾਂ ਨੂੰ ਦਾਖਲਾ ਦਿੱਤਾ ਗਿਆ ਅਤੇ ਕਿਸੇ ਇੱਕ ਵੀ ਬੱਚੇ ਨੂੰ ਕਿਸੇ ਇੱਕ ਵੀ ਸਰਕਾਰੀ ਸਕੂਲ ਵਿੱਚੋਂ ਐੱਨ ਓ ਸੀ ਨਹੀਂ ਦਿੱਤੀ ਗਈ। ਜਿਸ ਕਾਰਨ ਇਹ ਬੱਚੇ ਪ੍ਰਾਈਵੇਟ ਅਨਏਡਿਡ ਸਕੂਲਾਂ ਵਿੱਚ ਪਿਛਲੇ 13 ਵਿਦਿਅਕ ਵਰ੍ਹਿਆਂ ਦੌਰਾਨ ਮਿਆਰੀ ਸਿੱਖਿਆ ਲੈਣ ਤੋਂ ਵਾਂਝੇ ਰਹਿ ਗਏ ਹਨ। ਅਣਏਡਿਡ ਪ੍ਰਾਈਵੇਟ ਸਕੂਲ ਮਾਲਕਾਂ ਅਤੇ ਸੱਤਾਧਾਰੀ ਆਗੂਆਂ ਦੀ ਮਿਲੀ ਭੁਗਤ ਨਾਲ ਜਾਰੀ ਹੋਏ ਇਸ ਨਿੰਦਣਯੋਗ ਨੋਟੀ-ਫਿਕੇਸ਼ਨ ਸਬੰਧੀ ਕਾਂਗਰਸ ਸਰਕਾਰ ਨੇ ਵੀ ਚੁੱਪ ਵੱਟੀ ਰੱਖੀ। ਬਲਦੇਵ ਭਾਰਤੀ ਨੇ ਦੱਸਿਆ ਕਿ ਇਸ ਸਬੰਧੀ ਕੰਪਟਰੋਲਰ ਅਤੇ ਆਡੀਟਰ ਜਨਰਲ ਆਫ ਇੰਡੀਆ (ਕੈਗ) ਨੇ ਆਪਣੀ ਰਿਪੋਰਟ ( 31 ਮਾਰਚ 2016 ) ਜੋ ਕਿ ਪੰਜਾਬ ਵਿਧਾਨ ਸਭਾ 2017 ਵਿੱਚ ਪੇਸ਼ ਹੋਈ ਵਿੱਚ ਇਸ ਅਹਿਮ ਮੁੱਦੇ ਸਬੰਧੀ ਟਿੱ-ਪਣੀ ਕੀਤੀ ਗਈ ਹੈ ਕਿ ਪੰਜਾਬ ਸਰਕਾਰ ਨੂੰ ਗਰੀਬ ਅਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਬੱਚਿਆਂ ਨੂੰ ਪ੍ਰਾਈਵੇਟ ਅਤੇ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ 'ਆਰਟੀਈ ਐਕਟ-2009' ਤਹਿਤ 25% ਸੀਟਾਂ ਵਿੱਚ ਪਹਿਲੀ ਕਲਾਸ (ਪ੍ਰੀ ਨਰਸਰੀ ) ਤੋਂ ਮੁਫ਼ਤ ਦਾਖਲਾ ਨਾ ਦੇ ਕੇ ਰਾਖਵਾਂਕਰਨ ਦੇ ਲਾਭਾਂ ਤੋਂ ਇਨਕਾਰੀ ਕੀਤਾ ਹੈ। ਇਹ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਨਾਲ ਘੋਰ ਅਨਿਆਂ ਹੈ ਅਤੇ ਉਨਾਂ ਨੂੰ ਮਿਆਰੀ ਸਿੱਖਿਆ ਤੋਂ ਵਾਂਝੇ ਰੱਖਿਆ ਗਿਆ ਹੈ। ਇਨ੍ਹਾਂ ਵਿੱਚ ਜਿਆਦਾਤਰ ਬੱਚੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹਨ।

ਬਲਦੇਵ ਭਾਰਤੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਪਾਸੋਂ ਮੰਗ ਕੀਤੀ ਕਿ ਵਿੱਦਿਅਕ ਸਾਲ 2023-24 ਦੌਰਾਨ ਇਸ ਗੈਰ ਸੰਵਿਧਾਨਿਕ ਨੋਟੀਫੀਕੇਸ਼ਨ ਮਿਤੀ 10-10-2011 ਵਿੱਚ ਤੁਰੰਤ ਬਣਦੀ ਸੋਧ ਕਰਕੇ ਇਸ ਕਾਨੂੰਨ ਤਹਿਤ ਪ੍ਰਾਈਵੇਟ ਅਤਿ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ 25% ਸੀਟਾਂ ਉੱਤੇ ਪ੍ਰੀ ਨਰਸਰੀ ਤੋਂ ਅੱਠਵੀਂ ਤੱਕ ਗਰੀਬ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਮੁਫਤ ਦਾਖਲਾ ਸੁਨਿਸ਼ਚਿਤ ਕੀਤਾ ਜਾਵੇ ਅਤੇ ਗਰੀਬ ਬੱਚਿਆਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਕੀਤੀ ਜਾਵੇ।

## ਬੇਮੌਸਮੀ ਬਰਸਾਤ ਕਾਰਨ ਫਸਲਾਂ ਦੇ ਹੋਏ ਖ਼ਰਾਬੇ ਦਾ ਡਿਪਟੀ ਕਮਿਸ਼ਨਰ ਨੇ ਲਿਆ ਜਾਇਜ਼ਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਕੁਝ ਦਿਨਾਂ ਤੋਂ ਹੋਈ ਬੇਮੌਸਮੀ ਬਰਸਾਤ ਕਾਰਨ ਫਸਲਾਂ ਦੇ ਹੋਏ ਖ਼ਰਾਬੇ ਸਬੰਧੀ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਪਿੰਡ ਭਟੋਲੀਆਂ, ਰੋੜਾਂ, ਫ਼ਾਂਬੜਾ ਆਦਿ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਫ਼ਸਲਾਂ ਦੇ ਹੋਏ ਖ਼ਰਾਬੇ ਦਾ ਮੁਆਇਨਾ ਕਰਦਿਆਂ ਕਿਹਾ ਕਿ ਬੇਮੌਸਮੀ ਬਰਸਾਤ ਕਾਰਨ ਜਿਨ੍ਹਾਂ ਕਿਸਾਨਾਂ ਦਾ ਖਰਾਬਾ ਹੋਇਆ ਹੈ, ਉਨ੍ਹਾਂ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਮੁਆਵਜ਼ੇ ਲਈ ਰਿਪੋਰਟ ਸਰਕਾਰ ਨੂੰ ਭੇਜੀ ਜਾਵੇਗੀ ਅਤੇ ਫਸਲਾਂ ਦੇ ਹੋਏ ਨੁਕਸਾਨ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇਗਾ। ਇਸ ਦੌਰਾਨ ਐਸ।ਡੀ।ਐਮ। ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ



ਬੈਂਸ, ਮੁੱਖ ਖੇਤੀਬਾੜੀ ਅਫ਼ਸਰ ਡਾ ਗੁਰਦੇਵ ਸਿੰਘ ਤੋਂ ਇਲਾਵਾ ਮਾਲ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਕਿਸਾਨ ਵੀ ਹਾਜ਼ਰ ਸਨ।

# ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗੀ ਜੀਵਨ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋ ਦਿਸ਼ਾਵਾਂ ਵਿਚ 'ਉਦਾਸੀਆਂ' ਕੀਤੀਆਂ। ਅੱਗੇ ਸਾਰੇ ਗੁਰੂ ਸਾਹਿਬਾਨ ਨੇ ਇਸ ਕਾਰਜ ਨੂੰ ਜਾਰੀ ਰੱਖਦਿਆਂ ਧਰਮ ਪ੍ਰਚਾਰ ਲਈ ਦੂਰ ਦੂਰ ਤੱਕ ਪ੍ਰਚਾਰਕ ਦੌਰੇ ਕੀਤੇ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਨਾਲ ਨਾਲ ਚਲਦੀ ਰਹੀ। ਗੁਰੂ ਅਰਜਨ ਦੇਵ ਜੀ ਜਦੋਂ ਅੰਮ੍ਰਿਤਸਰ ਤੋਂ ਪ੍ਰਚਾਰਕ ਦੌਰਾ ਸ਼ੁਰੂ ਕਰਕੇ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ ਤਾਂ ਉਥੇ ਨੇੜਲੇ ਪਿੰਡ ਵਡਾਲੀ ਵਿਖੇ ਬਾਲ (ਗੁਰੂ) ਹਰਿਗੋਬਿੰਦ ਜੀ ਦਾ ਆਗਮਨ 5 ਜੁਲਾਈ 1595 ਨੂੰ ਹੋਇਆ।

ਆਪ ਜੀ ਦੀ ਵਿੱਦਿਆ ਅਤੇ ਸ਼ਸ਼ਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜਲਦੀ ਹੀ ਨਿਪੁੰਨ ਮਹਾਂਬਲੀ ਯੋਧਾ ਬਣ ਗਏ। ਜਦੋਂ ਆਪ ਜੀ ਦੀ ਉਮਰ ਗਿਆਰਾਂ ਕੁ ਸਾਲ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਈਰਖਾ ਹੇਠ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਪੈਣਗੇ। ਉਹਨਾਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਦੀ ਹੈ। ਇਸੇ ਫੌਜੀ ਕਾਰਵਾਈ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।


ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ। ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੇ ਰਾਹ ਤੁਰਨ ਲਈ, ਆਪ ਜੀ ਨੇ ਦੋ ਤਲਵਾਰਾਂ 'ਮੀਰੀ ਤੇ ਪੀਰੀ' ਧਾਰਨ ਕਰ ਲਈਆਂ। ਗੁਰੂ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿੱਦਿਆ, ਘੋੜ ਸਵਾਰੀ ਦੇ ਅਭਿਆਸਾਂ ਨਾਲ ਸੂਰਮਿਆਂ ਦੀ ਫੌਜ ਬਣਾ ਲਿਆ। ਮਾਲਵੇ ਦੁਆਬੇ ਦੇ 500 ਜੁਆਨ ਗੁਰੂ ਜੀ ਦੀ ਮਦਦ ਵਿਚ ਅੱਗੇ ਆਏ। ਗੁਰੂ ਜੀ ਦੇ ਸਮਾਜਿਕ ਕੰਮਾਂ ਜਿਵੇਂ ਬਿਪਤਾ ਅਤੇ ਕਾਲ ਦੇ ਸਮੇਂ ਸੰਗਤਾਂ ਦੀ ਸੇਵਾ ਕਰਨ ਅਤੇ ਸਾਂਝੀਵਾਲਤਾ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ।

ਸੰਨ 1609 ਵਿਚ ਗੁਰੂ ਜੀ ਨੇ ਅਕਾਲ ਤਖਤ ਦੀ ਉਸਾਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕਰ ਲਈ। ਸੂਰਮਿਆਂ ਵਿਚ ਬੀਰ-ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਪਹਿਲਾ ਢਾਡੀ ਅਬਦੁੱਲਾ ਸੀ। ਗੁਰੂ ਜੀ ਦੀ ਵਧਦੀ ਹਰਮਨਪਿਆਰਤਾ ਤੋਂ ਜਹਾਂਗੀਰ ਔਖਾ ਸੀ। ਸੰਨ 1612 ਵਿਚ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦ ਸਨ। ਜਿਹਨਾਂ ਨਾਲ ਬੜਾ ਮਾੜਾ ਸਲੂਕ ਹੋ ਰਿਹਾ ਸੀ। ਉਹ ਸਾਰੇ ਗੁਰੂ ਜੀ ਦੇ ਸਤਸੰਗੀ ਬਣ ਗਏ। ਫਕੀਰ ਮੀਆਂ ਮੀਰ ਦੇ ਕਹਿਣ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਹੋਏ। ਗੁਰੂ ਜੀ ਨੇ 52 ਰਾਜੇ ਵੀ ਰਿਹਾਅ ਕਰਨ 'ਤੇ ਸਹਿਮਤੀ ਦਿੱਤੀ। ਬਾਦਸ਼ਾਹ ਨੂੰ 52 ਰਾਜੇ ਵੀ ਰਿਹਾਅ ਕਰਨੇ ਪਏ। ਉਪਰੰਤ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਨੂੰ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ।

### ਗੁਰੂ ਜੀ ਦਾ ਜੰਗੀ ਜੀਵਨ

**1. ਅੰਮ੍ਰਿਤਸਰ ਦੀ ਜੰਗ-** ਮੁਗਲ ਬਾਦਸ਼ਾਹ ਜਹਾਂਗੀਰ ਦੀ 1627 ਵਿਚ ਮੌਤ ਹੋ ਗਈ, ਉਸਦਾ ਪੁੱਤਰ ਸ਼ਾਹਜਹਾਂ ਤਖਤ 'ਤੇ ਬੈਠਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਵਿਰੁੱਧ ਉਸਦੇ ਕੰਨ ਭਰੇ। ਉਹ ਸਿੱਖਾਂ ਨਾਲ ਟੱਕਰ ਲੈਣ ਦਾ ਬਹਾਨਾ ਲੱਭਦਾ ਸੀ। 1628 ਨੂੰ ਅੰਮ੍ਰਿਤਸਰ ਦੇ ਨੇੜੇ ਗੁਮਟਾਲਾ ਵਿਖੇ ਸ਼ਾਹੀ ਸ਼ਿਕਾਰ ਖੇਡਿਆ ਜਾ ਰਿਹਾ ਸੀ, ਉਧਰ ਹੀ ਸਿੱਖਾਂ ਦਾ ਅਭਿਆਸੀ ਸ਼ਿਕਾਰੀ ਜਥਾ ਵੀ ਸ਼ਿਕਾਰ ਖੇਡ ਰਿਹਾ ਸੀ। ਬਾਦਸ਼ਾਹ ਦਾ ਇਕ ਬਾਜ ਸਿੱਖਾਂ ਦੇ ਹੱਥ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀ ਬੜੇ ਰੋਹਬ ਨਾਲ ਬਾਜ਼ ਵਾਪਸ ਮੰਗਣ ਆਏ। ਸਿੱਖਾਂ ਨੇ ਬਾਜ ਨਾ ਮੋੜਿਆ। ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਦੀ ਫੌਜ ਭੇਜੀ।

ਗੁਰੂ ਜੀ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਵਿਚ ਸਨ। ਗੁਰੂ ਜੀ ਦੀ ਕੋਈ ਜੰਗੀ ਤਿਆਰੀ ਵੀ ਨਹੀਂ ਸੀ। ਜੰਗੀ ਸਮਾਨ ਵੀ ਕਾਫੀ ਨਹੀਂ ਸੀ। ਮੁਗਲਾਂ ਨੇ ਪਹਿਲਾਂ ਲੋਹਗੜ੍ਹ ਦੇ ਕਿਲੇ ਤੇ ਹਮਲਾ ਕੀਤਾ। ਥੋੜ੍ਹੇ ਜਿਹੇ ਸਿੱਖਾਂ ਨੇ ਸਖਤ ਮੁਕਾਬਲਾ ਕੀਤਾ। ਮੁਗਲਾਂ ਨੇ ਸ਼ਹਿਰ ਨੂੰ ਲੁੱਟਿਆ। ਉਹਨਾਂ ਨੇ ਗੁਰੂ ਜੀ ਦੀ ਜਾਇਦਾਦ ਅਤੇ ਪਵਿੱਤਰ ਨਿਵਾਸ ਨੂੰ ਵੀ ਲੁੱਟਿਆ। ਦੂਸਰੇ ਦਿਨ ਲੜਾਈ ਪਿਪਲੀ ਸਾਹਿਬ ਦੇ ਕੋਲ ਖਾਲਸਾ ਕਾਲਜ ਵਾਲੀ ਥਾਂ 'ਤੇ ਹੋਈ। ਗੁਰੂ ਜੀ ਦੇ ਨਾਲ ਸੂਰਬੀਰ ਯੋਧੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਪੈਂਦੇ ਖਾਂ ਆਦਿ ਸਨ। ਸਿੰਘਾਂ ਨੇ ਮੁਗਲਾਂ ਨੂੰ ਬਹੁਤ ਭਜਾਇਆ। ਤੀਸਰੇ ਦਿਨ ਦੀ ਲੜਾਈ ਵਿਚ ਭਾਰੀ ਕਤਲੇਆਮ ਹੋਇਆ। ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ। ਦੁਸ਼ਮਣ ਦੀ ਗਿਣਤੀ ਵਧੇਰੇ ਸੀ। ਗੁਰੂ ਜੀ ਕੋਲ 700 ਸਿਪਾਹੀ ਸਨ। ਗੁਰੂ ਜੀ ਨੇ ਆਪਣਾ ਪਰਿਵਾਰ ਸੁਰੱਖਿਅਤ ਝਬਾਲ ਭੇਜ ਦਿੱਤਾ। ਘਮਸਾਨ ਦੀ ਜੰਗ ਵਿਚ ਮੁਗਲਾਂ ਦੇ ਪੈਰ ਉਖੜ ਗਏ। ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਦੇ ਟੋਟੇ ਕਰ ਦਿੱਤੇ। ਉਸ ਦੇ ਮਰਨ ਤੇ ਮੁਗਲ ਫੌਜ ਮੈਦਾਨ ਛੱਡ ਗਈ। ਮੁਗਲਾਂ ਅਤੇ ਸਿੱਖਾਂ ਦੀ ਇਸ ਪਹਿਲੀ ਹਥਿਆਰਬੰਦ ਜੰਗ ਵਿਚ ਗੁਰੂ ਜੀ ਦੀ ਪਹਿਲੀ ਜਿੱਤ ਸੀ। ਅਗਲੇ ਦਿਨ ਗੁਰੂ ਜੀ ਨੇ ਬੀਬੀ ਵੀਰੋ ਦਾ ਵਿਆਹ ਝਬਾਲ ਦੇ ਚੌਧਰੀ ਭਾਈ ਲੰਗਾਹ ਦੇ ਘਰ ਕਰ ਦਿੱਤਾ। ਇਸ ਪਹਿਲੀ ਜੰਗ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸੁਸ਼ੋਭਿਤ ਹੈ।




ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

**2. ਹਰਿਗੋਬਿੰਦਪੁਰ ਦੀ ਜੰਗ (1630)-** ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਾਲੇ ਕਰਤਾਰਪੁਰ ਚਲੇ ਗਏ। ਉਥੋਂ ਆਪ ਗੁਰਦਾਸਪੁਰ ਦੇ ਨਗਰ ਗੋਬਿੰਦਪੁਰ ਗਏ। ਗੁਰੂ ਅਰਜਨ ਦੇਵ ਸਾਹਿਬ ਨੇ ਇਹ ਨਗਰ ਵਸਾਇਆ ਸੀ। ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਸਥਾਰ ਕੀਤਾ ਤਾਂ ਇਸਦਾ ਨਾਂ ਹਰਿਗੋਬਿੰਦਪੁਰ ਪੈ ਗਿਆ। ਇੱਥੋਂ ਦਾ ਮਾਲੀਆ ਅਧਿਕਾਰੀ ਭਗਵਾਨ ਦਾਸ ਘਰੋੜ ਸਿੱਖਾਂ ਨਾਲ ਈਰਖਾ ਕਰਦਾ ਸੀ। ਸੰਨ 1630 ਵਿਚ ਉਹ ਇਕ ਜੰਗ ਵਿਚ ਮਾਰਿਆ ਗਿਆ ਸੀ। ਉਸਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮਦਦ ਮੰਗੀ। ਉਸਨੇ ਚੜ੍ਹਾਈ ਕਰ ਦਿੱਤੀ। ਤਿੰਨ ਦਿਨ ਸਖਤ ਜੰਗ ਹੋਈ। ਅਬਦੁਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਮਾਰ ਮੁਕਾਇਆ। ਜਲੰਧਰ ਦੀ ਫੌਜਮੈਦਾਨ ਛੱੜ ਗਈ। ਗੁਰੂ ਜੀ ਨੇ ਜੰਗੀ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

**3. ਮਹਿਰਾਜ ਦੀ ਜੰਗ (1631)-** ਕਾਬਲ ਦਾ ਮਸੰਦ ਗੁਰੂ ਜੀ ਵਾਸਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਲੈ ਆਇਆ। ਲਾਹੌਰ ਦੇ ਸੂਬੇਦਾਰ ਨੇ ਉਹ ਘੋੜੇ ਖੋਹ ਲਏ। ਭਾਈ ਬਿਧੀ ਚੰਦ ਆਪਣੀ ਜੁਗਤ ਨਾਲ ਉਹ ਘੋੜੇ ਵਾਪਸ ਲੈ ਆਇਆ। ਲਾਲਬੇਗ ਅਤੇ ਕਰਮ-ਬੇਗ ਦੀ ਕਮਾਨ ਹੇਠ 20 ਕੁ ਹਜ਼ਾਰ ਦੀ ਫੌਜ ਗੁਰੂ ਜੀ ਦੇ ਵਿਰੁੱਧ ਚੜ੍ਹ ਆਈ। ਸ਼ਾਹੀ ਫੌਜ 1631 ਵਿਚ ਸਤਲੁਜ ਤੋਂ ਪਾਰ ਆਈ। ਗੁਰੂ ਜੀ ਨੇ ਮਹਿਰਾਜ਼ ਦੇ ਨੇੜੇ ਨਥਾਣੇ ਦੀ ਢਾਬ ਤੇ ਮੋਰਚੇ ਲਾ ਲਏ। ਦੋ ਦਿਨ ਦੀ ਸਖਤ ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਲਲਾ ਬੇਗ ਨੇ ਗੁਰੂ ਜੀ ਨੂੰ ਆਹਮੋ-ਸਾਹਮਣੇ ਜੰਗ ਕਰਨ ਲਈ ਲਲਕਾਰਿਆ। ਪਹਿਲਾਂ ਤੀਰਾਂ ਨਾਲ ਜੰਗ ਹੋਈ, ਫਿਰ ਤਲਵਾਰਾਂ ਨਾਲ। ਲਲਾਬੇਗ ਮਾਰਿਆ ਗਿਆ। ਉਸਦੀ ਫੌਜ ਵੀ ਭੱਜ ਗਈ। ਇਸ ਜੰਗ ਵਿਚ1200 ਸਿੰਘ ਸ਼ਹੀਦ ਹੋਏ। ਸ਼ਾਹੀ ਫੌਜ ਦਾ ਇਸ ਤੋਂ ਵੀ ਵੱਧ ਨੁਕਸਾਨ ਹੋਇਆ। ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਜੰਗ ਦੀ ਜਗ੍ਹਾ ਤੇ ਗੁਰੂਸਰ ਤਾਲ ਬਣਾਇਆ।

**4. ਕਰਤਾਰਪੁਰ ਦੀ ਜੰਗ (1634)-** ਮਹਿਰਾਜ ਦੀ ਜੰਗ ਤੋਂ ਬਾਅਦ ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ। ਕੁਝ ਸਮਾਂ ਪਹਿਲਾਂ ਵੀ ਜਦੋਂ ਗੁਰੂ ਜੀ ਕਰਤਾਰਪੁਰ ਠਹਿਰੇ ਸਨ ਤਾਂ ਉਹਨਾਂ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਹਨਾਂ ਵਿਚ ਪੈਂਦੇ ਖਾਂ ਵੀ ਗੁਰੂ ਜੀ ਦਾ ਵਫਾਦਾਰ ਸੀ। ਪਿਪਲੀ ਸਾਹਿਬ-ਅੰਮ੍ਰਿਤਸਰ ਦੀ ਜੰਗ ਵਿਚ ਇਸਨੇ ਚੰਗੇ ਜੰਗੀ ਜੌਹਰ ਦਿਖਾਏ ਸਨ। ਫਿਰ ਉਸਨੂੰ ਹੰਕਾਰ ਹੋ ਗਿਆ ਕਿ ਗੁਰੂ ਜੀ ਦੀ ਜੰਗੀ ਸ਼ਕਤੀ ਉਸੇ ਕਰਕੇ ਹੀ ਹੈ। ਗੁਰੂ ਜੀ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ। ਉਹ ਬਾਦਸ਼ਾਹ ਕੋਲ ਜਾ ਨੌਕਰ ਹੋਇਆ। ਉਸਨੇ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਤਕੜੀ ਫੌਜ ਭੇਜਣ ਲਈ ਉਕਸਾਇਆ। ਸ਼ਾਹੀ ਫੌਜ ਦੀ ਕਮਾਨ ਕਾਲੇ ਖਾਂ ਕੋਲ ਸੀ। ਕਾਲੇ ਖਾਂ ਅੰਮ੍ਰਿਤਸਰ ਦੀ ਜੰਗ ਵਿਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫੌਜਦਾਰ ਕਤਬ ਖਾਂ ਉਸਦੇ ਸਹਾਇਕ ਸਨ।

ਸੰਨ 1634 ਵਿਚ ਕਰਤਾਰਪੁਰ ਦੀ ਜੰਗ ਹੋਈ। ਸ਼ਾਹੀ ਫੌਜ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਮਾਲ ਦੇ ਜੰਗੀ ਜੌਹਰ ਦਿਖਾਏ। ਇਸ ਧਰਮ ਜੰਗ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੰਘਾਂ ਨੇ ਸ਼ਾਹੀ ਫੌਜ ਨੂੰ ਭੜਥੂ ਪਾ ਦਿੱਤਾ। ਬਾਲ (ਗੁਰੂ) ਤੇਗ ਬਹਾਦਰ ਜੀ ਵੀ 14 ਕੁ ਸਾਲਾਂ ਦੇ ਸਨ, ਕਮਾਲ ਦੀ ਬਹਾਦਰੀ ਨਾਲ ਜੰਗ ਲੜੇ। ਘਮਸਾਨ ਦੀ ਜੰਗ ਵਿਚ ਕਾਲੇ ਖਾਂ ਅਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਦੀ ਗੁਰੂ ਜੀ ਨਾਲ ਹੱਥੋਂ-ਹੱਥ ਜੰਗ ਹੋਈ। ਗੁਰੂ ਜੀ ਨੇ ਉਸਨੂੰ ਪਹਿਲਾਂ ਵਾਰ ਕਰਨ ਅਤੇ ਸਾਰਾ ਗੁੱਸਾ ਕੱਢ ਲੈਣ ਦਾ ਮੋਕਾ ਦਿੱਤਾ। ਉਸਦੇ ਸਾਰੇ ਵਾਰ ਅਸਫਲ ਰਹੇ। ਗੁਰੂ ਜੀ ਨੇ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਉਹ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ। ਗੁਰੂ ਜੀ ਨੇ ਕਿਹਾ ਕਿ ਹੁਣ ਆਪਣੇ ਧਰਮ ਿਆਂ ਕਲਮਾਂ ਪੜ੍ਹਨ ਦਾ ਵੇਲਾ ਹੈ। ਉਹ ਆਖਰੀ ਸਾਹਾਂ 'ਤੇ ਸੀ। ਗੁਰੂ ਜੀ ਨੇ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸਦੇ ਚਿਹਰੇ ਤੇ ਛਾਂ ਕੀਤੀ। ਉਸਨੇ ਕਿਹਾ ਕਿ ਗੁਰੂ ਜੀ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਤੇ ਮੁਕਤੀ ਦਾਤਾ ਹੈ। ਪੈਂਦੇ ਖਾਂ ਦੇ ਮਰਨ ਤੇ ਸ਼ਾਹੀ ਫੌਜ ਵਿਚ ਭਗਦੜ ਮੱਚ ਗਈ, ਉਹ ਨੱਸ ਗਏ। ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।

**5. ਕੀਰਤਪੁਰ ਦੀ ਜੰਗ (1634)-** ਇਹ ਜੰਗ ਗੁਰੂ ਜੀ ਦੇ ਜੰਗੀ ਜੀਵਨ ਦੀ ਆਖਰੀ ਜੰਗ ਸੀ। ਸੰਨ 1634 ਦੀ ਇਹ ਜੰਗ ਪਡਿਆਲਾ ਕਰਕੇ ਵੀ ਜਾਣੀ ਜਾਂਦੀ ਹੈ। ਗੁਰੂ ਜੀ ਜਦੋ ਕੁਰਖਸ਼ੇਤ ਤੋਂ ਕੀਰਤਪੁਰ ਜਾ ਰਹੇ ਸਨ। ਮੁਗਲ ਪਠਾਣ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਈਰਖਾ ਵਿਚ ਸਨ। ਉਹਨਾਂ ਨੇ ਗੁਰੂ ਜੀ ਨੂੰ ਖਰੜ ਵਿਖੇ ਘੇਰਨ ਦੀ ਵਿਉੱਤ ਬਣਾਈ। ਸਿੰਘ ਜੋ 1632 ਤੋਂ ਪਿੰਡ ਨੰਗਲ ਸਿੰਘੀਆਂ ਵਿਖੇ ਰਹਿ ਰਹੇ ਸਨ, ਨੂੰ ਖਬਰ ਮਿਲੀ ਤਾਂ ਉਹ ਗੁਰੂ ਜੀ ਦੀ ਰੱਖਿਆ ਅਤੇ ਸਤਿਕਾਰ ਲਈ ਮੁਗਲ ਪਠਾਣਾਂ ਵਿਰੁੱਧ ਜੰਗ ਵਿਚ ਉਤਰ ਆਏ। ਉਹ ਸਿੰਘ ਆਪਣੇ ਖੂਨ ਦੇ ਆਖਰੀ ਕਤਰੇ ਤੱਕ ਲੜੇ ਅਤੇ ਉਹਨਾਂ ਮੁਗਲ ਪਠਾਣਾਂ ਨੂੰ ਜੰਗ ਵਿਚ ਉਲਝਾਈ ਰੱਖਿਆ। ਉਹਨਾਂ ਗੁਰੂ ਜੀ ਦੇ ਲੰਘਣ ਲਈ ਰਸਤਾ ਸੁਰੱਖਿਅਤ ਬਣਾ ਦਿੱਤਾ। ਜਦੋਂ ਗੁਰੂ ਜੀ ਪਡਿਆਲਾ ਪਹੁੰਚੇ ਤਾਂ ਉਹਨਾਂ ਨੇ ਸ਼ਹੀਦਾਂ ਨੂੰ ਮੁਕਤੀ ਦਾ ਵਰ ਦਿੱਤਾ।

ਸਿੰਘਾਂ ਦਾ ਹੱਥੀਂ ਸਸਕਾਰ ਕਰਕੇ ਗੁਰੂ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ, ਜਿੱਥੇ ਕਿ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਉਸਦੀ ਪਤਨੀ ਦਾ ਡੋਲਾ ਰੋਪੜ ਦੇ ਮੁਗਲ ਪਠਾਣ ਲੈ ਗਏ ਹਨ। ਸਿੰਘਾਂ ਨੇ ਉਹਨਾਂ ਦੀ ਰੱਖਿਆ ਵਿਚ ਮੁਗਲ ਪਠਾਣਾਂ ਨੂੰ ਭਜਾ ਦਿੱਤਾ। ਗੁਰੂ ਜੀ ਨੇ ਇਸ ਮੈਦਾਨ ਵਿਚ ਜਿੱਤ ਦਾ ਨਿਸ਼ਾਨ ਸਾਹਿਬ ਲਹਿਰਾਇਆ, ਜਿੱਥੇ ਗੁਰਦੁਆਰਾ ਝੰਡਾ ਸਾਹਿਬ ਪਡਿਆਲਾ ਕੁਰਾਲੀ ਸੁਸ਼ੋਭਿਤ ਹੈ।

ਗੁਰੂ ਜੀ ਦਾ ਉਪਦੇਸ਼ ਹੈ ਕਿ ਸ਼ਬਦ ਗੁਰੂ ਦੇ ਗਿਆਨ ਨਾਲ ਕਰਮਕਾਂਡਾਂ ਝੂਠੇ ਕਰਮਾਂ ਦੀ ਕੈਦ ਵਿਚੋਂ ਮੁਕਤ ਹੋਣਾ ਹੈ। ਉਹਨਾਂ ਰਾਮਸਰ ਬਿਬੇਕ ਸਰ ਨਾਂ ਦੇ ਸਰੋਵਰ ਬਣਾਏ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਤ ਬਣਾਉਣ ਵਾਸਤੇ ਲੋਹਗੜ੍ਹ ਕਿਲਾ ਉਸਾਰਿਆ।


# ਸੰਤ ਅਤਰ ਸਿੰਘ ਖਾਲਸਾ ਸੈਕੰਡਰੀ ਸਕੂਲ ਪਾਲਦੀ

**ਰੀਵਿਊਕਾਰ: ਬਲਜਿੰਦਰ ਮਾਨ 98150-189478**
**ਲੇਖਕ/ਸੰਪਾਦਕ: ਅਜੀਤ ਲੰਗੇਰੀ**
**ਪ੍ਰਕਾਸ਼ਕ: ਦਰਜ ਨਹੀਂ, ਮੁੱਲ: ਭੇਟਾ ਰਹਿਤ**

1923 ਵਿਚ ਮਾਹਿਲਪੁਰ ਲਾਗਲੇ ਪਿੰਡ ਪਾਲਦੀ ਵਿਚ ਸੰਤ ਅਤਰ ਸਿੰਘ ਖਾਲਸਾ ਸਕੂਲ ਦੀ ਸਥਾਪਨਾ ਕਰਨਾ ਆਪਣੇ ਆਪ ਵਿਚ ਇਕ ਨਿਆਰਾ ਉੱਦਮ ਸੀ। ਉਸ ਜ਼ਮਾਨੇ ਇਸ ਪਿੰਡ ਦੇ ਲੋਕ ਕਿੰਨੇ ਅਗਾਂਹ ਵਧੂ ਖਿਆਲਾਂ ਦੇ ਮਾਲਕ ਹੋਣਗੇ ਜਿਨ੍ਹਾਂ ਗੁਲਾਮੀ ਵਿਚ ਵੀ ਆਪਣੇ ਦਿਲ ਦਿਮਾਗ ਦੇ ਬੰਦ ਬੂਹੇ ਬਾਰੀਆਂ ਖੋਲ੍ਹਣ ਵਾਸਤੇ ਵਿੱਦਿਆ ਦਾ ਇਹ ਕੇਂਦਰ ਸਥਾਪਤ ਕੀਤਾ।

ਸਾਲ 2023 ਵਿਚ ਇਸ ਸੰਸਥਾ ਦੀ ਸ਼ਤਾਬਦੀ ਮਨਾਈ ਗਈ ਜਿਸ ਵੇਲੇ ਹੱਥਲੀ ਪੁਸਤਕ 'ਸੰਤ ਅਤਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਪਾਲਦੀ' (ਹੁਸ਼ਿਆਰਪੁਰ) ਦਾ ਵਿਮੋਚਨ ਦੇਸ਼ ਵਿਦੇਸ਼ ਵਿਚ ਵਸਦੇ ਇਸ ਸੰਸਥਾ ਨਾਲ ਪ੍ਰੇਮ ਪਾਲਣ ਵਾਲੇ ਭਲੇ ਪੁਰਸ਼ਾਂ ਵਲੋਂ ਕੀਤਾ ਗਿਆ।

ਹੱਥਲੀ ਪੁਸਤਕ ਦੇ 160 ਪੰਨਿਆਂ ਤੇ ਸ਼ਬਦਾਂ ਦੀ ਲੋਅ ਅਤੇ 128 ਪੰਨਿਆਂ ਤੇ ਤਸਵੀਰਾਂ ਦੀਆਂ ਝਲਕਾਂ ਪੈਂਦੀਆਂ ਹਨ। ਪੂਰੇ ਸੌ ਸਾਲ ਦੇ ਇਤਿਹਾਸ ਨੂੰ ਇਹਨਾਂ ਪੰਨਿਆਂ ਤੇ ਸੰਭਾਲਣ ਦਾ ਉਪਰਾਲਾ ਜਿਸ ਨੇਕ ਨੀਤੀ ਨਾਲ ਲੇਖਕ ਤੇ ਸੰਪਾਦਕ ਪ੍ਰੋ. ਅਜੀਤ ਲੰਗੇਰੀ ਹੁਰਾਂ ਕੀਤਾ ਹੈ ਉਹ ਵੀ ਕਮਾਲ ਦੀ ਕਲਾਕਾਰੀ ਹੈ। ਐਨੇ ਲੰਮੇ ਸਮੇਂ ਦੇ ਇਤਿਹਾਸ ਨੂੰ ਕੁੱਝ ਪੰਨਿਆਂ ਤੇ ਸੰਭਾਲਣ ਲਈ ਸਕੂਲ ਸਟਾਫ਼ ਅਤੇ ਪ੍ਰਬੰਧਕੀ ਕਮੇਟੀ ਨੇ ਪੂਰੀ ਤਨ ਦੇਹੀ ਨਾਲ ਯੋਗਦਾਨ ਪਾਇਆ। ਵੀਹਵੀਂ ਸਦੀ ਦੇ ਸ਼ੁਰੂ ਵਿਚ ਪਾਲਦੀ ਪਿੰਡ ਦੇ ਬਜ਼ੁਰਗ ਮਈਓ ਸਿੰਘ ਨੇ ਕਨੈਡਾ ਜਾ ਕੇ ਕਾਰੋਬਾਰ ਅਰੰਭਿਆ ਅਤੇ ਪਾਲਦੀ ਨਾਮੀ ਪਿੰਡ ਹੀ ਆਬਾਦ ਕਰ ਦਿੱਤਾ ਸੀ। ਅਜਿਹੀ ਅਮੀਰ ਵਿਰਾਸਤ ਦੇ ਮਾਲਕ ਹਨ ਪਿੰਡ ਪਾਲਦੀ ਅਤੇ ਇਸ ਇਲਾਕੇ ਦੇ ਵਾਸੀ। ਪੰਜਾਹ ਵੰਨ ਸੁਵੰਨੇ ਆਰਟੀਕਲ ਸ਼ਾਮਲ ਕਰਕੇ ਇਸ ਇਤਿਹਾਸ ਨੂੰ ਨਵੀਂ ਪਨੀਰੀ ਹਵਾਲੇ ਕਰਨ ਦਾ ਯਤਨ ਕੀਤਾ ਗਿਆ ਹੈ। ਨਗੀਨਾ ਸਿੰਘ ਜੰਗੀ ਅਤੇ ਪ੍ਰਿੰਸੀਪਲ ਜਗਤਾਰ ਸਿੰਘ ਮਿਨਹਾਸ ਦੇ ਪਰਿਵਾਰ ਵਲੋਂ ਦਿੱਤੀ ਦੇਣ ਨੂੰ ਸਦਾ ਯਾਦ ਰੱਖਿਆ ਜਾਵੇਗਾ। ਇਸ ਸੰਸਥਾ ਦੁਆਰਾ ਪੈਦਾ ਕੀਤੇ ਵਿਦਿਆਰਥੀਆਂ ਨੇ ਦੇਸ਼ ਵਿਦੇਸ਼ ਵਿਚ ਸ਼ਾਨਦਾਰ ਰੁਤਬੇ ਹਾਸਲ ਕੀਤੇ ਹਨ। ਵਿੱਦਿਅਕ ਖੇਤਰ ਵਿਚ ਉਜਾਗਰ ਸਿੰਘ ਬੰਗਾ ਡੀ.ਪੀ.ਆਈ (ਕਾਲਜਾਂ) ਪੰਜਾਬ ਤਕ ਦੇ ਅਹੁਦਿਆ ਤਕ ਪੁੱਜੇ। ਇਸ ਸੰਸਥਾ ਨਾਲ ਜੁੜੇ ਬਲਦੇਵ ਸਿੰਘ ਬੰਗਾ ਨੇ ਵੀ ਉਸ ਚਾਲੀ ਸਾਲ ਦੀਆਂ ਯਾਦਾਂ ਨੂੰ ਚਾਰ ਪੰਨਿਆਂ ਤੇ ਸਮੇਟਣ ਦਾ ਯਤਨ ਕੀਤਾ ਹੈ। ਸ਼ਾਇਦ ਕੋਈ ਅਜਿਹਾ ਪਹਿਲੂ ਹੋਵੇਗਾ ਜਿਸਦਾ ਜ਼ਿਕਰ ਨਹੀ ਹੋ ਸਕਿਆ।




ਮੈਨੇਜਿੰਗ ਕਮੇਟੀ ਵਿਚ ਸ਼ਾਮਲ ਪ੍ਰਿੰ: ਅਜੀਤ ਸਿੰਘ, ਯਾਦਵਿੰਦਰ ਸਿੰਘ, ਜਗਜੀਤ ਸਿੰਘ ਕਾਕਾ, ਕੁਲਵੰਤ ਸਿੰਘ ਜੰਗੀ, ਮੁਹਿੰਦਰਜੀਤ ਸਿੰਘ ਮਿਨਹਾਸ, ਗੁਰਬਚਨ ਸਿੰਘ ਮਿਨਹਾਸ, ਪ੍ਰਿੰ: ਸ਼ਿਵ ਕੁਮਾਰ, ਸਰਬਜੀਤ ਸਿੰਘ ਮੰਜ, ਬ੍ਰਿਜ ਮਣੀ ਸਮੇਤ ਸਟਾਫ਼ ਅਤੇ ਇਸ ਸੰਸਥਾ ਨਾਲ ਸਬੰਧਤ ਹਰ ਖਿਡਾਰੀ, ਕੋਚ, ਅਧਿਆਪਕ ਅਤੇ ਹੋਰ ਖੇਤਰਾਂ ਵਿਚ ਮੱਲਾਂ ਮਾਰਨ ਵਾਲੇ ਸੱਜਣਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇੰਜ ਇਸ ਪੁਸਤਕ ਦਾ ਘੇਰਾ ਵਿਸ਼ਵ ਵਿਆਪੀ ਬਣ ਜਾਂਦਾ ਹੈ। ਸੰਸਥਾ ਦੇ ਪ੍ਰਬੰਧਕਾਂ ਅਤੇ ਦਫ਼ਤਰ ਪ੍ਰਬੰਧਕ ਸਰਬਜੀਤ ਸਿੰਘ ਮੰਜ ਦੀ ਮਿਹਨਤ ਅਤੇ ਲਗਨ ਨੂੰ ਸਲਾਹਿਆ ਗਿਆ ਹੈ। ਇਹ ਪੁਸਤਕ ਸਿੱਖਿਆ ਦੇ ਵਿਕਾਸ ਤੇ ਚਾਨਣਾ ਪਾਉਂਦੀ ਹੈ। ਪੁਸਤਕ ਦੀ ਵੰਨ ਸੁਵੰਨਤਾ ਹਰ ਕਿਸੇ ਆਕਰਸ਼ਿਤ ਕਰਦੀ ਹੈ। ਪ੍ਰਿੰ: ਵਿਜੈ ਕੁਮਾਰ ਵਰਗੇ ਸਿੱਖਿਆ ਸ਼ਾਸਤਰੀਆਂ ਦੇ ਲੇਖ ਇਸਦੇ ਮੱਲ ਵਿਚ ਵਾਧਾ ਕਰਦੇ ਹਨ।ਵਿੱਦਿਅਕ ਸੰਸਥਾਵਾਂ ਦੀ ਉਸਾਰੀ ਪਿੱਛੇ ਕੰਮ ਕਰਦੀ ਨਰੋਈ ਸੋਚ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਹਜ਼ਾਰਾ ਲੱਖਾਂ ਵਿਅਕਤੀਆਂ ਨੂੰ ਰੁਜ਼ਗਾਰ ਦੇ ਯੋਗ ਅਤੇ ਮੁਕੰਮਲ ਇਨਸਾਨ ਬਨਾਉਣ ਵਾਲੀ ਇਹ ਸੰਸਥਾ ਸਦਾ ਮਹਿਕਾ ਵੰਡਦੀ ਰਹੇ।

ਸਭ ਦੀ ਇਹੀ ਦੁਆ ਹੈ।

**- ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**

# ‘ਹਿੰਦ ਦੀ ਚਾਦਰ’ ਗੁਰੂ ਤੇਗ ਬਹਾਦਰ ਜੀ



ਗੁਰੂ ਤੇਗ ਬਹਾਦਰ ਜੀ ਦਾ ਇਸ ਸ੍ਰਿਸ਼ਟੀ ’ਤੇ ਪ੍ਰਕਾਸ਼ (ਜਨਮ) 18 ਅਪ੍ਰੈਲ, 1621 ਈਸਵੀ ਦਿਨ ਬੁੱਧਵਾਰ ਨੂੰ ਅੰਮ੍ਰਿਤਸਰ, ਪੰਜਾਬ, ਭਾਰਤ ਵਿਚ ਹੋਇਆ। ਉਹ ਸਿੱਖ ਧਰਮ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਪੁੱਤਰ ਸਨ। ਉਹ 16 ਅਪ੍ਰੈਲ, 1664 ਈਸਵੀ ਨੂੰ ਆਪਣੇ ਪੋਤੇ-ਭਤੀਜੇ ਅਤੇ ਅੱਠਵੇਂ ਗੁਰੂ, ਗੁਰੂ ਹਰਿਕ੍ਰਿਸ਼ਨ ਜੀ ਦੇ ਨਕਸ਼ੇ-ਕਦਮਾਂ ’ਤੇ ਚੱਲਦਿਆਂ ਗੁਰੂ ਬਣੇ ਸਨ।

ਉਹ ਇਕ ਕਵੀ, ਇਕ ਚਿੰਤਕ ਅਤੇ ਇਕ ਯੋਧਾ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਤੋਂ ਬਾਅਦ ਦੇ ਸਿੱਖ ਗੁਰੂਆਂ ਦੀ ਪਵਿੱਤਰਤਾ ਅਤੇ ਬ੍ਰਹਮਤਾ ਦੇ ਪ੍ਰਕਾਸ਼ ਨੂੰ ਅੱਗੇ ਵਧਾਇਆ। ਉਹਨਾਂ ਦੀਆਂ ਅਧਿਆਤਮਕ ਲਿਖਤਾਂ, ਪ੍ਰਮ-ਾਤਮਾ ਦੀ ਪ੍ਰਕਿਰਤੀ, ਮਨੁੱਖੀ ਮੋਹ, ਤਨ, ਮਨ, ਦੁੱਖ, ਮਾਣ, ਸੇਵਾ, ਮੌਤ ਅਤੇ ਮੁਕਤੀ ਵਰਗੇ ਵਿਭਿੰਨ ਵਿਸ਼ਿਆਂ ਦਾ ਵੇਰਵਾ ਦਿੰਦੀਆਂ ਹਨ।’ਸ੍ਰੀ ਗੁਰੂ ਗ੍ਰੰਥ ਸਾਹਿਬ ’ਚ ਉਹਨਾਂ ਦੀਆਂ 116 ਕਾਵਿਕ ਭਜਨਾਂ ਦੀਆਂ ਰਚਨਾਵਾਂ ਦਰਜ ਹਨ, ਗੁਰੂ ਸਾਹਿਬ ਜੀ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਫੈਲਾਉਣ ਲਈ ਭਾਰਤੀ ਉਪ-ਮਹਾਂਦੀਪ ਦੀ ਵਿਆਪਕ ਯਾਤਰਾ ਕੀਤੀ ਤੇ ਕਈ ਨਵੇਂ ਸਿੱਖ ਧਰਮ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕੀਤੇ। ਉਹਨਾਂ ਨੇ ਪੰਜਾਬ ਵਿਚ ਚੱਕ-ਨਾਨਕੀ ਦੇ ਕਸਬੇ ਦੀ ਸਥਾਪਨਾਂ ਕੀਤੀ, ਜਿਸ ਨੂੰ ਬਾਅਦ ਵਿਚ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਸ਼ਹਿਰ ਵਿਚ ਵੱਡਾ ਕੀਤਾ।



ਪ੍ਰੋ: ਐਚ.ਐਲ.ਕਪੂਰ

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ। ਸੰਸਾਰ ਦੇ ਇਤਿਹਾਸ ’ਚ ਧਰਮ ਤੇ ਮਾਨਵੀਯ ਕਦਰਾਂ-ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾ-ਲਿਆਂ ’ਚੋਂ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸਿਰਮੌਰ ਹੈ।

ਇਹ ਗੱਲ ਵਿਸ਼ੇਸ਼ ਤੌਰ ’ਤੇ ਧਿਆਨ ਦੇਣ ਵਾਲੀ ਹੈ ਕਿ ਭਾਰਤ ਤੋਂ ਇਲਾਵਾ ਜਿੱਥੇ-ਜਿੱਥੇ ਵੀ ਇਸਲਾਮ ਧਰਮ ਗਿਆ, ਸੀਰੀਆ, ਇਰਾਨ, ਇਰਾਕ, ਮਿਸਰ ਆਦਿ ਦੇਸ਼ਾਂ ’ਚ ਉਥੋਂ ਦੇ ਪ੍ਰਸ਼ਾਸਕਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਤੋਂ ਬਾਅਦ ਉਥੋਂ ਦੀ ਸਾਰੀ ਦੀ ਸਾਰੀ ਪਰਜਾ ਨੇ ਬੜੇ ਥੋੜ੍ਹੇ ਹੀ ਸਮੇਂ ’ਚ ਇਸਲਾਮ ਧਰਮ ਗ੍ਰਹਿਣ ਕਰ ਲਿਆ ਪਰ ਇਸ ਦੇ ਬਾਵਜੂਦ ਵੀ ਭਾਰਤੀਯ ਧਰਮ, ਪੰਥ ਦੀ ਉਦਾਰਤਾ ਨੇ ਵੀ ਇਸਲਾਮ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਬੜਾ ਮਹ-ਤਵਪੂਰਨ ਯੋਗਦਾਨ ਪਾਇਆ। ਅਕਬਰ ਤੋਂ ਬਾਅਦ ਜਹਾਂਗੀਰ ਤੇ ਸ਼ਾਹਜਹਾਨ ਨੇ ਵੀ ਉਸੇ ਨੀਤੀ ਨੂੰ ਅਪਣਾਇਆ, ਜਿਹੜੀ ਅਕਬਰ ਨੇ ਲਾਗੂ ਕੀਤੀ ਸੀ। ਸ਼ਾਹਜਹਾਨ ਦੇ ਉਤਰਾਧਿਕਾਰੀ ਔਰੰਗਜ਼ੇਬ ਨੇ ਆਪਣੇ ਪੂਰਵਜਾਂ ਦੀ ਚੱਲੀ ਆ ਰਹੀ ਨੀਤੀ ’ਤੇ ਰੀਤੀ ਨੂੰ ਛੱਡ ਕੇ ਉਹ ਮੁਗਲ ਸਾਮਰਾਜ ਨੂੰ ਇਸਲਾਮੀ ਰਾਜ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਨੇ ਆਪਣੀ ਇਸਲਾਮਿਕ ਨੀਤੀ ਦੇ ਅਨੁਸਾਰ ਰਾਜ ਪ੍ਰਬੰਧ ਚਲਾਉਣ ਲਈ ਹਿੰਦੂ ਜਾਤੀ ਦੇ ਲੋਕਾਂ ਤੇ ਜਜ਼ੀਆ (ਟੈਕਸ) ਲਗਾਇਆ ਤੇ ਕਾਸ਼ੀ ’ਚ ਵਿੱਦਿਆਨਾਥ, ਗੁਜਰਾਤ ’ਚ ਸੋਮਨਾਥ, ਮਥਰਾ ’ਚ ਕੇਸ਼ਵ ਰਾਏ ਆਦਿ ਪ੍ਰਸਿੱਧ ਮੰਦਰਾਂ ਨੂੰ ਤੋੜਨ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਇਲਾਵਾ ਉਸ ਨੇ ਹਿੰਦੂ ਤੇ ਸ਼ਿਵਪੰਥ ਨੂੰ, ਆਪਣੇ ਪੂਰਬਾਂ ਨੂੰ ਸਰਬਜਨਕ ਤੌਰ ’ਤੇ ਮਨਾਉਣ ’ਤੇ ਰੋਕ ਲਗਾ ਦਿੱਤੀ। ਇਸਲਾਮ ਧਰਮ ਅਪਣਾਉਣ ਵਾਲਿਆਂ ਨੂੰ ਪੁਰਸਕਾਰ ਦੇਣੇ ਆਰੰਭ ਕਰ ਦਿੱਤੇ ਤੇ ਇਸਲਾਮ ਧਰਮ ਦੀ ਇਸ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਉੱਚ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਸ਼ੁਰੂ ਕਰ ਦਿੱਤਾ ਤੇ ਜਿਹੜੇ ਲੋਕ ਇਸਲਾਮ ਧਰਮ ਕਬੂਲ ਕਰਦੇ ਉਹਨਾਂ ਨੂੰ, ਉਹ ਅਹੁਦੇ ਤੇ ਪਦਵੀਆਂ ਦਿੱਤੇ ਜਾਣੇ ਸ਼ੁਰੂ ਕਰ ਦਿੱਤੇ। ਉਸ ਦੀ ਇਸ ਸੰਪਰਦਾਇਕ ਕੱਟੜ ਨੀਤੀ ਦਾ ਮੁਗਲ ਰਾਜ ਦੀ ਸਥਿਰਤਾ ’ਤੇ ਬਹੁਤ ਬੁਰਾ ਅਸਰ ਪਿਆ। ਮਥਰਾ ’ਚ ਜਾਟਾਂ ਨੇ, ਪੰਜਾਬ ’ਚ ਸਿੱਖਾਂ ਨੇ, ਰਾਜਪੂਤਾਨੇ ’ਚ ਦੁਰਗਦਾਸ ਰਾਠੌਰ ਨੇ, ਦੱਖਣ ’ਚ ਮਰਾਠਿਆਂ ਨੇ ਔਰੰਗਜ਼ੇਬ ਦੇ ਖ਼ਿਲਾਫ਼, ਉਸ ਦੀ ਇਸ ਕੱਟੜ ਧਾਰਮਿਕ ਨੀਤੀ ਦੇ ਖ਼ਿਲਾਫ਼ ਵਿਦਰੋਹ ਆਰੰਭ ਕਰ ਦਿੱਤਾ। ਇਸ ਦਾ ਇਹ ਅਸਰ ਹੋਇਆ ਕਿ ਔਰੰਗਜ਼ੇਬ ਹਿੰਦੋਸਤਾਨ ’ਚ ਨਾ ਤਾਂ ਇਸਲਾਮੀ ਰਾਜ ਦੀ ਸਥਾਪਨਾ ਕਰਨ ’ਚ ਸਫਲ ਰਿਹਾ ਤੇ ਨਾ ਹੀ ਉਸ ਨੂੰ ਇਸਲਾਮਿਕ ਰਾਜ ਬਣਾਉਣ ’ਚ ਸਫਲ ਹੋਇਆ।

ਇਸ ਸਮੇਂ ਸਿੱਖ ਧਰਮ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਆਪਣੇ ਇਸ ਧਰਮ ਦੀ ਅਗਵਾਈ ਕਰ ਰਹੇ ਸਨ। ਉਹਨਾਂ ਦੇ ਮਨ ’ਚ ਹਿੰਦੂ ਧਰਮ ਪ੍ਰਤੀ ਸਤਿਕਾਰ ਇਸ ਹੱਦ ਤੱਕ ਸੀ, ਇਸ ਗੱਲ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਉਹਨਾਂ ਸਾਹਮਣੇ ਆਪਣਾ ਧਰਮ ਪਰਿਵਰਤਨ ਕਰਨ ਲਈ ਤਿੰਨ ਸੁਆਲ ਰੱਖੇ: (1) ਕੋਈ ਚਮਤਕਾਰ ਦਿਖਾਓ, (2) ਇਸਲਾਮ ਧਰਮ ਕਬੂਲ ਕਰੋ, (3) ਜਾਂ ਫਿਰ ਆਪਣੇ ਪ੍ਰਾਣਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੋ। ਤਦ ਗੁਰੂ ਜੀ ਨੇ ਔਰੰਗਜ਼ੇਬ ਦੇ ਪ੍ਰਸਤਾਵਾਂ ਦਾ ਉੱਤਰ ਦਿੰਦੇ ਹੋਏ ਕਿਹਾ- ਤਿਨ ਤੇ ਸਨਿ ਸ੍ਰੀ ਤੇਗ ਬਹਾਦਰ। ਧਰਮ ਨਿਵਾਰਿਨ ਬਿਖੈ ਬਹਾਦਰ। ਉੱਤਰ ਭਨਯੋ, ਧਰਮ ਹਮ ਹਿੰਦੂ। ਅਤਿ ਪ੍ਰੀਯ ਕੋ ਕਿਮ ਕਰਹਿ ਨਿਕਨਦੂ।। ਲੋਕ ਪਰਲੋਕ ਉਭਯ ਸੁਖਦਾਨੀ ਆਨ ਨ ਪਾਇਆ ਜਾਹਿ ਸਮਾਨੀ। ਮਤਿ ਮਲੀਨ ਮੂਰਖ ਮਤਿ ਜੋਈ। ਇਸ ਕੋ ਤਿਆਗੇ ਪਾਮਰ ਸੋਈ। ਸਮਤਿਵੰਤ ਹਮ ਕਹੁ ਕਿਉ ਤਿਆਗਹਿ। ਧਰਮ ਰਾਖਿਵੇ ਨਿਤ ਅਨੁਰਾਗਹਿ।। ਤਰਿਤਏ ਪਰਾਣ ਹਾਵ ਕੀ ਬਾਤ ਸੋ ਹਮ ਸਹੈ, ਅਪਨੇ ਗਾਤ। ਹਿੰਦੂ ਧਰਮ ਰਖਹਿ ਜਗ ਮਾਂਹੀ। ਤੁਮਰੇ ਕਰੇ ਬਿਨਸ ਯਹ ਨਾਂਹੀ।। ਔਰੰਗਜ਼ੇਬ ਦੀਆਂ ਗੱਲਾਂ ਸੁਣ ਕੇ, ਸਭ ਧਰਮਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਣ ਵਾਲੇ ਵੀਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ ਅਸੀਂ ਸੰਸਾਰ ਦੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਾਂ ਤਾਂ ਅਸੀਂ ਆਪਣੇ ਬਹੁਤ ਹੀ ਪਿਆਰੇ ਹਿੰਦੂ ਧਰਮ ਨੂੰ ਕਿਸ ਤਰ੍ਹਾਂ ਛੱਡ ਸਕਦੇ ਹਾਂ? ਸਾਡਾ ਇਹ ਧਰਮ ਲੋਕ ਤੇ ਪ੍ਰਲੋਕ ਦੋਨਾਂ ਨੂੰ ਸੁੱਖ ਦੇਣ ਵਾਲਾ ਹੈ। ਦੂਸਰਾ ਕੋਈ ਹੋਰ ਧਰਮ ਇਸ ਦੀ ਸਮਾਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮੂਰਖ ਹੈ ਉਹ ਹੀ ਇਸ ਨੂੰ ਤਿਆਗਣ ਦੀ ਗੱਲ ਸੋਚ ਸਕਦਾ ਹੈ। ਉਹ ਨਿਸ਼ਚਿਤ ਤੌਰ ’ਤੇ ਪਾਪੀ ਹੈ। ਇਸ ਤਰ੍ਹਾਂ ਦਾ ਵਿਅੱਕਤੀ ਨਿਸ਼ਚਿਤ ਤੌਰ ’ਤੇ ਹੀ ਇਸ ਲੋਕ ’ਚ ਅਤਿਅੰਤ ਦੁੱਖ ਪਾਉਂਦਾ ਹੈ। ਤੇ ਯਮਰਾਜ ਵੀ ਉਸ ਨੂੰ ਦੰਡ ਦਿੰਦਾ ਹੈ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਧਰਮ ਦੀ ਰੱਖਿਆ ਕਰੀਏ। ਪ੍ਰਾਣ ਦੇਣ ਦੀ ਜੋ ਤੁਸੀਂ ਤੀਜੀ ਗੱਲ ਕਹੀ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਆਪਣੇ ਸਰੀਰ ’ਤੇ ਅੱਤਿਆਚਾਰ ਝੱਲ ਕੇ ਤੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਆਪਣੇ ਧਰਮ ਦੀ ਰੱਖਿਆ ਕਰ ਲਵਾਂਗੇ। ਇਹ ਧਰਮ ਤੁਹਾਡੇ ਯਤਨਾਂ ਨਾਲ ਖਤਮ ਹੋਣ ਵਾਲਾ ਨਹੀਂ ਹੈ। ਇਸ ਉਕਤ ਵਾਰਤਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਤੋਂ ਮੁਗਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਆਪਣੇ ਸਿੱਖ ਮਿਸ਼ਨਰੀ ਪ੍ਰਚਾਰ ਲਈ ਉਥੋਂ ਪਹੁੰਚੇ ਹੋਏ ਸਨ। ਗ੍ਰਿਫ਼ਤਾਰੀ ਸਮੇਂ ਉਨ੍ਹਾਂ ’ਤੇ ਬਹੁਤ ਅੱ-ਤਿਆਚਾਰ ਕੀਤੇ ਗਏ। ਉਨ੍ਹਾਂ ਨੂੰ ਲੋਹੇ ਦੇ ਇਕ ਤੰਗ ਪਿੰਜਰੇ ‘ਚ ਕਈ ਦਿਨਾਂ ਤੱਕ ਬੰਦ ਰੱਖਿਆ ਗਿਆ। ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਰਧਾਲੂ ਸਿੱਖ ਭਾਈ ਮਤੀ ਦਾਸ ਜੀ ਨੂੰ ਦੋ ਥੰਮਾਂ ਦੇ ਵਿਚਕਾਰ ਬੰਨ੍ਹਿਆ ਗਿਆ ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਨੂੰ ਜਿਉਂਦਿਆਂ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਬਹੁਤ ਤਸੀਹੇ ਦੇਣ ਉਪਰੰਤ ਜਿਉਂਦਿਆਂ ਨੂੰ ਉਬਲਦੀ ਦੇਗ ’ਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ ’ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਸੂਤੀ ਰੂੰ ’ਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਤੇ ਸ਼ਹੀਦ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਕਈ ਦਿਨਾਂ ਤੱਕ ਆਪਣੇ ਸਰੀਰ ’ਤੇ ਸ਼ਾਂਤ-ਚਿੱਤ ਰਹਿ ਕੇ ਤਸ਼ੱਦਦ ਝੱਲੇ। ਅਖੀਰ ਨਵੰਬਰ 11, 1675 ਈਸਵੀ ਨੂੰ ਆਮ ਜਨਤਾ ਦੀ ਲੱਗੀ ਭੀੜ ’ਚ ਜਲਾਦ ਨੇ ਆਪਣੀ ਤਲਵਾਰ ਨਾਲ ਜਦੋਂ ਗੁਰੂ ਜੀ ਇਕਾਂਤ ਚਿੱਤ ਹੋ ਕੇ ਪਾਠ ਕਰ ਰਹੇ ਸਨ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਤੇ ਧੜ, ਧੂੜ ‘ਚ ਪਿਆ ਸੀ ਤੇ ਬਾਹਰ ਖੜ੍ਹੀ ਲੋਕਾਈ ’ਚੋਂ ਕਿਸੇ ਨੇ ਵੀ ਬਾਦਸ਼ਾਹ ਤੋਂ ਡਰਦਿਆਂ ਗੁਰੂ ਜੀ ਦੇ ਸਰੀਰ ਤੇ ਸੀਸ ਨੂੰ ਚੁੱਕਣ ਦਾ ਹੌਸਲਾ ਨਹੀਂ ਕੀਤਾ। ਥੋੜ੍ਹੇ ਸਮੇਂ ਬਾਅਦ ਸ਼ਹਿਰ ’ਚ ਬਹੁਤ ਤੇਜ਼ ਤੂਫਾਨ ਆਇਆ ਤੇ ਰਾਤ ਦੇ ਹਨੇਰੇ ’ਚ ਇਕ ਸਿੱਖ ਸ਼ਰਧਾਲੂ ਜਿਸ ਦਾ ਨਾਮ ਭਾਈ ਜੈਤਾ ਜੀ ਸੀ, ਨੇ ਗੁਰੂ ਜੀ ਦਾ ਪਵਿੱਤਰ ਸੀਸ ਨੂੰ ਉਠਾਇਆ ਤੇ ਆਪਣੇ ਨਾਲ ਲੈ ਕੇ ਆਨ-ਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ ਤੇ ਉਹਨਾਂ ਦੇ ਗੁਰੂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ। ਇਕ ਹੋਰ ਗੁਰੂ ਜੀ ਦਾ ਸਿੱਖ ਜਿਸ ਦਾ ਨਾਂ ਸੀ ਭਾਈ ਲੱਖੀ ਸ਼ਾਹ, ਉਸ ਪਾਸ ਇਕ ਗੱਡਾ ਸੀ, ਉਸ ਨੇ ਗੁਰੂ ਜੀ ਦੇ ਧੜ ਨੂੰ ਉਸ ਗੱਡੇ ’ਤੇ ਰੱਖਿਆ ਤੇ ਆਪਣੇ ਘਰ ਲੈ ਗਿਆ। ਉਸ ਲਈ ਜਨਤਕ ਤੌਰ ’ਤੇ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਬੜਾ ਖ਼ਤਰਨਾਕ ਸੀ ਤੇ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਇਸ ਤਰੀਕੇ ਨਾਲ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸੇ ਤਰ੍ਹਾਂ ਗੁਰੂ ਜੀ ਦਾ ਸੀਸ ਵੀ ਆਨੰਦਪੁਰ ਸਾਹਿਬ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਵਿਧਵਾ ਪਤਨੀ ਮਾਤਾ ਗੁਜਰੀ ਜੀ ਦੇ ਪਾਸ ਪਹੁੰਚਾਇਆ ਗਿਆ ਤੇ ਮਿਤੀ ਨਵੰਬਰ 16, 1675 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਚੰਦਨ ਦੀ ਲੱਕੜੀ ਦੀ ਚਿਤਾ ਚਿਣ ਕੇ ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅਗਨ ਭੇਟ ਕਰਕੇ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੇ ‘ਨੌਵੇਂ ਨਾਨਕ’ ਜੀ ਇਸ ਧਰਤੀ ’ਤੇ ਜੋਤੀ-ਜੋਤ ਸਮਾਅ ਗਏ। ਸੰਸਾਰ ਦੇ ਇਤਿਹਾਸ ’ਚ ਇਹ ਇਕੱਲੀ ਅਜਿਹੀ ਮਿਸਾਲ ਮਿਲਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਕਿਸੇ ਧਾਰਮਿਕ ਗੁਰੂ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਲਾਸਾਨੀ ਸ਼ਹਾਦਤ ਦਿੱਤੀ ਹੋਵੇ।

ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਸਮੇਂ ਕਿਹਾ ਸੀ- ‘ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੈ ਕਲੂਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨੀ ਕਰੀ, ਸੀਸ ਦੀਆ ਪਰ ਸੀ ਨਾ ਰੀ। ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰ ਨਾ ਦੀਆ। ਮਤਲਬ ਪ੍ਰਭੂ ਨੇ ਉਹਨਾਂ ਦੇ ਤਿਲਕ ਤੇ ਜੰਞੂ ਲਈ ਦਿੱਤੀ ਕੁਰਬਾਨੀ ਦੀ ਲਾਜ ਰੱਖੀ ...। ਉਨ੍ਹਾਂ ਨੇ ਕਲਯੁਗ ’ਚ ਬੜੀ ਵੱਡੀ ਕੁਰਬਾਨੀ ਦਿੱਤੀ। ਧਰਮ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਸੀਸ ਕਟਵਾ ਦਿੱਤਾ ਪਰ ਸੀ ਨਹੀਂ ਕੀਤੀ ਤੇ ਆਪਣੇ ਧਰਮ ’ਚ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦਿੱਤੀ :

“ਧਰਮ ਹੇਤ ਸਾਕਾ ਜਿਨਿ ਕੀਆ,<br>
ਸੀਸ ਦੀਆ ਪਰ ਸਿਰੜ ਨ ਦੀਆ।”

ਇਸ ਮਹਾਂਵਾਕ ਅਨੁਸਾਰ ਗੁਰੂ ਜੀ ਦਾ ਬਲੀਦਾਨ ਨਾ ਕੇਵਲ ਧਰਮ ਦੀ ਰਾਖੀ ਲਈ ਹੀ ਸੀ ਪਰ ਇਹ ਬਲੀਦਾਨ ਸਾਰੀ ਮਾਨਵੀ ਸੰਸਕ੍ਰਿਤਕ ਵਿਰਾਸਤ ਦੀ ਰਾਖੀ ਲਈ ਬਲੀਦਾਨ ਸੀ। ਧਰਮ ਉਨ੍ਹਾਂ ਲਈ ਸੰਸਕ੍ਰਿਤਕ ਮੁੱਲਾਂ ’ਤੇ ਜੀਵਨ ਦਾ ਨਾਮ ਸੀ। ਇਸ ਲਈ ਧਰਮ ਦੇ ਸੱਚੇ ਅਸੂਲਾਂ ਲਈ ਉਨ੍ਹਾਂ ਦਾ ਕੁਰਬਾਨੀ ਦੇਣਾ ਇਕ : ਸੰਸਕ੍ਰਿਤਕ ਵਿਰਾਸਤ ਤੇ ਇੱਛਤ ਜੀਵਨ ਵਿਧਾਨ ਦੇ ਹੱਕ ’ਚ ਇਕ ਬਹੁਤ ਵੱਡਾ ਸਾਹਿਸਕ ਅਭਿਆਨ ਸੀ। ਅੱਤਿਆਚਾਰੀ ਸ਼ਾਸਕ ਦੀ ਧਰਮ ਵਿਰੋਧੀ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਦਮਨ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਡੇ ਪੂਰਵਜ ਇਤਿਹਾਸ ਦੀ ਇਕ ਬਹੁਤ ਵੱਡੀ ਘਟਨਾ ਹੈ। ਇਹ ਗੁਰੂ ਜੀ ਦੇ ਨਿਰਭੈ ਆਚਰਣ, ਧਾਰਮਿਕ ਵਿਸ਼ਵਾਸ ਤੇ ਨੈਤਿਕ ਉਦਾਰਤਾ ਦੀ ਉੱਚਤਮ ਮਿਸਾਲ ਸੀ। ਗੁਰੂ ਜੀ ਮਾਨਵੀਯ ਧਰਮ ਤੇ ਵਿਚਾਰਕ ਸੁਤੰਤਰਤਾ ਦੇ ਲਈ ਆਪਣੀ ਸ਼ਹਾਦਤ ਦੇਣ ਵਾਲੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਸਨ। ਇਸੇ ਲਈ ਹੀ ਉਨ੍ਹਾਂ ਨੂੰ ਭਾਰਤ ਦੇ ਇਤਿਹਾਸ ’ਚ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਦਿੱਤੀ ਗਈ ਕੁਰਬਾਨੀ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਕਰਕੇ ’ਹਿੰਦ ਦੀ ਚਾਦਰ’ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

**ਧਰਮ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਤੇ ਲੋਕ ਕਲਿਆਣ ਕਰਨ ਲਈ ਕਈ ਸਥਾਨਾਂ ਦੀ ਯਾਤਰਾ ਕੀਤੀ। ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ, ਰੋਪੜ, ਸੈਫਾਵਾਦ ਦੇ ਲੋਕਾਂ ਨੂੰ ਸੰਜਮ ਤੇ ਸਹਿਜ ਮਾਰਗ ਦਾ ਪਾਠ ਪੜ੍ਹਾਉਂਦੇ ਹੋਏ ਉਹ ਖਿਆਲਾਂ (ਖਦਲ) ਪਹੁੰਚੇ। ਇੱਥੇ ਗੁਰੂ ਜੀ ਧਰਮ ਦੇ ਸੱਚੇ ਮਾਰਗ ਦਾ ਉਪਦੇਸ਼ ਦਿੰਦੇ ਹੋਏ ਦਮਦਮਾ ਸਾਹਿਬ ਤੋਂ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਜਮਨਾ ਕਿਨਾਰੇ ਹੁੰਦੇ ਹੋਏ ਕੜਾਮਾਨਪੁਰ ਪਹੁੰਚੇ ਤੇ ਉਥੇ ਸਾਧੂ ਭਾਈ ਮਲੂਕ ਦਾਸ ਨੂੰ ਧਰਮ ਦੇ ਸੱਚੇ ਮਾਰਗ ਦਾ ਪਾਠ ਪੜ੍ਹਾਇਆ।

ਇੱਥੋਂ ਹੁੰਦੇ ਹੋਏ ਗੁਰੂ ਜੀ ਪ੍ਰਯਾਗ, ਬਨਾਰਸ, ਪਟਨਾ, ਅਸਾਮ ਆਦਿ ਦੇ ਖੇਤਰਾਂ ’ਚ ਗਏ, ਇੱਥੇ ਉਹਨਾਂ ਨੇ ਮਾਨਵਤਾ ਲਈ ਅਧਿਆਤਮਕ, ਸਮਾਜਿਕ, ਆਰਥਿਕ ਪੱਖ ਦੇ ਕਈ ਰਚਨਾਤਮਕ ਕੰਮ ਕੀਤੇ।

ਲੋਕਾਂ ਨੂੰ ਅਧਿਆਤਮਕ ਮਾਰਗ ਦਾ ਸੱਚਾ ਗਿਆਨ ਦਿੱਤਾ। ਸਮਾਜਿਕ ਪੱਧਰ ’ਤੇ ਚੱਲੀਆਂ ਆ ਰਹੀਆਂ ਕਈ ਰੂੜ੍ਹੀਵਾਦੀ, ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਦੀ, ਬੜੇ ਕੜੇ ਸ਼ਬਦਾਂ ’ਚ ਆਲੋਚਨਾ ਕੀਤੀ ਤੇ ਨਵੇਂ ਸਹਿਜ ਜਨ-ਕਲਿਆਣਕਾਰੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਮਾਨਵ ਸੇਵਾ ਲਈ ਪਾਣੀ ਦੀ ਸਹੂਲਤ ਵਾਸਤੇ ਖੂਹ ਖੁਦਵਾਏ, ਧਰਮਸਾਲਾਵਾਂ ਬਣਵਾਈਆਂ ਤੇ ਹੋਰ ਕਈ ਪਰਉਪਕਾਰੀ ਕੰਮ ਕਰਵਾਏ। ਇਨ੍ਹਾਂ ਹੀ ਯਾਤਰਾਵਾਂ ਦੇ ਦੌਰਾਨ ਸੰਨ 1666 ਈਸਵੀ ’ਚ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ, ਜਿਹੜੇ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਜੀ ਰੋਜ਼ ਆਨੰਦਪੁਰ ਸਾਹਿਬ ’ਚ ਅਧਿਆਤਮਕ ਗਿਆਨ ਦਾ ਸੰਗਤਾਂ ’ਚ ਪ੍ਰਚਾਰ ਕਰਦੇ, ਸੰਗਤਾਂ ਨੂੰ ਨੈਤਿਕਤਾ, ਨਿਡਰਤਾ ਤੇ ਅਧਿਆਤਮਕ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਸਨ। ਉਸ ਸਮੇਂ ਆਨੰਦਪੁਰ ਸਾਹਿਬ ਸਿੱਖ ਧਰਮ ਦਾ- ‘ਇਕ ਆਨੰਦ ਧਾਮ’ ਹੀ ਸੀ। ਇੱਥੇ ਸਭ ਲੋਕ ਧਰਮ, ਜਾਤੀ, ਰੰਗ, ਸੰਪਰਦਾਏ ਆਦਿ ਦੇ ਭੇਦਭਾਵ ਤੋਂ ਬਿਨਾਂ ਸਮਾਜਿਕ ਬਰਾਬਰਤਾ ਦੇ ਆਧਾਰ ’ਤੇ ਅਧਿਆਤਮਕ ਅਲੌਕਿਕਤਾ ਦਾ ਗਿਆਨ ਪ੍ਰਾਪਤ ਕਰਦੇ ਸਨ। ਗੁਰੂ ਜੀ ਆਪ ਖੁਦ ਸ਼ਾਂਤੀ, ਖਿਮਾ ਤੇ ਸਹਿਣਸ਼ੀਲਤਾ ਦੀ ਅਦੁੱਤੀ ਮੂਰਤ ਸਨ।

ਉਨ੍ਹਾਂ ਨੇ ਸਦਾ ਮਾਨਵਤਾ ਨੂੰ ਪ੍ਰੇਮ, ਏਕਤਾ ਤੇ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਅਗਰ ਕਿਸੇ ਨੇ ਹਉਮੈ ’ਚ ਆ ਕੇ ਗੁਰੂ ਜੀ ਨਾਲ ਬੁਰਾ ਵਿਵਹਾਰ ਵੀ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ, ਮਧੁਰਤਾ ਤੇ ਲਿਆਕਤ ਨਾਲ ਸਮਝਾ ਕੇ ਉਸ ਨੂੰ ਸਿੱਧੇ ਰਸਤੇ ਪਾ ਦਿੱਤਾ। ਗੁਰੂ ਜੀ ’ਚ ਇੰਨੀ ਸਹਿਣਸ਼ੀਲਤਾ ਸੀ ਕਿ ਕਿਸੇ ਨੂੰ ਡਰਾਉਣ ਦੀ ਥਾਂ, ਸਮਝਾਉਣ ਦੀ ਸਿੱਖਿਆ ਦਿੰਦੇ ਸਨ ਤੇ ਆਪ ਕਿਸੇ ਤੋਂ ਡਰਦੇ ਵੀ ਨਹੀਂ ਸਨ। ਉਹ ਗੁਰਬਾਣੀ ’ਚ ਉਪਦੇਸ਼ ਦਿੰਦੇ ਹਨ- ‘ਭੈ ਕਾਹੂ ਕੋ ਦੇਤ ਨਾਹੀ। ਨਹਿ ਭੈ ਮਾਨਤ ਆਨ।’ ਉਹ ਬਚਪਨ ਤੋਂ ਹੀ ਬੜੇ ਸਰਲ, ਸਹਜ ਤੇ ਭਗਤੀ ਭਾਵ ਵਾਲੇ ਕਰਮਯੋਗੀ ਇਨਸਾਨ ਸਨ। ਉਨ੍ਹਾਂ ਦੀ ਬਾਣੀ ’ਚ ਮਧੁਰਤਾ, ਸਾਦਗੀ, ਸੱਜਣਤਾ ਤੇ ਵੈਰਾਗ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਪਹਿਲਾ ਸਿਧਾਂਤ ਹੀ ਇਹ ਸੀ ਕਿ ਧਰਮ ਦਾ ਸੱਚਾ ਮਾਰਗ ਹੀ ਜੀਵਨ ਦਾ ਸੱਚ ਹੈ ਤੇ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।



## ਆਈ ਵਿਸਾਖੀ ਚੜ੍ਹਿਆ ਵੈਸਾਖ

ਪੁੱਤਾਂ ਵਾਂਗ ਪਾਲੀ ਫ਼ਸਲ, ਹੋ ਗਈ ਤਿਆਰ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

ਬੱਲੀਆਂ ਖਿੜੀਆਂ, ਸੂਰਜ ਦੀ ਚਮਕ ਦੇ ਨਾਲ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

ਪੱਕੀਆਂ ਕਣਕਾਂ, ਰੰਗ ਸੋਨੇ ਦੇ ਨਾਲ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

ਮਿਹਨਤ ਪਏ ਪੱਲੇ, ਚਿਹਰੇ ਤੇ ਆਵੇ ਮੁਸਕਾਨ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

ਝਾੜ ਨਿਕਲੇ ਜ਼ਿਆਦਾ ਇਹੀ ਹੈ ਆਸ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

ਗੁਰੂ ਜਾਵਾਂ, ਸ਼ੁਕਰ ਮਨਾਵਾਂ, ਕਰਾਂ ਅਰਦਾਸ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

ਮੇਲਾ ਲੱਗਿਆ ਵਿਸਾਖੀ ਦਾ, ਜਾਵਾਂ ਸਜ ਸਵਾਰ,<br>
ਆਈ ਵਿਸਾਖੀ ਚੜ੍ਹਿਆ ਵੈਸਾਖ।

**– ਬਲਜਿੰਦਰ ਕੌਰ ਸ਼ੇਰਗਿੱਲ**<br>
91-98785-19278



# ਮੁੱਕੀ ਕਣਕਾਂ ਦੀ ਰਾਖੀ, ਜੱਟਾ ਆਈ ਵਿਸਾਖੀ



ਪ੍ਰੋ: ਐਚ.ਐਲ.ਕਪੂਰ

'ਵੈਸਾਖੀ' ਸ਼ਬਦ ਦਾ ਉਚਾਰਣ 'ਵਿਸਾਖੀ' ਵੀ ਕੀਤਾ ਜਾਂਦਾ ਹੈ। ਵੈਸਾਖੀ ਜਾਂ ਵਿਸਾਖੀ ਸ਼ਬਦ ਵੈਸਾਖੀ (ਵੈਸ਼ਾਖੀ) ਸ਼ਬਦ ਤੋਂ ਉਤਪੰਨ ਹੋਇਆ ਇਕ ਅਪਭ੍ਰੰਸ਼ ਰੂਪ ਹੈ, ਜੋ ਵੈਸਾਖ ਦੇ ਭਾਰਤੀ ਮਹੀਨੇ ਦੇ ਨਾਮ ਤੋਂ ਲਿਆ ਗਿਆ ਹੈ। ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ 'ਸ਼' (ਸ਼) ਤੇ 'ਸ' (ਸ) ਅਤੇ 'ਵ' (ਵ) ਅਤੇ 'ਬ' (ਬ) ਵਿਚਕਾਰ ਕੋਈ ਅੰਤਰ ਨਹੀਂ ਹੈ। ਇਸ ਲਈ ਨਾਮ, ਵੈਸਾਖੀ ਜਾਂ ਵਿਸਾਖੀ ਨਾਲ ਫਰਕ ਨਹੀਂ ਪੈਂਦਾ। ਬੰਗਾਲੀ ਵਰਗੀਆਂ ਧੁਨੀਆਂ ਭਾਸ਼ਾਵਾਂ ਵਿਚ, ਇਸ ਨੂੰ 'ਬੋਸ਼ਾਖੀ' ਕਿਹਾ ਜਾਂਦਾ ਹੈ। ਵੈਸਾਖੀ ਜੋ ਵੈਸਾਖ ਮਹੀਨੇ ਦੀ ਸੰਕ੍ਰਾਂਤੀ ਨੂੰ ਮਨਾਈ ਜਾਂਦੀ ਹੈ, ਦਾ ਸ਼ਾਬਦਿਕ ਅਰਥ ਹੈ 'ਵੈਸਾਖ ਮਹੀਨੇ ਨਾਲ ਸਬੰਧਤ', ਵਿਸਾਖਾ-ਪੰਜਾਬੀ ਵਿਚ, ਸਪੈਲਿੰਗ ਖੇਤਰ ਦੇ ਨਾਲ ਬਦਲਦੀ ਹੈ। ਪੰਜਾਬ ਖਿੱਤੇ ਵਿਚ, ਵਿਸਾਖੀ ਆਮ ਹੈ, ਪਰ ਦੁਆਬੀ ਅਤੇ ਮਲਵਈ ਉਪਭਾਸ਼ਾਵਾਂ ਵਿਚ, ਬੋਲਣ ਵਾਲੇ ਅਕਸਰ ਇਕ 'ਵੀ' (V) ਲਈ, ਇਕ (B) 'ਬ' ਦੀ ਥਾਂ ਲੈਂਦੇ ਹਨ। ਵਰਤੇ ਗਏ ਸ਼ਬਦ ਜੋੜ ਲੇਖਕ ਦੀ ਬੋਲੀ 'ਤੇ ਨਿਰਭਰ ਕਰਦੇ ਹਨ।

ਕੋਈ ਦਸ ਹਜ਼ਾਰ ਸਾਲ ਹੋਏ ਮਿਸਰ ਵਾਲਿਆਂ ਨੇ ਕਣਕ ਦੀ ਫਸਲ ਦੀ ਕਾਸ਼ਤਕਾਰੀ ਦੀ ਸਫਲਤਾ ਹੋਣ 'ਤੇ 'ਮਿਨ' ਦੇਵਤੇ ਦੀ ਪੂਜਾ ਕੀਤੀ, ਜਿਸ ਦਾ ਜ਼ਿਕਰ ਬਾਈਬਲ 'ਓਲਡ ਟੈਸਟੇਮੈਂਟ' ਵਿਚ ਹਜ਼ਰਤ ਮੂਸਾ ਆਪਣੇ ਪੈਰੋਕਾਰਾਂ 19 ਮਾਰਚ ਤੋਂ ਲੈ ਕੇ 30 ਮਾਰਚ ਤੱਕ ਖੁਸ਼ੀਆਂ ਮਨਾਉਣ ਲਈ ਆਖਦਾ ਹੋਇਆ, ਇਹ ਵੀ ਦੱਸ ਦਿੰਦਾ ਹੈ ਕਿ ਇਹ ਤੁਹਾਡਾ ਧਾਰਮਿਕ ਮੇਲਾ ਨਹੀਂ, ਪਰ ਤੁਸੀਂ ਵੀ ਇਸ ਵਕਤ ਬਾਕੀ ਲੋਕਾਂ ਨਾਲ ਰਲ ਕੇ ਖੁਸ਼ੀਆਂ ਮਨਾਓ, ਅਤੇ ਨਾਲ ਹੀ ਕਣਕ ਦੀ ਫਸਲ ਦੀ ਵਾਢੀ ਬਾਰੇ ਕੁਝ ਹਦਾਇਤਾਂ ਹਨ। ਫਸਲ ਵੱਢਣ ਸਮੇਂ ਫਸਲ ਐਨ ਬੰਨੀ ਤੱਕ ਨਾ ਵੱਢੋ, ਕੁਝ ਹਿੱਸਾ ਗਰੀਬ-ਗੁਰਬੇ ਲਈ ਛੱਡਣਾ ਚਾਹੀਦਾ ਹੈ। ਪੰਜਾਬ ਵਿਚ ਵੀ ਵਾਢੀ ਸਮੇਂ ਮੁਰੀਂਡਾ ਛੱਡਿਆ ਜਾਂਦਾ ਸੀ ਅਤੇ ਦੂਜੀ ਹਦਾਇਤ ਹੈ ਕਿ ਵਾਢੀ ਸਮੇਂ ਹੱਥੋਂ ਡਿੱਗਿਆ ਹੋਇਆ ਸਿੱਟਾ ਗਰੀਬ-ਗੁਰਬੇ ਦੇ ਚੁਗਣ ਲਈ ਛੱਡ ਦਿਓ।

ਪੰਜਾਬ ਵਿਚ ਕਣਕ ਦੀ ਕਾਸ਼ਤ ਆਰੀਆ ਲੋਕਾਂ ਨਾਲ ਸ਼ੁਰੂ ਹੁੰਦੀ ਹੈ। ਆਰੀਆਂ ਨੇ ਨਾਲ ਹੀ ਕੁਝ ਮਿਸਰ ਦੇ ਪੁਜਾਰੀ ਵੀ ਆਏ, ਜਿਹਨਾਂ ਨੂੰ ਮਿਸਰ ਕਰਕੇ ਜਾਣਿਆ ਜਾਂਦਾ ਸੀ। ਤਕਰੀਬਨ ਹਰ ਪਿੰਡ ਵਿਚ ਇਕ ਮਿਸਰ ਪਰਿਵਾਰ ਹੁੰਦਾ ਸੀ। ਮਿਸਰ ਪਰਿਵਾਰ ਨੂੰ ਬ੍ਰਹਮਣ ਕਹਿਣ ਲ ਪਏ।ਥਿਤ ਵਾਰਾਂ ਦਾ ਹਿਸਾਬ-ਕਿਤਾਬ ਰੱਖਣਾ, ਗਮੀ-ਖੁਸ਼ੀ ਦੀਆਂ ਰਸਮਾਂ ਨਿਭਾਉਣੀਆਂ ਉਸੇ ਦੀ ਜ਼ਿੰਮੇਵਾਰੀ ਸੀ। ਪੰਜਾਬ ਵਿਚ ਵੈਸਾਖੀ ਦੀ ਸ਼ੁਰੂਆਤ ਵੀ ਮਿਸਰ (ਬ੍ਰਾਹਮਣ) ਵੱਲੋਂ ਹੀ ਕੀਤੀ ਗਈ ਹੈ। ਇਸੇ ਲਈ ਮੇਲਿਆਂ ਤਿਉਹਾਰਾਂ ਦੀ ਵੰਡ ਸਮੇਂ ਉਸ ਨੇ ਵੈਸਾਖੀ 'ਤੇ ਹੱਕ ਜਤਾਇਆ।

ਭਾਰਤ ਇਕ ਵਿਸ਼ਾਲ ਦੇਸ਼ ਹੈ। ਇਸ ਦੇ ਵੱਖ-ਵੱਖ ਪ੍ਰਾਂਤਾਂ 'ਚ ਕੋਈ ਮਹੀਨਾ ਜਾਂ ਦਿਨ ਖਾਲੀ ਨਹੀਂ ਜਾਂਦਾ ਜਿਸ ਵਿਚ ਕੋਈ ਤਿਉਹਾਰ ਜਾਂ ਮੇਲਾ ਨਾ ਮਨਾਇਆ ਜਾਂਦਾ ਹੋਵੇ ਕਿਉਂਕਿ ਇਸ ਦੀ ਵਿਭਿੰਨਤਾ 'ਚ ਹੀ 'ਏਕਤਾ' ਹੈ। ਇਨ੍ਹਾਂ ਮੇਲਿਆਂ ਤੇ ਤਿਉਹਾਰਾਂ 'ਚੋਂ ਵਿਸਾਖੀ ਇਕ ਖਾਸ ਤਿਉਹਾਰ ਜਾਂ ਮੇਲਾ ਹੈ। ਮੇਲਿਆਂ ਦਾ ਸਬੰਧ ਸਾਡੇ ਸਭਿਆਚਾਰ, ਇਤਿਹਾਸ ਅਤੇ ਧਾਰਮਿਕ ਵਿਰਸੇ ਨਾਲ ਹੈ। ਇਹ ਤਿਉਹਾਰ ਜਾਂ ਮੇਲੇ ਕਈ ਤਰ੍ਹਾਂ ਦੇ ਹਨ। ਰੁੱਤਾਂ ਨਾਲ ਸਬੰਧਤ ਮੇਲਿਆਂ ਵਿਚੋਂ, ਇਕ ਵਿਸਾਖੀ ਦਾ ਮੇਲਾ ਹੈ ਜੋ ਬਹੁਤ ਪ੍ਰਸਿੱਧ ਹੈ ਤੇ ਇਹ ਪਵਿੱਤਰ ਪੁਰਬ ਹਰ ਸਾਲ ਵਿਸਾਖ ਮਹੀਨੇ ਦੀ ਸੰਗਰਾਂਦ ਮਿਤੀ: 13 ਜਾਂ 14 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਸ ਕਰਕੇ ਹੀ ਇਸ ਨੂੰ 'ਵਿਸਾਖੀ' ਕਿਹਾ ਜਾਂਦਾ ਹੈ। ਇਕ ਕਵਿ ਸਤਰ ਅਨੁਸਾਰ:

'ਚੜ੍ਹੇ ਵਿਸਾਖ ਵਿਸਾਖੀ ਆਈ,
ਮੇਲਾ ਦੇਖਣ ਤੁਰੀ ਲੁਕਾਈ'।

ਹਿੰਦੂ ਧਰਮ ਅਨੁਸਾਰ ਵਿਸਾਖੀ: ਇਸ ਦਿਨ ਦੀ ਇਤਿਹਾਸਕ ਮਹਾਨਤਾ ਇਸ ਲਈ ਵੀ ਹੈ ਕਿ ਇਸ ਦਿਨ ਹਿੰਦੂ ਰਾਜਾ, ਮਹਾਰਾਜਾ ਬਿਕਰਮਾਦਿੱਤਯ ਨੇ 57 ਈਸਾ ਪੂਰਬ ਵਿਚ ਸ਼ਾਕਾਂ ਨੂੰ ਹਰਾਉਣ ਤੋਂ ਬਾਅਦ 'ਹਿੰਦੂ ਵਿਕਰਮੀ ਸੰਮਤ ਕੈਲੰਡਰ (ਯੁਗ) ਦੀ ਸ਼ੁਰੂਆਤ ਕੀਤੀ ਸੀ ਤੇ ਹਿੰਦੂ ਇਸ ਦਿਨ ਨੂੰ 'ਵੈਸਾਖ ਸੰਕ੍ਰਾਂਤੀ' ਵਜੋਂ ਵੀ ਮਨਾਉਂਦੇ ਹਨ। ਇਸ ਦਿਨ ਨੂੰ ਭਾਰਤ ਦੇ ਹੋਰ ਹਿੱਸਿਆਂ ਵਿਚ ਵੱਖ-ਵੱਖ ਖੇਤਰੀ ਨਾਵਾਂ ਨਾਲ ਜਾਣਿਆ ਜਾਂਦਾ ਹੈ। ਬਹੁਤ ਸਾਰੇ ਹਿੰਦੂ ਭਾਈਚਾਰਿਆਂ ਲਈ, ਤਿਉਹਾਰ ਗੰਗਾ, ਜੇਹਲਮ ਅਤੇ ਕਾਵੇਰੀ ਵਰਗੀਆਂ ਪਵਿੱਤਰ ਨਦੀਆਂ ਵਿਚ ਰਸਮੀ ਤੌਰ 'ਤੇ ਇਸ਼ਨਾਨ ਕਰਨ, ਮੰਦਰਾਂ ਵਿਚ ਜਾਣ, ਦੋਸਤਾਂ ਨੂੰ ਮਿਲਣ, ਹੋਰ ਤਿਉਹਾਰਾਂ ਵਿਚ ਹਿੱਸਾ ਲੈਣ ਅਤੇ ਖਾਸ ਤੌਰ 'ਤੇ ਇਕ ਲਾਜ਼ਮੀ ਦਾਨ ਕਰਨ ਦਾ ਇਕ ਖਾਸ ਮੌਕਾ ਹੈ। ਹੱਥ ਦੇ ਪੱਖੇ, ਪਾਣੀ ਦੇ ਘੜੇ ਅਤੇ ਮੌਸਮੀ ਫਲ। ਹਿੰਦੂ ਤੀਰਥ ਸਥਾਨਾਂ 'ਤੇ ਭਾਈਚਾਰਕ ਮੇਲੇ ਲੱਗਦੇ ਹਨ। ਕਈ ਇਲਾਕਿਆਂ ਵਿਚ ਮੰਦਰ ਦੇਵੀ-ਦੇਵਤਿਆਂ ਦੇ ਜਲੂਸ ਕੱਢੇ ਜਾਂਦੇ ਹਨ।

ਕੁਝ ਹਿੰਦੂਆਂ ਲਈ, ਵੈਸਾਖ ਦਾ ਪਹਿਲਾ ਦਿਨ ਰਵਾਇਤੀ ਸੂਰਜੀ ਨਵੇਂ ਸਾਲ ਨੂੰ ਦਰਸਾਉਂਦਾ ਹੈ। ਆਸਾਮ, ਬੰਗਾਲ, ਬਿਹਾਰ, ਹਿਮਾਚਲ ਪ੍ਰਦੇਸ਼, ਹਰਿਆਣਾ, ਕੇਰਲ, ਉੜੀਸਾ, ਪੰਜਾਬ, ਤਾਮਿਲਨਾਡੂ, ਉਤਰ ਪ੍ਰਦੇਸ਼ ਵਿਚ, ਉਤਰਾਖੰਡ ਅਤੇ ਭਾਰਤ ਦੇ ਹੋਰ ਹਿੱਸੇ।ਹਾਲਾਂਕਿ ਇਹ ਸਾਰੇ ਹਿੰਦੂਆਂ ਲਈ ਵਿਸ਼ਵਵਿਆਪੀ ਨਵਾਂ ਸਾਲ ਨਹੀਂ ਹੈ। ਕੁਝ ਲੋਕਾਂ ਲਈ, ਜਿਵੇਂ ਕਿ ਗੁਜਰਾਤ ਵਿਚ ਅਤੇ ਉਸ ਦੇ ਨੇੜੇ, ਨਵੇਂ ਸਾਲ ਦੇ ਤਿਉਹਾਰ ਪੰਜ-ਪੰਜ ਦਿਨਾਂ ਦੀਵਾਲੀ ਦੇ ਤਿਉਹਾਰ ਨਾਲ ਮੇਲ ਖਾਂਦੇ ਹਨ। ਦੂਜਿਆਂ ਲਈ ਨਵਾਂ ਸਾਲ ਚੇਤੀ ਚੰਦ, ਗੁੜੀ ਪਦਵਾ ਅਤੇ ਉਗਾਦੀ 'ਤੇ ਪੈਂਦਾ ਹੈ ਜੋ ਕੁਝ ਹਫਤੇ ਪਹਿਲਾਂ ਆਉਂਦਾ ਹੈ। ਵਾਢੀ ਪੂਰੀ ਹੋ ਗਈ ਹੈ ਅਤੇ ਫਸਲਾਂ ਵੇਚਣ ਲਈ ਤਿਆਰ ਹਨ, ਜੋ ਕਿਸਾਨਾਂ ਲਈ ਕਾਫੀ ਸਮਾਂ ਦਰਸਾਉਂਦੀਆਂ ਹਨ। ਹਿੰਦੂ ਪਰੰਪਰਾ ਵਿਚ ਮੇਲੇ ਅਤੇ ਵਿਸ਼ੇਸ਼ ਧੰਨਵਾਦੀ ਪੂਜਾ ਜਾਂ ਪ੍ਰਾਰਥਨਾਵਾਂ ਆਮ ਹਨ।

ਇਸ ਨੂੰ ਖੇਤਰੀ ਤੌਰ 'ਤੇ ਹਿੰਦੂਆਂ ਵਿਚ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਹਾਲਾਂਕਿ ਤਿਉਹਾਰ ਅਤੇ ਇਸ ਦਾ ਮਹੱਤਵ ਸਮਾਨ ਹੈ। ਇਹ ਹਿੰਦੂਆਂ ਦੁਆਰਾ ਪਵਿੱਤਰ ਨਦੀਆਂ ਵਿਚ ਇਸ਼ਨਾਨ ਕਰਕੇ ਮਨਾਇਆ ਜਾਂਦਾ ਹੈ, ਕਿਉਂਕਿ ਉਹ ਮੰਨਦੇ ਹਨ ਕਿ ਨਦੀ ਦੇਵੀ 'ਗੰਗਾ' ਸਵਰਗ ਤੋਂ ਵੈਸਾਖੀ ਨੂੰ ਧਰਤੀ ਉੱਤੇ ਉੱਤਰੀ ਸੀ। ਖਾਸ ਤੌਰ 'ਤੇ ਪਵਿੱਤਰ ਮੰਨੀਆਂ ਜਾਂਦੀਆਂ ਕੁਝ ਨਦੀਆਂ ਵਿਚ ਗੰਗਾ, ਜੇਹਲਮ ਅਤੇ ਕਾਵੇਰੀ ਸ਼ਾਮਲ ਹਨ। ਹਿੰਦੂ ਮੰਦਰਾਂ ਵਿਚ ਜਾਂਦੇ ਹਨ, ਦੋਸਤਾਂ ਨੂੰ ਮਿਲਦੇ ਹਨ ਅਤੇ ਤਿਉਹਾਰਾਂ ਦੇ ਭੋਜਨਾਂ 'ਤੇ ਪਾਰਟੀ ਕਰਦੇ ਹਨ।

ਹਰਿਦੁਆਰ ਵਿਚ ਵੈਸਾਖੀ ਉਹ ਦਿਨ ਹੈ ਜਦੋਂ ਹਿੰਦੂ ਵਿਸ਼ਵਾਸ ਕਰਦੇ ਹਨ ਕਿ ਦੇਵੀ ਗੰਗਾ ਨਦੀ ਸਵਰਗ ਤੋਂ ਧਰਤੀ 'ਤੇ ਆਈ ਸੀ। ਭਾਰਤ ਵਿਚ ਸਭ ਤੋਂ ਵੱਡੇ ਵਿਸਾਖੀ ਮੇਲੇ ਵਿਚੋਂ ਇਕ ਹਰਿਦੁਆਰ ਵਿਖੇ ਲਗਾਇਆ ਜਾਂਦਾ ਹੈ, ਜੋ ਇਕ ਮਹੱਤਵਪੂਰਨ ਹਿੰਦੂ ਤੀਰਥ ਸਥਾਨ ਹੈ। ਇਸ ਤਿਉਹਾਰ 'ਤੇ ਗੰਗਾ ਨਦੀ ਵਿਚ ਇਸ਼ਨਾਨ ਕਰਨ ਲਈ ਹਰਿਦੁਆਰ ਦੇ ਬ੍ਰਹਮ ਕੁੰਡ ਵਿਚ ਲਗਭਗ 50 ਲੱਖ ਸ਼ਰਧਾਲੂ ਇਕੱਠੇ ਹੁੰਦੇ ਹਨ।

ਅਣਵੰਡੇ ਪੰਜਾਬ ਵਿਚ, ਕਟਾਸ ਰਾਜ ਦਾ ਹਿੰਦੂ ਤੀਰਥ ਸਥਾਨ ਇਸ ਦੇ ਵਿਸਾਖੀ ਮੇਲੇ ਲਈ ਜਾਣਿਆ ਜਾਂਦਾ ਸੀ। ਇਸ ਵਿਚ ਲਗਭਗ ਦਸ ਹਜ਼ਾਰ ਸ਼ਰਧਾਲੂਆਂ ਨੇ ਸ਼ਿਰਕਤ ਕੀਤੀ ਜੋ ਜ਼ਿਆਦਾਤਰ ਹਿੰਦੂ ਸਨ।ਇਸੇ ਤਰ੍ਹਾਂ ਬੈਰਾਗੀ ਬਾਬਾ ਰਾਮ ਥੰਮਨ ਦੇ ਅਸਥਾਨ 'ਤੇ, 16ਵੀਂ ਸਦੀ ਈਸਵੀ ਤੋਂ ਹਰ ਸਾਲ ਵਿਸਾਖੀ ਦਾ ਮੇਲਾ ਲਗਦਾ ਸੀ, ਜਿਸ ਵਿਚ ਲਗਭਗ ਸੱਠ ਹਜ਼ਾਰ ਸ਼ਰਧਾਲੂ ਸ਼ਾਮਲ ਹੁੰਦੇ ਸਨ ਅਤੇ ਪੂਰੇ ਭਾਰਤ ਤੋਂ ਬੈਰਾਗੀ ਸੰਤਾਂ ਨੇ ਇਸ ਅਸਥਾਨ 'ਤੇ ਹਾਜ਼ਰੀ ਭਰੀ ਸੀ।



ਵਿਸਾਖੀ ਮੇਲੇ ਦਾ ਸਭ ਤੋਂ ਸ਼ਾਨਦਾਰ ਇਕੱਠ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਪੰਡੋਰੀ ਮਹਿੰਤਾਨ ਵਿਖੇ ਭਗਵਾਨ ਨਰਾਇਣ ਜੀ ਦੇ ਠਾਕੁਰਦੁਆਰੇ ਵਿਖੇ ਹੁੰਦਾ ਹੈ, ਜਿੱਥੇ ਇਹ ਮੇਲਾ 1 (ਇਕ) ਵੈਸਾਖ ਤੋਂ 3 ਵੈਸਾਖ ਤੱਕ ਤਿੰਨ ਦਿਨ ਚਲਦਾ ਹੈ। ਜਸ਼ਨ! ਵੈਸਾਖ ਦੀ ਸਵੇਰ ਨੂੰ ਜਲੂਸ ਦੇ ਰੂਪ ਵਿਚ ਸ਼ੁਰੂ ਹੁੰਦੇ ਹਨ, ਬ੍ਰਹਮਚਾਰੀਆਂ ਅਤੇ ਸ਼ਰਧਾਲੂਆਂ ਦੁਆਰਾ ਮਹੰਤ ਨੂੰ ਪਾਲਕੀ ਵਿਚ ਲੈ ਕੇ ਜਾਂਦੇ ਹਨ। ਉਸ ਤੋਂ ਬਾਅਦ ਨਵਗ੍ਰਹਿ ਪੂਜਾ ਕੀਤੀ ਜਾਂਦੀ ਹੈ ਅਤੇ ਧਨ, ਅਨਾਜ ਅਤੇ ਗਾਵਾਂ ਦਾ ਦਾਨ ਕੀਤਾ ਜਾਂਦਾ ਹੈ। ਸ਼ਾਮ ਨੂੰ ਸੰਕੀਰਤਨ ਹੁੰਦਾ ਹੈ ਜਿਸ ਵਿਚ ਮਹੰਤ ਧਾਰਮਿਕ ਪ੍ਰਵਚਨ ਕਰਦੇ ਹਨ ਅਤੇ ਪ੍ਰਸ਼ਾਦ ਵੰਡ ਕੇ ਸਮਾਪਤੀ ਕਰਦੇ ਹਨ। ਸਭ ਸ਼ਰਧਾਲੂ ਧਾਰਮਿਕ ਸਥਾਨ ਦੇ ਪਵਿੱਤਰ ਸਰੋਵਰ 'ਤੇ ਰਸਮੀ ਇਸ਼ਨਾਨ ਵੀ ਕਰਦੇ ਹਨ।

ਵਿਸਾਖੀ ਦਾ ਤਿਉਹਾਰ ਲਗਭਗ ਭਾਰਤ ਦੇ ਸਾਰੇ ਪ੍ਰਾਂਤਾਂ ਵਿਚ ਮਨਾਇਆ ਜਾਂਦਾ ਹੈ। ਲੋਕ ਆਪਣੇ-ਆਪਣੇ ਵਿਸ਼ਵਾਸ ਅਨੁਸਾਰ ਧਾਰਮਿਕ ਸਥਾਨਾਂ 'ਤੇ ਜਾਂਦੇ ਹਨ, ਪਾਠ-ਪੂਜਾ ਕਰਨ ਬਾਅਦ ਦਰਿਆਵਾਂ ਜਾਂ ਸਰੋਵਰਾਂ 'ਚ ਇਸ਼ਨਾਨ ਕਰਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਤੇ ਮਠਿਆਈਆਂ ਖਾ ਕੇ ਆਨੰਦ ਮਾਣਦੇ ਹਨ।

ਪੰਜਾਬ 'ਚ ਵਿਸਾਖੀ ਦਾ ਤਿਉਹਾਰ: ਇਹ ਸਿੱਖ ਧਰਮ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਦਿਨ ਹੈ ਅਤੇ ਸਿੱਖ ਕੈਲੰਡਰ ਵਿਚ ਸਭ ਤੋਂ ਰੰਗੀਨ ਸਮਾਗਮਾਂ ਵਿਚੋਂ ਇਕ ਹੈ। ਇਹ ਹਰ ਸਾਲ ਅਪ੍ਰੈਲ ਮਹੀਨੇ ਦੇ ਅੱਧ ਵਿਚ ਹੁੰਦਾ ਹੈ ਅਤੇ ਰਵਾਇਤੀ ਤੌਰ 'ਤੇ ਪੰਜਾਬ ਵਿਚ ਸਾਲ ਲਈ ਫਸਲਾਂ ਦੀ ਪਹਿਲੀ ਕਟਾਈ ਨਾਲ ਸ਼ੁਰੂ ਹੁੰਦਾ ਹੈ। ਇਤਿਹਾਸਕ ਤੌਰ 'ਤੇ ਤਿਉਹਾਰ ਬਹੁਤ ਖੁਸ਼ੀ ਦਾ ਮੌਕਾ ਅਤੇ ਜਸ਼ਨ ਦਾ ਸਮਾਂ ਰਿਹਾ ਹੈ। ਹਾਲਾਂਕਿ, 1699 ਤੋਂ, ਇਸ ਨੇ ਖਾਲਸਾ ਪੰਥ ਦੀ ਸਿਰਜਣਾ ਦੀ ਬਹੁਤ ਮਹੱਤਵਪੂਰਨ ਧਾਰਮਿਕ ਘਟਨਾ ਨੂੰ ਚਿੰਨ੍ਹਿਤ ਕੀਤਾ ਹੈ।

ਵਿਸਾਖੀ, ਵੈਸਾਖ ਮਹੀਨੇ ਦੇ ਪਹਿਲੇ ਦਿਨ ਆਉਂਦੀ ਹੈ ਅਤੇ ਮੇਸ਼ਾ ਰਾਸ਼ੀ ਵਿਚ ਸੂਰਜ ਦੇ ਪ੍ਰਵੇਸ਼ ਨੂੰ ਦਰਸਾਉਂਦੀ ਹੈ, ਜੋ ਕਿ ਸੂਰਜ ਦੀ ਮੇਸ਼ ਵਿਚ ਤਬਦੀਲੀ ਨੂੰ ਦਰਸਾਉਂਦੀ ਹੈ। ਇਸ ਦਿਨ ਨੂੰ ਭਾਰਤ ਵਿਚ ਮੇਸ਼ਾ ਸੰਕ੍ਰਾਂਤੀ ਵੀ ਕਿਹਾ ਜਾਂਦਾ ਹੈ। ਇਸ ਲਈ ਵਿਸਾਖੀ ਸੂਰਜੀ ਕੈਲੰਡਰ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ। ਵਿਸਾਖੀ ਆਮ ਤੌਰ 'ਤੇ 13 ਜਾਂ 14 ਅਪ੍ਰੈਲ ਨੂੰ ਆਉਂਦੀ ਹੈ ਅਤੇ 15 ਅਪ੍ਰੈਲ ਨੂੰ ਹਰ 36 ਸਾਲਾਂ ਵਿਚ ਇਕ ਵਾਰ ਆਉਂਦੀ ਹੈ। ਸੰਨ 2003 ਤੋਂ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਨਾਨਕਸ਼ਾਹੀ ਕੈਲੰਡਰ' ਦੇ ਅਨੁਸਾਰ ਦੂਸਰੇ ਮਹੀਨੇ ਦਾ ਪਹਿਲਾ ਦਿਨ ਬਣਾਉਂਦੇ ਹੋਏ, ਜਿਸ ਮਹੀਨੇ ਵਿਚ ਵਿਸਾਖੀ ਆਉਂਦੀ ਹੈ, ਦਾ ਨਾਮ ਵੈਸਾਖ ਰੱਖਿਆ ਹੈ।

ਸਿੱਖ ਧਾਰਮਿਕ ਤਿਉਹਾਰ ਵਜੋਂ ਵਿਸਾਖੀ ਦੀ ਮਹੱਤਤਾ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਧੀਨ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨ ਲਈ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ 'ਚ ਕਤਲ ਕਰਨ ਤੋਂ ਬਾਅਦ ਸ਼ੁਰੂ ਹੋਈ ਸੀ। ਇਸ ਨੇ ਸਿੱਖ ਧਰਮ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਸ਼ੁਰੂ ਕੀਤਾ, ਜਿਸ ਨੇ ਬਾਅਦ ਵਿਚ 1699 ਦੀ ਈਸਵੀ ਦੀ ਵਿਸਾਖੀ ਨੂੰ 'ਖਾਲਸੇ ਦਾ ਉਦਘਾਟਨ' ਕੀਤਾ। ਮਾਲਵੇ ਵਿਚ ਸਿੱਖ ਲਹਿਰ ਦੀ ਤਾਕਤ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੌਰਾਨ ਪੰਜਾਬ ਦਾ ਖੇਤਰ, ਜਿਸ ਨਾਲ ਉਹਨਾਂ ਦੇ ਕਤਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ 'ਖਾਲਸੇ ਦੀ ਨੀਂਹ', ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਅਗਵਾਈ ਕੀਤੀ ਗਈ ਸੀ।

ਇਸ ਨੇ ਵਿਸਾਖੀ ਨੂੰ ਖਾਲਸੇ ਦੀ ਸਥਾਪਨਾ ਦੇ ਜਸ਼ਨ ਵਜੋਂ ਮਨਾਏ ਜਾਣ ਦਾ ਇਕ ਵਾਧੂ ਪਹਿਲੂ ਦਿੱਤਾ ਅਤੇ ਇਸ ਨੂੰ 'ਖਾਲਸਾ ਸਿਰਜਣਾ ਦਿਵਸ' ਜਾਂ 'ਖਾਲਸਾ ਸਾਜਨਾ ਦਿਵਸ' ਵਜੋਂ ਵੀ ਜਾਣਿਆ ਜਾਂਦਾ ਹੈ। ਖਾਲਸਾ ਪੰਥ ਦਾ ਜਨਮ 30 ਮਾਰਚ, 1699 ਨੂੰ ਹੋਇਆ ਸੀ।

ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ 12 ਅਪ੍ਰੈਲ 1801 (ਵਿਸਾਖੀ ਦੇ ਨਾਲ ਦਾ ਦਿਨ) ਨੂੰ ਸਿੱਖ ਸਾਮਰਾਜ ਦਾ ਮਹਾਰਾਜਾ ਘੋਸ਼ਿਤ ਕੀਤਾ ਗਿਆ, ਇਕ ਏਕੀਕ੍ਰਿਤ ਰਾਜਨੀਤਿਕ ਰਾਜ ਦੀ ਸਿਰਜਣਾ, ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਸਾਹਿਬ ਸਿੰਘ ਬੇਦੀ ਦੇ ਨਾਲ ਤਾਜਪੋਸ਼ੀ ਦਾ ਸੰਚਾਲਨ ਕੀਤਾ ਗਿਆ।

ਵਿਸਾਖੀ ਨੂੰ ਗੁਰਪੁਰਬ ਜਾਂ ਗੁਰੂ ਦੇ ਪ੍ਰਕਾਸ਼ ਪੁਰਬ ਵਾਂਗ ਹੀ ਮਨਾਇਆ ਜਾਂਦਾ ਹੈ, ਗੁਰਦੁਆਰਿਆਂ ਨੂੰ ਸਜਾਇਆ ਜਾਂਦਾ ਹੈ ਅਤੇ ਉਥੇ ਕੀਰਤਨ ਅਤੇ ਧਾਰਮਿਕ ਭਾਸ਼ਣ ਸੁਣਨ ਵਾਲੇ ਸਿੱਖ ਹਾਜ਼ਰ ਹੁੰਦੇ ਹਨ। ਬਹੁਤ ਸਾਰੇ ਸਿੱਖ ਵੀ ਇਸ ਦਿਨ ਖਾਲਸਾ ਹੁਕਮ ਵਿਚ ਸ਼ਾਮਲ ਹੋਣ ਦੀ ਚੋਣ ਕਰਦੇ ਹਨ। ਅਰਦਾਸ ਤੋਂ ਬਾਅਦ, ਕੜਾਹ ਪ੍ਰਸ਼ਾਦ ਫਿਰ ਸੰਗਤ ਨੂੰ ਵਰਤਾਇਆ ਜਾਂਦਾ ਹੈ, ਅਤੇ ਸਮਾਗਮ ਦੀ ਸਮਾਪਤੀ ਲੰਗਰ ਜਾਂ ਕਮਿਊਨਿਟੀ ਲੰਚ ਨਾਲ ਹੁੰਦੀ ਹੈ। ਇਸ ਤਿਉਹਾਰ ਨੂੰ ਪੰਜ ਪਿਆਰਿਆਂ ਦੇ ਨੁਮਾਇੰਦਿਆਂ ਦੇ ਇਕ ਸਮੂਹ ਦੀ ਅਗਵਾਈ ਵਿਚ ਇਕ ਨਗਰ ਕੀਰਤਨ ਸਟਰੀਟ ਜਲੂਸ ਦੇ ਨਾਲ ਚਿੰਨ੍ਹਿਤ ਕੀਤਾ ਜਾਂਦਾ ਹੈ ਅਤੇ ਸੰਗੀਤ, ਗਾਇਨ ਅਤੇ ਜਾਪ ਪਾਠ ਜਸ਼ਨ ਦਾ ਹਿੱਸਾ ਹਨ।

ਪੰਜਾਬ ਵਿਚ ਖਾਲਸੇ ਦੇ ਸਾਜਨਾ ਦਿਵਸ ਨੂੰ ਮਨਾਉਣ ਲਈ ਕਈ ਥਾਂਵਾਂ 'ਤੇ ਮੇਲੇ ਲੱਗਦੇ ਹਨ। ਵਿਸਾਖੀ ਵਾਲੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਲਾਨਾ ਮੇਲਾ ਲੱਗਦਾ ਹੈ। ਇਸ ਮੌਕੇ ਨੂੰ ਮਨਾਉਣ ਲਈ ਆਨੰਦਪੁਰ ਸਾਹਿਬ ਸ਼ਹਿਰ ਵਿਚੋਂ ਇਕ ਜਲੂਸ ਕੱਢਿਆ ਜਾਂਦਾ ਹੈ। ਹੋਰ ਮਹੱਤਵਪੂਰਨ ਸਥਾਨ ਜਿੱਥੇ ਵੱਡੇ ਇਕੱਠ ਹੁੰਦੇ ਹਨ, ਉਹ ਹਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ। ਤਲਵੰਡੀ ਸਾਬੋ ਇੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਮਹੀਨੇ ਦੇ ਕਰੀਬ ਠਹਿਰਾਅ ਕੀਤਾ ਸੀ ਤੇ ਇਸੇ ਠਹਿਰਾਅ ਦੇ ਦੌਰਾਨ ਇੱਥੇ ਹੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸੰਕਲਨ ਪੂਰਾ ਕੀਤਾ ਸੀ। ਖਾਲਸੇ ਦਾ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਦੇ ਗੁਰਦੁਆਰੇ ਸਾਹਿਬ ਵਿਚ ਇਕ ਵਿਸ਼ੇਸ਼ ਜਸ਼ਨ ਮਨਾਇਆ ਜਾਂਦਾ ਹੈ। ਖਾਲਸਾ ਅਤੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਖੇ, ਜਸ਼ਨਾਂ ਵਿਚ ਤਲਵਾਰਾਂ, ਲਾਠੀਆਂ ਅਤੇ ਖੰਜਰਾਂ ਦੀ ਵਰਤੋਂ ਕਰਦੇ ਹੋਏ ਗਤਕੇ ਦੀ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕਰਨਾ ਸ਼ਾਮਲ ਹੈ।

ਵਾਢੀ ਦਾ ਤਿਉਹਾਰ: ਵਿਸਾਖੀ ਉੱਤਰੀ ਭਾਰਤ ਦੇ ਲੋਕਾਂ ਲਈ ਵਾਢੀ ਦਾ ਤਿਉਹਾਰ ਹੈ। ਪੰਜਾਬ ਵਿਚ, ਵਿਸਾਖੀ ਹਾੜੀ ਦੀ ਫਸਲ ਪੱਕਣ ਦੀ ਨਿਸ਼ਾਨਦੇਹੀ ਕਰਦੀ ਹੈ। ਪੰਜਾਬ ਵਿਚ ਇਸ ਦਿਨ ਨੂੰ ਕਿਸਾਨਾਂ ਦੁਆਰਾ ਧੰਨਵਾਦ ਦਿਵਸ ਵਜੋਂ ਮਨਾਇਆ ਜਾਂਦਾ ਹੈ,ਜਿਸ ਵਿਚ ਕਿਸਾਨ ਆਪਣੀ ਸ਼ਰਧਾਂਜਲੀ ਭੇਟ ਕਰਦੇ ਹਨ, ਭਰਪੂਰ ਫਸਲ ਲਈ ਪ੍ਰਮਾਤਮਾ ਦਾ ਧੰਨਵਾਦ ਕਰਦੇ ਹਨ ਅਤੇ ਭਵਿੱਖ ਦੀ ਖੁਸ਼ਹਾਲੀ ਲਈ ਪ੍ਰਾਰਥਨਾ ਕਰਦੇ ਹਨ। ਵਾਢੀ ਦਾ ਤਿਉਹਾਰ ਹਿੰਦੂਆਂ ਅਤੇ ਸਿੱਖਾਂ ਦੁਆਰਾ ਮਨਾਇਆ ਜਾਂਦਾ ਹੈ। ਪੰਜਾਬ ਵਿਚ ਇਤਿਹਾਸਕ ਤੌਰ 'ਤੇ, 20 ਵੀਂ ਸਦੀ ਦੇ ਸ਼ੁਰੂ ਵਿਚ, ਵੈਸਾਖੀ ਹਿੰਦੂਆਂ ਅਤੇ ਸਿੱਖਾਂ ਲਈ ਇਕ ਪਵਿੱਤਰ ਦਿਨ ਸੀ ਅਤੇ ਸਾਰੇ ਮੁਸਲਮਾਨਾਂ ਅਤੇ ਇਸਾਈਆਂ ਲਈ ਇਕ ਧਰਮ ਨਿਰਪੱਖ ਤਿਉਹਾਰ ਸੀ। ਅਜੋਕੇ ਸਮੇਂ ਵਿਚ ਕਈ ਵਾਰ ਪੰਜਾਬ ਵਿਚ ਇਸਾਈ, ਹਿੰਦੂਆਂ ਅਤੇ ਸਿੱਖਾਂ ਦੇ ਨਾਲ ਵਿਸਾਖੀ ਦੇ ਜਸ਼ਨਾਂ ਵਿਚ ਹਿੱਸਾ ਲੈਂਦੇ ਹਨ। ਵਾਢੀ ਦਾ ਤਿਉਹਾਰ ਵੀ ਲੋਕ-ਨਾਚ ਭੰਗੜਾ ਦੁਆਰਾ ਦਰਸਾਇਆ ਜਾਂਦਾ ਹੈ ਜੋ ਕਿ ਰਵਾਇਤੀ ਤੌਰ 'ਤੇ ਵਾਢੀ ਦਾ ਨਾਚ ਹੈ।

ਆਵਤ ਪੌਣੀ ਪੰਜਾਬ ਵਿਚ ਵਾਢੀ ਨਾਲ ਜੁੜੀ ਇਕ ਪ੍ਰੰਪਰਾ ਹੈ, ਜਿਸ ਵਿਚ ਕਣਕ ਦੀ ਵਾਢੀ ਕਰਨ ਲਈ ਲੋਕ ਇਕੱਠੇ ਹੁੰਦੇ ਹਨ। ਲੋਕ ਕੰਮ ਕਰਦੇ ਸਮੇਂ ਢੋਲ ਵਜਾਉਂਦੇ ਜਾਂਦੇ ਹਨ। ਦਿਨ ਦੇ ਅੰਤ ਵਿਚ, ਲੋਕ ਢੋਲ ਦੀਆਂ ਧੁੰਨਾਂ ਨਾਲ ਦੋਹੇ ਤੇ ਬੋਲੀਆਂ ਪਾਉਂਦੇ ਤੇ ਗਾਉਂਦੇ ਹਨ। ਸ਼ਾਇਦ ਇਸੇ ਸਮੇਂ ਨੂੰ ਦਰਸਾਉਂਦੀਆਂ ਕਿਸੇ ਸ਼ਾਇਰ ਦੀਆਂ ਸਤਰਾਂ ਨਿਮਨਲਿਖਤ ਅਨੁਸਾਰ ਹਨ:

'ਓਏ ਜੱਟਾ ਆਈ ਵਿਸਾਖੀ,
ਕਣਕਾਂ ਦੀ ਮੁੱਕ ਗਈ ਰਾਖੀ।'

ਇਸੇ ਤਰ੍ਹਾਂ ਦੇ ਦ੍ਰਿਸ਼ ਨੂੰ ਪੰਜਾਬੀ ਸਾਹਿਤ ਦੇ ਪ੍ਰਸਿੱਧ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਆਪਣੀ ਇਕ ਬੜੀ ਪ੍ਰਸਿੱਧ ਕਵਿਤਾ 'ਵਿਸਾਖੀ ਦਾ ਮੇਲਾ' ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ:

ਪੱਕ ਗਈਆਂ ਕਣਕਾਂ, ਲੁਕਾਠ ਰਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਪੁੰਗਰੀਆਂ ਵੇਲਾ, ਵੇਲਾਂ ਰੁੱਖਾਂ ਚੜ੍ਹੀਆਂ,
ਫੁੱਲਾਂ ਹੇਠ ਫਲਾਂ ਨੇ, ਪਰੋਈਆਂ ਲੜੀਆਂ।
ਸਾਂਈ ਦੀ ਨਿਗਾਹ, ਜੱਗ 'ਤੇ ਸਵੱਲੀ ਏ,
ਚੱਲ ਨੀ ਪ੍ਰੇਮੀਏ, ਵਿਸਾਖੀ ਚੱਲੀਏ।

ਵਿਸਾਖੀ ਦੇ ਤਿਉਹਾਰ 'ਤੇ ਵੱਡੀ ਗਿਣਤੀ 'ਚ ਸਿੱਖ ਪਾਉਂਟਾ ਸਾਹਿਬ ਜਾਂਦੇ ਹਨ ਕਿਉਂਕਿ ਇੱਥੇ ਗੁਰੂ ਗੋਬਿੰਦ ਸਿੰਘ ਜੀ ਕੁਝ ਸਾਲ ਰਹੇ ਸਨ। ਪਾਉਂਟਾ ਸਾਹਿਬ ਗੁਰਦੁਆਰਾ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਵਿਚ ਹੈ। ਇਹ ਸਥਾਨ ਜਮਨਾ ਨਦੀ ਦੇ ਨੇੜੇ ਸਥਿਤ ਹੈ। ਖਾਲਸੇ ਦੇ ਜਨਮ ਨੂੰ ਦਰਸਾਉਣ ਲਈ 1999 ਵਿਚ ਪਾਉਂਟਾ ਸਾਹਿਬ ਗੁਰਦੁਆਰੇ ਤੋਂ ਤਿੰਨ ਸ਼ਤਾਬਦੀ ਸਮਾਗਮ ਸ਼ੁਰੂ ਕੀਤੇ ਗਏ ਸਨ।

ਕਸ਼ਮੀਰ ਦੇ ਸਿੱਖ ਖਾਲਸੇ ਦੀ ਨੀਂਹ ਰੱਖਣ ਲਈ ਵਿਸਾਖੀ ਨੂੰ ਧਾਰਮਿਕ ਤਿਉਹਾਰ ਵਜੋਂ ਮਨਾਉਂਦੇ ਹਨ। ਉੱਤਰੀ ਭਾਰਤੀ ਮੈਦਾਨੀ ਖੇਤਰਾਂ ਦੇ ਉਲਟ ਜਿੱਥੇ ਵਿਸਾਖੀ ਵੀ ਵਾਢੀ ਨਾਲ ਜੁੜੀ ਹੋਈ ਹੈ, ਕਸ਼ਮੀਰ ਵਿਚ ਸਿੱਖਾਂ ਨੇ ਉਸ ਦਿਨ ਨੂੰ ਚਿੰਨ੍ਹਿਤ ਕੀਤਾ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ। ਕਸ਼ਮੀਰ ਦੇ ਸਾਰੇ ਗੁਰਦੁਆਰਿਆਂ ਵਿਚ ਬਾਜੇ ਨਾਲ ਕੀਰਤਨ ਹੁੰਦੇ ਹਨ। ਹਾਲਾਂਕਿ, ਮੁੱਖ ਜਸ਼ਨ ਰੈਣਵਾੜੀ ਵਿਚ ਛੇਵੀਂ ਪਾਤਸ਼ਾਹੀ ਗੁਰਦੁਆਰੇ ਵਿਚ ਹੁੰਦਾ ਹੈ। ਸਿੱਖ ਵਿਸਾਖੀ 'ਤੇ ਦੋਸਤਾਂ ਅਤੇ ਪਰਿਵਾਰਾਂ ਨੂੰ ਮਿਲਣ ਜਾਂਦੇ ਹਨ। ਤਿਉਹਾਰ ਨੂੰ ਮਨਾਉਣ ਲਈ ਲੋਕ ਵਿਸ਼ੇਸ਼ ਕੱਪੜੇ ਪਹਿਨਦੇ ਤੇ ਵਿਸ਼ੇਸ਼ ਭੋਜਨ ਤਿਆਰ ਕਰਦੇ ਹਨ। ਸਿੱਖ ਬਾਗਾਂ ਤੇ ਬਜ਼ਾਰਾਂ ਵਿਚ ਵੀ ਜਾਂਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਜਸ਼ਨ ਮਨਾਉਣ ਦਾ ਤਰੀਕਾ ਹੋਰ ਥਾਵਾਂ 'ਤੇ ਮਨਾਏ ਜਾਣ ਦੇ ਤਰੀਕੇ ਨਾਲੋਂ ਵੱਖਰਾ ਹੈ।

ਨਿਹੰਗ ਸਿੰਘ ਜਾਂ ਅਕਾਲੀ ਦਲ: ਇਹ ਇਕ ਹਥਿਆਰਬੰਦ ਸਿੱਖ ਯੋਧਾ ਸੰਗਠਨ ਹਨ, ਜਿਹਨਾਂ ਦੀ ਪੈਦਾਇਸ਼ ਸਿੱਖ ਧਰਮ ਦੇ ਛੇਵੇਂ ਗੁਰੂ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਹੋਈ ਸੀ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਧਰਮ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਸੀ। ਇਹੀ ਮੁੱਖ ਕਾਰਨ ਸੀ ਕਿ ਗੁਰੂ ਜੀ ਨੇ ਆਪਣੇ ਧਰਮ ਦੀ ਰੱਖਿਆ ਤੇ ਸਵੈ-ਸੁਰੱਖਿਆ ਲਈ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਸਨ ਤੇ ਸਿੱਖਾਂ ਨੂੰ ਵੀ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਸੀ। ਮੁਢਲੇ ਸਿੱਖ ਫੌਜੀ ਇਤਿਹਾਸ ਵਿਚ ਨਿਹੰਗਾਂ ਦਾ ਕਾਫੀ ਦਬਦਬਾ ਸੀ, ਜੋ ਉਹਨਾਂ ਦੀਆਂ ਜਿੱਤਾਂ ਲਈ ਜਾਣੇ ਜਾਂਦੇ ਸਨ ਤੇ ਉਹਨਾਂ ਨੇ ਗੁਰੂ ਸਾਹਿਬ ਨਾਲ ਮਿਲ ਕੇ ਕਈ ਜੰਗਾਂ ਵੀ ਲੜੀਆਂ ਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ। ਨਿਹੰਗਾਂ ਨੇ ਇਕ ਸਮੇਂ ਸਿੱਖ ਸਾਮਰਾਜ ਦੀਆਂ ਹਥਿਆਰਬੰਦ ਸੈਨਾਵਾਂ, ਸਿੱਖ ਖਾਲਸਾ ਫੌਜ ਦੇ ਅਨਿਯਮਿਤ ਗੁਰੀਲਾ ਦਸਤੇ ਵੀ ਬਣਾਏ ਸਨ। ਨਿਹੰਗ ਵਿਸਾਖੀ ਨੂੰ ਆਪਣੇ ਵਿਲੱਖਣ ਢੰਗ ਨਾਲ ਮਨਾਉਂਦੇ ਹਨ। ਉਹ ਮਾਰਸ਼ਲ ਆਰਟਸ, ਗਤਕੇ ਦੇ ਬੜੇ ਮਾਹਰ ਤੇ ਘੋੜ ਸਵਾਰੀ ਦੇ ਵਿਸਾਖੀ ਵਾਲੇ ਦਿਨ 'ਤੇ ਪ੍ਰਦਰਸ਼ਨ ਕਰਦੇ ਹਨ।

ਸਿੱਖ ਨਵਾਂ ਸਾਲ: ਖਾਲਸਾ ਸੰਮਤ ਅਨੁਸਾਰ ਖਾਲਸਾ ਕੈਲੰਡਰ ਖਾਲਸੇ ਦੀ ਸਾਜਨਾ ਨਾਲ ਸ਼ੁਰੂ ਹੁੰਦਾ ਹੈ ਜੋ ਕਿ 1 (ਇਕ) ਵਿਸਾਖ 1756 ਬਿਕਰਮੀ ਮੁਤਾਬਕ ਈਸਵੀ 13 ਅਪ੍ਰੈਲ 1699 ਹੈ। ਇਸ ਅਨੁਸਾਰ ਵਿਸਾਖੀ ਪਰੰਪਰਾਗਤ ਸਿੱਖ ਨਵਾਂ ਸਾਲ ਰਿਹਾ ਹੈ। ਇਹ ਤਿਉਹਾਰ ਪੰਜਾਬ ਖੇਤਰ ਵਿਚ ਰਵਾਇਤੀ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਦਾ ਵਿਕਲਪਿਕ ਨਾਨਕਸ਼ਾਹੀ ਕੈਲੰਡਰ ਆਪਣਾ ਸਾਲ, ਇਕ ਮਹੀਨਾ ਪਹਿਲਾਂ 1 (ਇਕ) ਚੇਤ ਨੂੰ ਸ਼ੁਰੂ ਹੁੰਦਾ ਹੈ ਜੋ ਆਮ ਤੌਰ 'ਤੇ 14 ਮਾਰਚ ਨੂੰ ਆਉਂਦਾ ਹੈ ਅਤੇ 1469 ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਸਾਲ ਨਾਲ ਸ਼ੁਰੂ ਹੁੰਦਾ ਹੈ।

ਅਜੋਕੇ ਸਮੇਂ 'ਚ ਇਹ ਨਹੀਂ ਕਿ ਲੋਕ ਸਿਰਫ ਭਾਰਤ ਵਿਚ ਹੀ ਵਿਸਾਖੀ ਦਾ ਤਿਉਹਾਰ ਮਨਾਉਂਦੇ ਹਨ ਸਗੋਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਯੂਰਪ, ਪਾਕਿਸਤਾਨ ਅਤੇ ਏਸ਼ੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਜਿੱਥੇ ਵੀ ਭਾਰਤੀ ਗਏ ਹਨ, ਉਥੇ ਆਪਣੇ-ਆਪਣੇ ਧਾਰਮਿਕ ਸਥਾਨਾਂ 'ਤੇ ਜਾਂਦੇ ਹਨ, ਪਾਠ-ਪੂਜਾ ਕਰਨ ਉਪਰੰਤ, ਲੀਡਰਾਂ ਦੇ ਭਾਸ਼ਣ ਸੁਣਨ ਉਪਰੰਤ ਲੰਗਰ ਵੀ ਛਕਦੇ ਹਨ ਤੇ ਸਰੋਵਰਾਂ ਤੇ ਹੋਰ ਜਲ ਸਰੋਤਾਂ 'ਤੇ ਇਸ਼ਨਾਨ ਕਰਕੇ ਵਿਸਾਖੀ ਤਿਉਹਾਰ ਦਾ ਆਨੰਦ ਮਾਣਦੇ ਹਨ। ਉਹ ਨਗਰ ਕੀਰਤਨ (ਪਰੇਡਾਂ) 'ਚ ਵੀ ਸ਼ਾਮਲ ਹੁੰਦੇ ਹਨ। ਉਹ ਨਿਰਸਵਾਰਥ ਸੇਵਾ ਕਰਨ ਲਈ ਬਾਹਰ ਆਉਂਦੇ ਹਨ ਜਿਵੇਂ ਕਿ ਮੁਫ਼ਤ ਭੋਜਨ ਦੇਣਾ ਅਤੇ ਕਿਸੇ ਹੋਰ ਕਿਰਤ ਨੂੰ ਪੂਰਾ ਕਰਨਾ, ਜਿਸ ਦੀ ਲੋੜ ਹੋਵੇ। ਦੇਸ਼ ਦੇ ਵੱਖ-ਵੱਖ ਨਸਲੀ ਅਤੇ ਧਾਰਮਿਕ ਸਮੂਹਾਂ ਵਿਚ ਸ਼ਾਮਲ ਹੋ ਕੇ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੇ ਯਤਨਾਂ ਅਨੁਸਾਰ ਕੰਮ ਕਰਦੇ ਹਨ।

ਪਾਕਿਸਤਾਨ ਵਿਚ ਬਹੁਤ ਸਾਰੀਆਂ ਹਿੰਦੂ ਤੇ ਸਿੱਖ ਸੰਸਥਾਵਾਂ ਤੇ ਥਾਂਵਾਂ ਹਨ ਜੋ ਦੋਹਾਂ ਹੀ ਧਰਮਾਂ ਦੇ ਲੋਕਾਂ ਲਈ ਇਤਿਹਾਸਕ ਮਹੱਤਤਾ ਰੱਖਦੀਆਂ ਹਨ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ, ਹਸਨ ਅਬਦਾਲ 'ਚ 'ਪੰਜਾ ਸਾਹਿਬ' ਲਾਹੌਰ ਵਿਚ ਵੱਖ-ਵੱਖ ਇਤਿਹਾਸਕ ਤੇ ਧਾਰਮਿਕ ਸਥਾਨ ਤੇ ਹਿੰਦੂ ਮੰਦਰ ਜਗਨ ਨਾਥ ਸਿਆਲਕੋਟ ਤੇ ਕਟਾਸਰਾਜ ਮੰਦਰ ਮਨੋਰਾ ਹਨ। ਇਹ ਧਾਰਮਿਕ ਸਥਾਨ ਹਰ ਸਾਲ ਵਿਸਾਖੀ ਮੌਕੇ ਦੇਸ਼-ਵਿਦੇਸ਼ਾਂ ਤੋਂ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦੇ ਹਨ, ਭਾਵੇਂ 1947 ਤੋਂ ਬਾਅਦ ਪਾਕਿਸਤਾਨ 'ਚ ਸਿੱਖ ਤੇ ਹਿੰਦੂ ਆਬਾਦੀ ਘਟ ਗਈ ਹੈ ਪਰ ਫਿਰ ਵੀ ਵਿਸਾਖੀ ਜਾਂ ਹੋਰ ਇਤਿਹਾਸਕ ਮੌਕਿਆਂ 'ਤੇ ਆਪਣੀ ਆਸਥਾ ਅਨੁਸਾਰ ਲੋਕ ਵੱਡੀ ਗਿਣਤੀ ਵਿਚ ਆਪਣੀ ਹਾਜ਼ਰੀ ਭਰਦੇ ਹਨ।

# HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ ਵੀ ਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ ਪੀ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME


ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com

# ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼

ਅੱਜ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਭਾਰਤ ਸਮੇਤ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਹੋਣ ਵਾਲੇ ਵੱਖ ਵੱਖ ਸਮਾਗਮਾਂ ਵਿੱਚ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਤੇ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦਾ ਜਨਮ ਅੱਜ ਦੇ ਦਿਨ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਪਿਤਾ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਭੀਮਾ ਬਾਈ ਮੁਰਬਾਦਕਰ ਦੇ ਘਰ ਹੋਇਆ। ਉਹ ਅਪਣੇ ਮਾਤਾ ਪਿਤਾ ਦੀ 14ਵੀਂ ਔਲਾਦ ਸਨ ਅਤੇ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਵਰਣ ਵਿਵਸਥਾ ਅਨੁਸਾਰ ਅਛੂਤ ਮੰਨੀ ਜਾਂਦੀ ਸੀ ਅਤੇ ਉਹਨਾਂ ਨਾਲ ਸਮਾਜਿਕ ਅਤੇ ਆਰਥਿਕ ਭੇਦਭਾਵ ਕੀਤਾ ਜਾਂਦਾ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਸੈਨਾ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਰਤੀ ਸੈਨਾ ਦੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਉਨ੍ਹਾਂ ਨਾਲ ਅਕਸਰ ਹੀ ਜਾਤਿ ਅਧਾਰਿਤ ਗੈਰ ਮਨੁੱਖੀ ਭੇਦਭਾਵ ਵਾਲੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਜਿਨ੍ਹਾਂ ਨੇ ਉਨ੍ਹਾਂ ਦੇ ਦਿਮਾਗ ਅਤੇ ਵਿਚਾਰਧਾਰਾ ਤੇ ਡੂੰਘਾ ਅਸਰ ਕੀਤਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚੋਂ ਸਾਲ 1912 ਵਿੱਚੋਂ ਬੀ ਏ ਪਾਸ ਕਰ ਲਈ ਅਤੇ ਮਹਾਰਾਜਾ ਬੜੋਦਾ ਨੇ ਉਹਨਾਂ ਨੂੰ ਹੋਰ ਉੱਚ ਸਿੱਖਿਆ ਲਈ ਸਰਕਾਰੀ ਖਰਚੇ ਤੇ ਵਿਦੇਸ਼ ਭੇਜ ਦਿੱਤਾ ਅਤੇ ਆਪ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਆਪ ਦਾ ਵਿਆਹ ਲੱਗਭੱਗ 17 ਸਾਲ ਦੀ ਉਮਰ ਵਿੱਚ ਰਾਮਾ ਬਾਈ ਨਾਲ ਹੋਇਆ ਅਤੇ ਆਪ ਦੇ ਘਰ ਪੰਜ ਬੱਚਿਆਂ ਜਸ਼ਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜ ਰਤਨ ਨੇ ਜਨਮ ਲਿਆ ਪਰ ਜਸਵੰਤ ਰਾਓ ਤੋਂ ਇਲਾਵਾ ਬਾਕੀ ਸਾਰੇ ਬੱਚੇ ਛੋਟੀ ਉਮਰ ਵਿੱਚ ਹੀ ਮਰ ਗਏ। ਪੜ੍ਹਾਈ ਮੁਕੰਮਲ ਕਰਨ ਤੋਂ ਬਾਦ ਮਹਾਰਾਜਾ ਬੜੌਦਾ ਨੇ ਆਪ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਜਾਤਿ ਅਧਾਰਤ ਵਿਤਕਰਾ ਹੀ ਝੱਲਣਾ ਪਿਆ, ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉੱਚ ਅਹੁਦੇ ਆਈ ਸੀ ਐਸ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਭਾਰਤੀ ਲੋਕਾਂ ਵਲੋਂ ਕੀਤੇ ਅੰਦੋਲਨ ਬਾਦ ਸਾਊਥ ਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ 01 ਐਂਗਲੋ ਇੰਡੀਅਨ ਲਈ ਰੱਖੀ ਗਈ ਸੀ। ਡਾਕਟਰ ਅੰਬੇਡਕਰ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬੋਰੋਹ ਕਮੇਟੀ ਸਾਹਮਣੇ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਦੇਸ਼ ਦੇ ਕੁੱਝ ਕੱਟੜ ਆਗੂਆ ਦੇ ਵਿਰੋਧ ਕਾਰਨ ਦਲਿਤਾਂ ਨੂੰ ਕੋਈ ਲਾਭ ਨਾਂ ਮਿਲਿਆ। ਡਾਕਟਰ ਅੰਬੇਡਕਰ ਅਤੇ ਹੋਰ ਕਈ ਦਲਿਤ ਆਗੂਆਂ ਦੀ ਮੰਗ ਨੂੰ ਵੇਖਦੇ ਹੋਏ ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ, 1928 ਨੂੰ ਭਾਰਤ ਆਇਆ ਜਿਸਦਾ ਕਈ ਕਾਂਗਰਸੀ



ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਦੋਆਬੇ ਦੇ ਕਈ ਦਲਿਤ ਆਗੂਆਂ ਨੇ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਦਲਿਤਾਂ ਦੇ ਲੱਗਭੱਗ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸੱਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸਦਾ ਕਈ ਕੱਟੜ ਹਿੰਦੂ ਆਗੂਆਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਵਖਰੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ ਜਿਸ ਨਾਲ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਸਮਝੌਤੇ ਲਈ ਦਬਾਓ ਵੱਧ ਗਿਆ। 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਜਿਸ ਵਿੱਚ ਅਛੂਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ, ਵਿੱਦਿਆ ਅਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਸਹੂਲਤਾਂ ਅਤੇ ਮੋਜੂਦਾ ਰਾਖਵਾਂਕਰਣ ਦੀਆਂ ਸਹੂਲਤਾਂ ਦਿਤੀਆਂ ਗਈਆਂ। ਕਈ ਦਲਿਤ ਆਗੂਆਂ ਨੇ ਇਸ ਪੂਨਾ ਪੈਕਟ ਸਮਝੋਤੇ ਨੂੰ ਕਰੋੜ੍ਹਾਂ ਦਲਿਤਾਂ ਨਾਲ ਧੋਖਾ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ। ਉਨ੍ਹਾਂ ਨੇ 25 ਦਸੰਬਰ, 1927 ਨੂੰ ਮਨੂੰ ਸਮ੍ਰਤਿ ਨੂੰ ਜਲਾਇਆ। ਮਈ 1935 ਵਿੱਚ ਬਾਬਾ ਸਾਹਿਬ ਦੀ ਜੀਵਨ ਸਾਥਣ ਰਮਾ ਬਾਈ ਬਿਮਾਰੀ ਤੋਂ ਬਾਦ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁ-ਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ ਪਰ ਸਿੱਖ ਧਰਮ ਦੇ ਕੁੱਝ ਉੱਚ ਜਾਤੀ ਲੀਡਰਾਂ ਕਾਰਨ ਸਿੱਖ ਧਰਮ ਨਾਂ ਅਪਣਾ ਸਕੇ। ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਵੀ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂਂਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿੱਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। 15 ਅਗਸਤ 1947 ਨੂੰ ਭਾਰਤ ਦੇਸ਼ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣ-ਾਇਆ ਗਿਆ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। 26 ਨਵੰਬਰ, 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮੰਨਜੂਰ ਕਰ ਲਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 15 ਅਪ੍ਰੈਲ 1948 ਨੂੰ ਆਪ ਨੇ ਡਾਕਟਰ ਸ਼ਾਰਦਾ ਕਬੀਰ ਜਿਸਨੇ ਵਿਆਹ ਤੋਂ ਬਾਦ ਅਪਣਾ ਨਾਮ ਸਵਿਤਾ ਅੰ-ਬੇਡਕਰ ਰੱਖਿਆ ਨਾਲ ਦੂਜਾ ਵਿਆਹ ਕਰਵਾਇਆ। ਸਾਲ1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਚੋਣ ਹਾਰ ਗਏ। ਮਾਰਚ 1952 ਵਿੱਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ 1956 ਨੂੰ ਡਾਕਟਰ ਅੰਬੇਡਕਰ ਨੇ ਅਪਣੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਦਿੱਲੀ ਵਿੱਚ 06 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। 1990 ਵਿੱਚ ਆਪ ਨੂੰ ਦੇਸ਼ ਦੇ ਸਭ ਤੋਂ ਵੱਡੇ ਸਨਮਾਨ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਅਤੇ ਸੰਸਦ ਦੇ ਕੇਂਦਰੀ ਹਾਲ ਵਿੱਚ ਬਾਬਾ ਸਾਹਿਬ ਦੀ ਤਸਵੀਰ ਲਗਾਈ ਗਈ। ਸਰਕਾਰ ਵਲੋਂ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਸਮਾਜਿਕ ਨਿਆਏ ਵਰ੍ਹਾ ਵਜੋਂ ਮਨਾਇਆ ਗਿਆ। ਭਾਰਤੀ ਡਾਕ ਵਿਭਾਗ ਨੇ ਡਾਕਟਰ ਅੰਬੇਡਕਰ ਦੇ ਜਨਮ ਦਿਨ ਨੂੰ ਸਮ-ਰਪਿਤ ਸਮੇਂ ਸਮੇਂ ਤੇ ਕਈ ਡਾਕ ਟਿਕਟਾਂ ਜਾਰੀ ਕੀਤੀਆਂ ਹਨ। 14 ਅਪ੍ਰੈਲ 2015 ਨੂੰ ਗੂਗਲ ਨੇ ਬਾਬਾ ਸਾਹਿਬ ਦੀ ਫੋਟੋ ਲਗਾਈ ਅਤੇ ਭਾਰਤ ਸਰਕਾਰ ਵਲੋਂ ਵੀ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਅਤੇ 125 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਨੇ 2016, 2017 ਅਤੇ 2018 ਵਿੱਚ ਡਾਕਟਰ ਅੰਬੇਡਕਰ ਜਯੰਤੀ ਮਨਾਈ। 14 ਅਪ੍ਰੈਲ ਨੂੰ ਮਹਾਰਾਸ਼ਟਰ ਵਿੱਚ ਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 14 ਅਪ੍ਰੈਲ ਨੂੰ ਬਰਾਬਰਤਾ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। 03 ਅਪ੍ਰੈਲ 2023 ਨੂੰ ਬਰਨਬੀ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਮੇਅਰ ਮਾਇਕ ਹਰਲੇ ਨੇ 14 ਅਪ੍ਰੈਲ ਨੂੰ ਡਾ. ਬੀ.ਆਰ. ਅੰਬੇਡਕਰ ਜਯੰਤੀ ਨੂੰ ਆਪਣੇ ਸ਼ਹਿਰ ਵਿੱਚ ਬਰਾਬਰਤਾ ਦਾ ਦਿਵਸ ਮਨਾਉਣ ਦੀ ਘੋਸ਼ਣਾ ਕੀਤੀ ਹੈ।



ਕੁਲਦੀਪ ਚੰਦ
91-9417563054

ਬਰਨਬੀ ਸਿਟੀ ਦੁਆਰਾ 2020 ਤੋਂ ਬਾਅਦ ਇਹ ਚੌਥੀ ਸਾਲਾਨਾ ਘੋਸ਼ਣਾ ਕੀਤੀ ਗਈ ਹੈ। ਇਸਤੋਂ ਇਲਾਵਾ ਹੋਰ ਸ਼ਹਿਰਾਂ 23 ਅਪ੍ਰੈਲ ਨੂੰ ਵੈਨਕੂਵਰ ਵਿੱਚ, 25 ਅਪ੍ਰੈਲ ਨੂੰ ਵਿਕਟੋਰੀਆ ਯੂਨੀਵਰਸਿਟੀ ਆਫ਼ ਵਿਕਟੋਰੀਆ ਵਿੱਚ ਅਤੇ 26 ਅਪ੍ਰੈਲ ਨੂੰ ਐਬਟਸਫੋਰਡ ਵਿੱਚ ਫਰੇਜ਼ਰ ਵੈਲੀ ਯੂਨੀਵਰਸਿਟੀ ਵਿੱਚ ਸਮਾਨਤਾ ਦਿਵਸ ਮਨਾਏ ਜਾ ਰਹੇ ਹਨ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦਾ ਐਲਾਨ ਕੀਤਾ ਹੈ ਅਤੇ ਸਮੂਹ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਚਿੱਤਰ ਲਗਾਏ ਗਏ ਹਨ। ਅੱਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਰਕਾਰਾਂ ਵਲੋਂ ਅਤੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਬਾਬਾ ਸਾਹਿਬ ਦਾ ਜਨਮਦਿਨ ਮਨਾਉਣ ਦਾ ਅਸਲੀ ਮੰਤਬ ਤਾਂ ਹੀ ਪੂਰਾ ਹੋਵੇਗਾ ਜੇਕਰ ਅਸੀਂ ਡਾਕਟਰ ਅੰਬੇਡਕਰ ਵਲੋਂ ਦੱਸੇ ਗਏ ਵਿਚਾਰਾਂ ਨੂੰ ਅਪਣਾਕੇ ਸਮਾਜ ਨੂੰ ਗੈਰ ਵਿਤਕਰੇ ਵਾਲਾ ਅਤੇ ਬਰਾਬਰਤਾ ਵਾਲਾ ਬਣਾਉਣ ਲਈ ਕੰਮ ਕਰੀਏ।

# ਅਰਪਨ ਸੰਸਥਾ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ


ਅਰਪਨ ਸੰਸਥਾ ਵਲੋਂ ਸੋਸਵਾ ਪੰਜਾਬ ਦੀ ਮੱਦਦ ਨਾਲ ਸ਼੍ਰੀ ਗੁਰੂ ਰਵਿਦਾਸ ਮੰਦਿਰ ਨੰਗਲ ਵਿੱਚ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾ ਨੂੰ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਦਿਤੀਆਂ ਗਈਆਂ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਸਰਦਾਰ ਰਣਜੀਤ ਸਿੰਘ ਮਰਵਾਹਾ ਮੁੱਖੀ ਐਚਆਰਡੀ ਪੀਏਸੀਐਲ ਨੰਗਲ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਪਰਮਿੰਦਰ ਸਿੰਘ ਕੋਹਲੀ, ਤਲਵਿੰਦਰ ਸਿੰਘ, ਗੁਰਨਾਮ ਸਿੰਘ ਭਲੜੀ ਪ੍ਰਿੰਸੀਪਲ ਆਈ ਟੀ ਆਈ ਨੰਗਲ, ਰੀਮਾ ਧਿਮਾਨ, ਪੂਜਾ ਠਾਕੁਰ, ਰੁਪਾਲੀ ਵਿਸ਼ੇਸ਼ ਮਹਿਮਾਨ ਦੇ ਤੋਰ ਤੇ ਪਹੁੰਚੇ। ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਮੈਡਮ ਪੂਜਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਰਪਨ ਸੰਸਥਾ ਵਲੋਂ ਮਹਿਲਾਵਾਂ ਅਤੇ ਬੱਚਿਆਂ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਮੈਡਮ ਮਧੂ ਮਾਲਾ ਇੰਚਾਰਜ ਸਿਲਾਈ ਸੈਂਟਰ ਨੇ ਸੈਂਟਰ ਬਾਰੇ ਵਿਸਥਾਰ ਵਿੱਚ ਦੱਸਿਆ। ਮੁੱਖ ਮਹਿਮਾਨ ਰਣਜੀਤ ਸਿੰਘ ਮਰਵਾਹਾ ਨੇ ਸਮਾਜ ਵਿੱਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜ੍ਹਤਾ, ਨਸ਼ੇ, ਲੜਕੀਆਂ ਨਾਲ ਹੋ ਰਹੇ ਵਿਤਕਰੇ ਖਿਲਾਫ ਲੜਣ ਲਈ



ਲੜਕੀਆਂ ਨੂੰ ਅੱਗੇ ਹੋਕੇ ਕੰਮ ਕਰਨ ਦਾ ਸੁਨੇਹਾ ਦਿਤਾ। ਉਨ੍ਹਾਂ ਨੇ ਸਮਾਜ ਵਿੱਚ ਲੜਕੀਆਂ ਪ੍ਰਤੀ ਵੱਧ ਰਹੇ ਅਪਰਾਧਾਂ ਤੇ ਚਿੰਤਾ ਪ੍ਰਗਟ ਕਰਦਿਆਂ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਪ੍ਰਿੰਸੀਪਲ ਗੁਰਨਾਮ ਸਿੰਘ ਭਲੜੀ ਨੇ ਸਰਕਾਰ ਵਲੋਂ ਲੜਕੀਆਂ ਲਈ ਆਈ ਟੀ ਆਈ ਵਿੱਚ ਚੱਲ ਰਹੇ ਸਿਖਲਾਈ ਕੋਰਸਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ। ਕੁਲਦੀਪ ਚੰਦ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਹੁਣ ਤੱਕ ਕੋਰਸ ਮੁਕੰਮਲ ਕਰ ਚੁੱਕੀਆਂ ਸੈਂਕੜੇ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਇਹ ਸਿਖਿਆਰਥਣਾ ਵੀ ਇਸ ਕਿੱਤੇ ਨੂੰ ਅਪਣਾਉਣਗੀਆਂ ਅਤੇ ਆਰਥਿਕ ਤੋਰ ਤੇ ਆਤਮ ਨਿਰਭਰ ਬਣ ਸਕਣਗੀਆਂ। ਹਾਜਰ ਮਹਿਮਾਨਾਂ ਨੇ ਸੈਂਟਰ ਦੀਆਂ ਸਿਖਿਆਰਥਣਾਂ ਵਲੋਂ ਤਿਆਰ ਕੀਤੇ ਗਏ ਸਮਾਨ ਨੂੰ ਵੇਖਿਆ ਅਤੇ ਸਲਾਹੁਣਾ ਕੀਤੀ। ਉਨ੍ਹਾਂ ਨੇ ਅਰਪਨ ਸੰਸਥਾ ਵਲੋਂ ਕੀਤੇ ਜਾ ਰਹੇ ਸਮਾਜਿਕ ਵਿਕਾਸ ਦੇ ਕੰਮਾਂ ਲਈ ਹਰ ਪ੍ਰਕਾਰ ਦਾ ਸਹਿਯੋਗ ਕਰਨ ਦਾ ਭਰੋਸਾ ਦਿਤਾ। ਸਮਾਗਮ ਵਿੱਚ ਹਾਜਰ ਸਿਖਿਆਰਥਣਾਂ ਵਲੋਂ ਮੈਡਮ ਨੇਹਾ ਅਤੇ ਪੂਜਾ ਦੀ ਅਗਵਾਈ ਵਿੱਚ ਸਭਿਆਚਾਰਕ ਪ੍ਰੋਗਰਾਮ ਪੇਸ ਕੀਤਾ ਗਿਆ। ਮੈਡਮ ਸੁਰਿੰਦਰ ਕੌਰ ਅਟਵਾਲ ਨੇ ਕੋਰਸ ਮੁਕੰਮਲ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਲਕਸ਼ਮੀ, ਪੂਜਾ, ਰੇਸ਼ਮਾ, ਮੁਸਕਾਨ, ਅੰਜਨਾ, ਸੁਮਨ ਬਾਲਾ, ਸ਼ਿਵਾਨੀ, ਕੁਸਮ, ਹਰਮਨਪ੍ਰੀਤ, ਸਿਮਰਨ, ਕਾਜਲ, ਰੀਤੂ, ਸਿਮਰਨਪ੍ਰੀਤ ਕੌਰ, ਨੀਲਮ, ਕੋਮਲ, ਬਬਿਤਾ, ਨੇਹਾ, ਪੂਜਾ, ਅਰਚਨਾ, ਪਲਕ, ਅਨੀਸ਼ਾ, ਉਮਾ, ਰਮਾ, ਕਾਜਲ, ਬੇਬੀ, ਅਨੀਤਾ ਦੇਵੀ, ਸੁਨੀਲ, ਗੁਰਮੀਤ ਕੌਰ, ਅਨੁਰਾਧਾ, ਅੰਜਲੀ, ਮਨਜੀਤ ਕੌਰ ਆਦਿ ਹਾਜਰ ਸਨ। **– ਕੁਲਦੀਪ ਚੰਦ**

# ਮਹਾਤਮਾ ਜਯੋਤੀਰਾਓ ਗੋਵਿੰਦਰਾਓ ਫੂਲੇ ਦੇ ਜਨਮ ਦਿਨ ਤੇ ਮਿਤੀ 11 ਅਪ੍ਰੈਲ ਲਈ ਵਿਸ਼ੇਸ਼

ਅਸੀਂ ਜਾਣਦੇ ਹਾਂ ਕਿ ਭਾਰਤ ਵਿੱਚ ਫੈਲੀਆਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਜਿਨ੍ਹਾਂ ਵਿੱਚ ਮਹਾਤਮਾ ਜੋਤੀਬਾ ਫੂਲੇ ਦਾ ਨਾਮ ਵਿਸ਼ੇਸ਼ ਤੌਰ ਤੇ ਸਾਮਿਲ ਹੈ। ਮਹਾਤਮਾ ਜੋਤੀਬਾ ਫੂਲੇ ਜਿਸ ਦਾ ਪੂਰਾ ਨਾਮ ਜੋਤੀਰਾਓ ਗੋਵਿੰਦਰਾਓ ਫੂਲੇ ਸੀ ਨੂੰ 19ਵੀਂ ਸਦੀ ਦਾ ਮੋਹਰੀ ਸਮਾਜ ਸੇਵਕ ਮੰਨਿਆ ਜਾਂਦਾ ਹੈ। ਆਪ ਨੇ ਭਾਰਤੀ ਸਮਾਜ ਵਿੱਚ ਫੈਲੀਆਂ ਕਈ ਬੁਰਾਈਆਂ ਨੂੰ ਦੂਰ ਕਰਨ ਲਈ ਲਗਾਤਾਰ ਸੰਘਰਸ਼ ਕੀਤਾ। ਉਨ੍ਹਾਂ ਨੇ ਅਛੂਤਾਂ, ਮਹਿਲਾ ਸਿੱਖਿਆ, ਵਿਧਵਾ ਵਿਆਹ, ਅਨਾਥ ਬੱਚਿਆਂ, ਮਜਦੂਰਾਂ ਅਤੇ ਕਿਸਾਨਾਂ ਦੇ ਭਲੇ ਲਈ ਕੰਮ ਕੀਤਾ ਹੈ। ਮਹਾਤਮਾ ਫੂਲੇ ਦਾ ਜਨਮ 11 ਅਪ੍ਰੈਲ 1827 ਨੂੰ ਸਤਾਰਾ ਮਹਾਰਾਸ਼ਟਰ ਵਿੱਚ ਹੋਇਆ ਸੀ। ਆਪ ਦਾ ਪਰਿਵਾਰ ਬਹੁਤ ਗਰੀਬ ਸੀ ਅਤੇ ਗੁਜ਼ਾਰਾ ਚਲਾਉਣ ਲਈ ਬਾਗਾਂ ਵਿੱਚ ਮਾਲੀ ਦਾ ਕੰਮ ਕਰਦਾ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਗੋਵਿੰਦਰਾਵ ਅਤੇ ਮਾਤਾ ਦਾ ਨਾਮ ਚਿਮਨਾਬਾਈ ਸੀ। ਗੋਵਿੰਦਰਾਓ ਫੁੱਲ ਵੇਚਦੇ ਸੀ। ਇਸ ਲਈ ਲੋਕ ਉਨ੍ਹਾਂ ਨੂੰ 'ਫੂਲੇ' ਕਹਿ ਕੇ ਬੁਲਾਉਂਦੇ ਸਨ। ਜਦੋਂ ਫੂਲੇ ਸਿਰਫ਼ ਇੱਕ ਸਾਲ ਦੇ ਸਨ ਤਾਂ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ ਅਤੇਆਪ ਦਾ ਪਾਲਣ ਪੋਸ਼ਣ ਸਗੁਣਾਬਾਈ ਨਾਮ ਦੀ ਦਾਈ ਨੇ ਹੀ ਕੀਤਾ। 07 ਸਾਲ ਦੀ ਉਮਰ ਵਿੱਚ ਆਪ ਨੂੰ ਪਿੰਡ ਦੇ ਸਕੂਲ ਵਿੱਚ ਪੜ੍ਹਨ ਲਈ ਭੇਜਿਆ ਗਿਆ ਪਰੰਤੂ ਜਾਤੀ ਭੇਦਭਾਵ ਕਾਰਨ ਉਨ੍ਹਾਂ ਨੂੰ ਸਕੂਲ ਛੱਡਣਾ ਪਿਆ। ਸਕੂਲ ਛੱਡਣ ਤੋਂ ਬਾਅਦ ਵੀ ਪੜ੍ਹਨ ਦੀ ਲਾਲਸਾ ਬਣੀ ਰਹੀ। ਦਾਈ ਸਗੁਣਾਬਾਈ ਨੇ ਹੀ ਪੜ੍ਹਨ ਵਿਚ ਮਦਦ ਕੀਤੀ। ਘਰੇਲੂ ਕੰਮ ਤੋਂ ਬਾਅਦ ਜੋ ਸਮਾਂ ਬਚਦਾ ਸੀ ਉਸ ਸਮੇਂ ਉਹ ਕਿਤਾਬਾਂ ਪੜ੍ਹਦਾ ਸੀ। ਜੋਤੀਬਾ ਅਕਸਰ ਹੀ ਆਂਢ-ਗੁਆਂਢ ਦੇ ਬਜ਼ੁਰਗਾਂ ਨਾਲ ਵੱਖ-ਵੱਖ ਵਿਸ਼ਿਆਂ ਤੇ ਵਿਚਾਰ ਚਰਚਾ ਕਰਦਾ ਸੀ। ਜੋਤੀਬਾ ਫੂਲੇ ਨੇ ਕੁਝ ਸਮਾਂ ਮਰਾਠੀ ਵਿੱਚ ਪੜ੍ਹਾਈ ਕੀਤੀ। ਪਰ ਲੋਕ ਉਸਦੇ ਪਿਤਾ ਨੂੰ ਕਹਿਣ ਲੱਗੇ ਕਿ ਜੇਕਰ ਤੇਰਾ ਪੁੱਤਰ ਸਕੂਲ ਜਾਵੇਗਾ ਤਾਂ ਉਸਦਾ ਕੋਈ ਫਾਇਦਾ ਨਹੀਂ ਹੋਵੇਗਾ। ਪਿਤਾ ਨੇ ਲੋਕਾਂ ਦੀਆਂ ਗੱਲਾਂ ਵਿੱਚ ਆਕੇ ਸਕੂਲ ਛੁਡਵਾ ਦਿੱਤਾ। 21 ਸਾਲ ਦੀ ਉਮਰ ਵਿੱਚ ਉਸ ਨੇ ਅੰਗਰੇਜ਼ੀ ਦੀ ਸੱਤਵੀਂ ਜਮਾਤ ਦੀ ਪੜ੍ਹਾਈ ਪੂਰੀ ਕੀਤੀ। ਸੰਨ 1840 ਵਿਚ ਉਨ੍ਹਾਂ ਦਾ ਵਿਆਹ ਸਾਵਿਤਰੀ ਬਾਈ ਨਾਲ ਹੋਇਆ। ਆਪ ਮੈਟ੍ਰਿਕ ਪਾਸ ਸੀ ਅਤੇ ਉਸ ਦਾ ਪਰਿਵਾਰ ਚਾਹੁੰਦਾ ਸੀ ਕਿ ਉਹ ਚੰਗੀ ਤਨਖਾਹ ਤੇ ਸਰਕਾਰੀ ਮੁਲਾਜ਼ਮ ਬਣੇ ਪਰ ਜੋਤੀਬਾ ਸਮਾਜ ਦੇ ਲਿਤਾੜੇ ਅਤੇ ਪੱਛੜ੍ਹੇ ਲੋਕਾਂ ਲਈ ਕੰਮ ਕਰਨਾ ਚਾਹੁੰਦਾ ਸੀ। ਉਨ੍ਹਾਂ ਦਿਨਾਂ ਵਿੱਚ ਔਰਤਾਂ ਦੀ ਹਾਲਤ ਬਹੁਤ ਮਾੜੀ ਸੀ ਕਿਉਂਕਿ ਉਨ੍ਹਾਂ ਦਾ ਦਾਇਰਾ ਸਿਰਫ਼ ਘਰ ਦੇ ਕੰਮਾਂ ਤੱਕ ਹੀ ਸੀਮਿਤ ਸੀ। ਬਚਪਨ ਵਿੱਚ ਵਿਆਹੇ ਹੋਣ ਕਾਰਨ ਇਸਤਰੀ ਦੀ ਪੜ੍ਹਾਈ-ਲਿਖਾਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਬਦਕਿਸਮਤੀ ਨਾਲ ਜੇਕਰ ਕੋਈ ਬਚਪਨ ਵਿੱਚ ਵਿਧਵਾ ਹੋ ਜਾਂਦੀ ਸੀ ਤਾਂ ਉਸ ਨਾਲ ਬਹੁਤ ਬੇਇਨਸਾਫ਼ੀ ਅਤੇ ਅੱਤਿਆਚਾਰ ਹੁੰਦੇ ਸਨ। ਫੂਲੇ ਦੀ ਸੋਚ ਸੀ ਕਿ ਜੇਕਰ ਆਉਣ ਵਾਲੀ ਪੀੜ੍ਹੀ ਦਾ ਨਿਰਮਾਣ ਕਰਨ ਵਾਲੀਆਂ ਮਾਵਾਂ ਹਨੇਰੇ ਵਿਚ ਹੀ ਰਹਿਣਗੀਆਂ ਤਾਂ ਦੇਸ਼ ਦਾ ਕੀ ਬਣੇਗਾ ਅਤੇ ਉਸ ਨੇ ਮਾਵਾਂ ਦੀ ਸਿੱਖਿਆ ਤੇ ਜ਼ੋਰ ਦਿੱਤਾ। ਉਸਨੇ ਵਿਧਵਾਵਾਂ ਅਤੇ ਔਰਤਾਂ ਦੀ ਭਲਾਈ ਲਈ ਬਹੁਤ ਕੁੱਝ ਕੀਤਾ ਹੈ। 1863 ਵਿੱਚ ਪੂਣੇ ਵਿੱਚ ਇੱਕ ਭਿਆਨਕ ਘਟਨਾ ਵਾਪਰੀ। ਇਸ ਘਟਨਾ ਅਨੁਸਾਰ ਕਾਸ਼ੀਬਾਈ ਨਾਮ ਦੀ ਇੱਕ ਉੱਚ ਜਾਤੀ ਵਿਧਵਾ ਗਰਭਵਤੀ ਹੋ ਗਈ ਅਤੇ ਉਸ ਦੇ ਗਰਭਪਾਤ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਉਸ ਨੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਮਾਰ ਦਿੱਤਾ ਅਤੇ ਖੂਹ ਵਿੱਚ ਸੁੱਟ ਦਿੱਤਾ, ਪਰ ਉਸ ਦੀ ਇਹ ਹਰਕਤ ਸਾਹਮਣੇ ਆ ਗਈ। ਉਸ ਨੂੰ ਸਜ਼ਾ ਦਾ ਸਾਹਮਣਾ ਕਰਨਾ ਪਿਆ ਅਤੇ ਜੇਲ੍ਹ ਦੀ ਸਜ਼ਾ ਸੁਣਾਈ ਗਈ। ਇਸ ਘਟਨਾ ਨੇ ਫੂਲੇ ਨੂੰ ਕਾਫੀ ਪਰੇਸ਼ਾਨ ਕੀਤਾ ਅਤੇ ਇਸ ਲਈ ਉਸਨੇ ਆਪਣੇ ਨਜਦੀਕੀ ਦੋਸਤ ਸਦਾਸ਼ਿਵ ਬੱਲਾਲ ਗੋਵਾਂਡੇ ਅਤੇ ਸਾਵਿਤਰੀਬਾਈ ਦੇ ਨਾਲ ਮਿਲ ਕੇ ਇੱਕ ਬਾਲ ਹੱਤਿਆ ਰੋਕਥਾਮ ਕੇਂਦਰ ਸ਼ੁਰੂ ਕੀਤਾ। ਪੁਣੇ ਦੇ ਆਲੇ-ਦੁਆਲੇ ਇਲਾਕੇ ਵਿੱਚ ਪੈਂਫਲੈਟ ਚਿਪਕਾਏ ਗਏ ਸਨ, ਜਿਸ ਵਿੱਚ ਸਾਫ ਲਿਖਿਆ ਸੀ ਕਿ "ਵਿਧਵਾਓ, ਇੱਥੇ ਆਓ ਅਤੇ ਆਪਣੇ ਬੱਚੇ ਨੂੰ ਸੁਰੱਖਿਅਤ ਅਤੇ ਗੁੱਪਤ ਰੂਪ ਵਿੱਚ ਜਨਮ ਦਿਓ।'' ਇਹ ਤੁਹਾਡੇ ਤੇ ਹੈ ਕਿ ਤੁਸੀਂ ਬੱਚੇ ਨੂੰ ਕੇਂਦਰ ਵਿੱਚ ਰੱਖਣਾ ਚਾਹੁੰਦੇ ਹੋ ਜਾਂ ਇਸਨੂੰ ਆਪਣੇ ਨਾਲ ਲੈਕੇ ਜਾਣਾ ਚਾਹੁੰਦੇ ਹੋ। ਇਹ ਅਨਾਥ ਆਸ਼ਰਮ ਬੱਚਿਆਂ ਦੀ ਦੇਖਭਾਲ ਕਰੇਗਾ। ਉਸਨੇ ਕਿਸਾਨਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਦੀ ਭਲਾਈ ਲਈ ਵੀ ਬਹੁਤ ਉਪਰਾਲੇ ਕੀਤੇ ਸਨ। ਅਖੌਤੀ ਮਨੂੰਵਾਦੀ ਲੋਕਾਂ ਨੇ ਸ਼ੁਰੂ ਤੋਂ ਹੀ ਉਸ ਦੇ ਇਸ ਕੰਮ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਆਪ ਅੱਗੇ ਵਧਦੇ ਰਹੇ ਤਾਂ ਪਿਤਾ ਨੇ ਦਬਾਅ ਹੇਠ ਆ ਕੇ ਪਤੀ-ਪਤਨੀ ਨੂੰ ਘਰੋਂ ਕੱਢ ਦਿੱਤਾ ਜਿਸ ਕਾਰਨ ਕੁਝ ਸਮੇਂ ਲਈ ਉਨ੍ਹਾਂ ਦਾ ਕੰਮ ਰੁਕ ਗਿਆ। ਉਸਦੇ ਦੋਸਤ ਉਸਮਾਨ ਸ਼ੇਖ ਅਤੇ ਉਸਦੀ ਭੈਣ ਫਾਤਿਮਾ ਸ਼ੇਖ ਨੇ ਉਸਨੂੰ ਪਨਾਹ ਦਿੱਤੀ। ਉਸਨੇ ਆਪਣੇ ਅਹਾਤੇ ਵਿੱਚ ਇੱਕ ਸਕੂਲ ਸ਼ੁਰੂ ਕਰਨ ਵਿੱਚ ਵੀ ਮੱਦਦ ਕੀਤੀ। ਉਸਨੇ ਇੱਕ ਤੋਂ ਬਾਅਦ ਇੱਕ ਤਿੰਨ ਲੜਕੀਆਂ ਦੇ ਸਕੂਲ ਖੋਲ੍ਹੇ। ਆਪ ਨੇ ਸਮਾਜਿਕ ਅੰਦੋਲਨ ਰਾਹੀਂ ਮਹਾਰਾਸ਼ਟਰ



ਵਿੱਚ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਜਾਤ-ਪਾਤ ਸ਼ੋਸ਼ਣ ਦੀ ਪ੍ਰਣਾਲੀ ਹੈ ਅਤੇ ਜਦੋਂ ਤੱਕ ਇਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾਂਦਾ ਸਹੀ ਵਿਕਸਿਤ ਸਮਾਜ ਦੀ ਸਿਰਜਣਾ ਅਸੰਭਵ ਹੈ। ਅਜਿਹੀ ਭੂਮਿਕਾ ਨਿਭਾਉਣ ਵਾਲੇ ਉਹ ਪਹਿਲੇ ਭਾਰਤੀ ਸਨ ਅਤੇ ਜਾਤ-ਪਾਤ ਦੇ ਖਾਤਮੇ ਦੀ ਕਲਪਨਾ ਅਤੇ ਲਹਿਰ ਸਦਕਾ ਉਹ ਪਿਤਾਮਾ ਸਾਬਤ ਹੋਇਆ। ਮਹਾਤਮਾ ਫੂਲੇ ਨੇ ਅਛੂਤ ਔਰਤਾਂ ਅਤੇ ਮਿਹਨਤਕਸ਼ ਲੋਕਾਂ ਦੇ ਜੀਵਨ ਸੁਧਾਰਨ ਲਈ ਕੋਸ਼ਿਸ਼ ਕੀਤੀ। ਉਸਨੇ ਸਮਾਜਿਕ ਤਬਦੀਲੀ, ਬਹੁਜਨ ਸਮਾਜ ਨੂੰ ਸਵੈ-ਮਾਣ, ਕਿਸਾਨਾਂ ਦੇ ਹੱਕਾਂ ਲਈ ਮੁਹਿੰਮ ਚਲਾਈ।ਉਨ੍ਹਾਂ ਦੀ ਸੰਸਥਾ ਸਤਿਆਸ਼ੋਧਕ ਸਮਾਜ ਦੇ ਸੰਘਰਸ਼ ਕਾਰਨ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਖੇਤੀਬਾੜੀ ਐਕਟ ਪਾਸ ਕੀਤਾ।ਮਹਾਤਮਾ ਫੂਲੇ ਦਾ ਬ੍ਰਿਟਿਸ਼ ਰਾਜ ਬਾਰੇ ਸਕਾਰਾਤਮਕ ਰਵੱਈਆ ਸੀ ਕਿਉਂਕਿ ਬ੍ਰਿਟਿਸ਼ ਰਾਜ ਕਾਰਨ ਹੀ ਭਾਰਤ ਵਿੱਚ ਨਿਆਂ ਅਤੇ ਸਮਾਜਿਕ ਬਰਾਬਰੀ ਦੇ ਨਵੇਂ ਬੀਜ ਬੀਜੇ ਜਾ ਰਹੇ ਸਨ। ਉਸਨੇ ਆਪਣੇ ਵਿਚਾਰਾਂ ਰਾਹੀਂ ਦਲਿਤਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਗੱਲ ਹੀ ਨਹੀਂ ਕੀਤੀ, ਸਗੋਂ ਆਪਣੇ ਕੰਮਾਂ ਰਾਹੀਂ ਇਸ ਨੂੰ ਸੱਚ ਕਰਕੇ ਦਿਖਾਇਆ। ਉਨ੍ਹਾਂ ਨੇ ਦਲਿਤਾਂ ਦੇ ਬੱਚਿਆਂ ਨੂੰ ਆਪਣੇ ਘਰ ਪਾਲਿਆ ਅਤੇ ਦਲਿਤਾਂ ਦੀ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਪਾਣੀ ਦੀ ਟੈਂਕੀ ਖੋਲ੍ਹ ਦਿੱਤੀ। ਮਹਾਤਮਾ ਫੂਲੇ ਨੇ ਹਮੇਸ਼ਾ ਆਪਣੇ ਜੀਵਨ ਵਿੱਚ ਵਿਧਵਾ ਵਿਆਹ ਦੀ ਜ਼ੋਰਦਾਰ ਵਕਾਲਤ ਕੀਤੀ। ਉਸਨੇ 1854 ਵਿੱਚ ਉੱਚ ਜਾਤੀ ਦੀਆਂ ਵਿਧਵਾਵਾਂ ਲਈ ਇੱਕ ਆਸ਼ਰਮ ਬਣਾਇਆ। ਇਸ ਆਦਰਸ਼ ਨੂੰ ਦੂਜਿਆਂ ਸਾਹਮਣੇ ਰੱਖਣ ਲਈ ਆਪ ਨੇ ਹਰ ਜਾਤੀ ਅਤੇ ਵਰਗ ਦੇ ਲੋਕਾਂ ਲਈ ਆਪਣੇ ਘਰ ਦੇ ਦਰਵਾਜ਼ੇ ਖੁੱਲ੍ਹੇ ਰੱਖੇ। ਔਰਤਾਂ ਦੀ ਹਾਲਤ ਸੁਧਾਰਨ ਅਤੇ ਉਨ੍ਹਾਂ ਨੂੰ ਸਿੱਖਿਅਤ ਕਰਨ ਲਈਆਪ ਨੇ ਅਪਣੀ ਪਤਨੀ ਨਾਲ ਮਿਲਕੇ 1848 ਵਿੱਚ ਸਕੂਲ ਖੋਲ੍ਹਿਆ ਜੋ ਦੇਸ਼ ਦਾ ਪਹਿਲਾ ਮਹਿਲਾ ਸਕੂਲ ਸੀ। ਉਸ ਸਮੇਂ ਦੌਰਾਨ ਜਦੋਂ ਲੜਕੀਆਂ ਨੂੰ ਪੜ੍ਹਾਉਣ ਲਈ ਕੋਈ ਅਧਿਆਪਕ ਉਪਲਬਧ ਨਹੀਂ ਸੀ ਤਾਂ ਉਸ ਨੇ ਆਪਣੀ ਪਤਨੀ ਸਾਵਿਤਰੀਬਾਈ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਅਤੇ ਉਸ ਨੂੰ ਇਸ ਕਾਬਲ ਬਣਾਇਆ ਕਿ ਉਹ ਬੱਚਿਆਂ ਨੂੰ ਸਕੂਲ ਵਿੱਚ ਪੜ੍ਹਾ ਸਕੇ।ਇਹ ਦੇਸ਼ ਵਿੱਚ ਕੁੜੀਆਂ ਲਈ ਪਹਿਲਾ ਸਕੂਲ ਸੀ। ਉਸ ਦੀ ਪਤਨੀ ਸਾਵਿਤਰੀ ਬਾਈ ਉੱਥੇ ਪੜ੍ਹਾਉਣ ਦਾ ਕੰਮ ਕਰਦੀ ਸੀ। ਪਰ ਲੜਕੀਆਂ ਨੂੰ ਸਿੱਖਿਅਤ ਕਰਨ ਦੇ ਯਤਨਾਂ ਵਿੱਚ ਅਨੋਖੀ ਘਟਨਾ ਵਾਪਰੀ ਜਦੋਂ ਜੋਤੀਬਾ ਨੂੰ ਆਪਣਾ ਘਰ ਛੱਡਣ ਲਈ ਮਜਬੂਰ ਕੀਤਾ ਗਿਆ ਪਰੰਤੂ ਅਜਿਹੇ ਦਬਾਅ ਅਤੇ ਧਮਕੀਆਂ ਦੇ ਬਾਵਜੂਦ ਉਹ ਪਿੱਛੇ ਨਹੀਂ ਹਟਿਆ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਲੜਦਾ ਰਿਹਾ ਅਤੇ ਲੋਕਾਂ ਵਿੱਚ ਇਸ ਵਿਰੁੱਧ ਜਾਗਰੂਕਤਾ ਫੈਲਾਉਂਦਾ ਰਿਹਾ। 1851 ਵਿੱਚ ਉਸਨੇ ਇੱਕ ਵੱਡਾ ਅਤੇ ਵਧੀਆ ਸਕੂਲ ਸ਼ੁਰੂ ਕੀਤਾ ਜੋ ਬਹੁਤ ਮਸ਼ਹੂਰ ਹੋਇਆ। ਇਸ ਵਿੱਚ ਜਾਤ, ਧਰਮ ਅਤੇ ਨਸਲ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਸੀ ਅਤੇ ਇਸ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਸਨ। ਜੋਤੀਬਾ ਫੂਲੇ ਬਾਲ ਵਿਆਹ ਦੇ ਵਿਰੁੱਧ ਸੀ ਅਤੇ ਨਾਲ ਹੀ ਵਿਧਵਾ ਵਿਆਹ ਦੇ ਸਮਰਥਕ ਸਨ। ਉਹ ਅਜਿਹੀਆਂ ਔਰਤਾਂ ਨਾਲ ਬਹੁਤ ਹਮਦਰਦ ਸੀ ਜੋ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਸਨ ਜਾਂ ਕਿਸੇ ਕਾਰਨ ਪ੍ਰੇਸ਼ਾਨ ਹੁੰਦੀਆਂ ਸਨ, ਇਸ ਲਈ ਉਸ ਨੇ ਅਜਿਹੀਆਂ ਔਰਤਾਂ ਲਈ ਆਪਣੇ ਘਰ ਦੇ ਦਰਵਾਜ਼ੇ ਖੁੱਲ੍ਹੇ ਰੱਖੇ ਸਨ ਜਿੱਥੇ ਉਨ੍ਹਾਂ ਦੀ ਦੇਖਭਾਲ ਕੀਤੀ ਜਾ ਸਕਦੀ ਸੀ। ਉਹ ਮੰਨਦੇ ਸਨ ਕਿ ਦੇਸ਼ ਅਤੇ ਸਮਾਜ ਦੀ ਅਸਲ ਤਰੱਕੀ ਉਦੋਂ ਤੱਕ ਨਹੀਂ ਹੋ ਸਕਦੀ ਜਦੋਂ ਤੱਕ ਦੇਸ਼ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਨਹੀਂ ਹੁੰਦਾ ਅਤੇ ਦੇਸ਼ ਦੀਆਂ ਔਰਤਾਂ ਨੂੰ ਸਮਾਜ ਦੇ ਹਰ ਖੇਤਰ ਵਿੱਚ ਬਰਾਬਰੀ ਦਾ ਅਧਿਕਾਰ ਨਹੀਂ ਮਿਲਦਾ। ਉਨ੍ਹਾਂ ਉਸ ਸਮੇਂ ਭਾਰਤੀ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼, ਸਮਾਜ, ਸੱਭਿਆਚਾਰ ਨੂੰ ਸਮਾਜਿਕ ਬੁਰਾਈਆਂ ਅਤੇ ਅਨਪੜ੍ਹਤਾ ਤੋਂ ਮੁਕਤ ਕਰਕੇ ਸਿਹਤਮੰਦ, ਸੁੰਦਰ ਅਤੇ ਮਜ਼ਬੂਤ ਸਮਾਜ ਦੀ ਉਸਾਰੀ ਕਰਨ ਅਤੇ ਮਨੁੱਖ ਦੀ ਸਮਾਜ ਸੇਵਾ ਤੋਂ ਵੱਡਾ ਕੋਈ ਧਰਮ ਨਹੀਂ ਹੈ। ਮਹਾਰਾਸ਼ਟਰ ਵਿੱਚ ਸਮਾਜ ਸੁਧਾਰ ਦੇ ਪਿਤਾ ਮੰਨੇ ਜਾਂਦੇ ਮਹਾਤਮਾ ਫੂਲੇ ਨੇ ਆਪਣੀ ਸਾਰੀ ਉਮਰ ਸਮਾਜ ਸੁਧਾਰ ਲਈ ਕੰਮ ਕੀਤਾ। ਦੱਬੇ-ਕੁਚਲੇ ਅਤੇ ਕਮਜ਼ੋਰ ਵਰਗਾਂ ਨੂੰ ਇਨਸਾਫ਼ ਦਿ-ਵਾਉਣ ਲਈ 24 ਸਤੰਬਰ 1873 ਨੂੰ ਉਨ੍ਹਾਂ ਨੇ ਸੱਤਿਆ ਸੋਧਕ ਸਮਾਜ ਦੀ ਸਥਾਪਨਾ ਕੀਤੀ। ਉਹ ਇਸ ਸੰਸਥਾ ਦੇ ਪਹਿਲੇ ਕਾਰਜਕਾਰੀ ਪ੍ਰਸ਼ਾਸਕ ਅਤੇ ਖਜ਼ਾਨਚੀ ਸਨ। ਇਸ ਸੰਸਥਾ ਦਾ ਮੁੱਖ ਉਦੇਸ਼ ਸਮਾਜ ਵਿੱਚ ਸ਼ੂਦਰਾਂ ਦੇ ਸ਼ੋਸ਼ਣ ਅਤੇ ਵਿਤਕਰੇ ਨੂੰ ਰੋਕਣਾ ਸੀ। 1873 ਵਿੱਚ ਜੋਤੀਬਾ ਫੂਲੇ ਦੀ ਪੁਸਤਕ 'ਗੁਲਾਮਗਿਰੀ' ਪ੍ਰਕਾਸ਼ਿਤ ਹੋਈ। ਭਾਵੇਂ ਇਹ ਪੁਸਤਕ ਬਹੁਤ ਘੱਟ ਪੰਨਿਆਂ ਦੀ ਸੀ, ਪਰ ਇਸ ਵਿਚ ਦਰਜ ਵਿਚਾਰਾਂ ਦੇ ਆਧਾਰ ਤੇ ਦੱਖਣੀ ਭਾਰਤ ਵਿਚ ਕਈ ਅੰਦੋਲਨ ਸ਼ੁਰੂ ਹੋ ਗਏ। 'ਗੁਲਾਮਗਿਰੀ' ਤੋਂ ਇਲਾਵਾ ਜੋ-ਤੀਬਾ ਫੂਲੇ ਨੇ 'ਤ੍ਰਿਤੀਆ ਰਤਨ', 'ਛਤਰਪਤੀ ਸ਼ਿਵਾਜੀ', 'ਰਾਜਾ ਭੌਸਲੇ ਕਾ ਪਖੜਾ', 'ਕਿਸਾਨ ਕਾ ਕੌੜਾ' ਅਤੇ 'ਅਛੂਤ' ਵਰਗੀਆਂ ਕਈ ਪੁਸਤਕਾਂ ਲਿਖੀਆਂ। ਫੂਲੇ ਨੂੰ 1876 ਵਿੱਚ ਪੂਨਾ ਨਗਰਪਾਲਿਕਾ ਵਿੱਚ ਕਮਿਸ਼ਨਰ (ਨਗਰ ਕੌਂਸਲ ਦਾ ਮੈਂਬਰ) ਨਿਯੁਕਤ ਕੀਤਾ ਗਿਆ ਸੀ ਅਤੇ 1883 ਤੱਕ ਇਸ ਅਹੁਦੇ ਤੇ ਸੇਵਾ ਕੀਤੀ। ਉਨ੍ਹਾਂ ਦੀ ਸਮਾਜ ਸੇਵਾ ਨੂੰ ਦੇਖਦੇ ਹੋਏ 1888 ਵਿਚ ਮੁੰਬਈ ਵਿਚ ਇਕ ਵਿਸ਼ਾਲ ਇਕੱਠ ਵਿਚ ਉਨ੍ਹਾਂ ਨੂੰ "ਮਹਾਤਮਾ' ਦੀ ਉਪਾਧੀ ਦਿੱਤੀ ਗਈ। ਉਨ੍ਹਾਂ ਨੇ ਬ੍ਰਾਹਮਣ ਪੁਜਾਰੀ ਤੋਂ ਬਿਨਾਂ ਵਿਆਹ ਦੀ ਰਸਮ ਸ਼ੁਰੂ ਕੀਤੀ ਅਤੇ ਇਸ ਵਿਆਹ ਦੀ ਰਸਮ ਨੂੰ ਬੰਬੇ ਹਾਈ ਕੋਰਟ ਤੋਂ ਵੀ ਮਾਨਤਾ ਮਿਲੀ। ਉਹ ਬਾਲ ਵਿਆਹ ਦੇ ਕੱਟੜ ਵਿਰੋਧੀ ਅਤੇ ਵਿਧਵਾ ਪੁਨਰ-ਵਿਆਹ ਦਾ ਸਮਰਥਕ ਸੀ। ਉਸਨੇ ਸਮਾਜ ਦੇ ਵਿਕਾਸ ਲਈ ਕਈ ਮਹੱਤਬਪੂਰਨ ਕੰਮ ਕੀਤੇ। ਪਹਿਲਾ ਅਤੇ ਪ੍ਰਮੁੱਖ ਕੰਮ ਔਰਤਾਂ ਦੀ ਸਿੱਖਿਆ ਲਈ ਸੀ ਅਤੇ ਉਸਦਾ ਪਹਿਲਾ ਵਿਦਿਆਰਥੀ ਉਸਦੀ ਪਤਨੀ ਸਬਿਤਰੀ ਬਾਈ ਖੁਦ ਸੀ ਜਿਸਨੇ ਹਮੇਸ਼ਾ ਉਸਦੇ ਸੁਪਨਿਆਂ ਨੂੰ ਸਾਂਝਾ ਕੀਤਾ ਅਤੇ ਸਾਰੀ ਉਮਰ ਉਸਦਾ ਸਮਰਥਨ ਕੀਤਾ। ਇੱਕ ਸਮਾਜ ਸੇਵੀ ਤੋਂ ਇਲਾਵਾ ਫੂਲੇ ਇੱਕ ਸਫਲ ਵਪਾਰੀ ਵੀ ਸੀ। 1882 ਵਿੱਚ ਉਸਨੇ ਆਪਣੇ ਆਪ ਨੂੰ ਇੱਕ ਚੰਗੇ ਵਪਾਰੀ, ਖੇਤੀਬਾੜੀ ਅਤੇ ਮਿਉਂਸਪਲ ਠੇਕੇਦਾਰ ਵਜੋਂ ਸਾਬਿਤ ਕੀਤਾ। ਉਹ ਪੁਣੇ ਨੇੜੇ ਮੰਜਰੀ ਵਿਖੇ 60 ਏਕੜ ਵਾਹੀਯੋਗ ਜ਼ਮੀਨ ਦਾ ਮਾਲਕ ਸੀ। ਉਸਨੇ ਸਰਕਾਰ ਲਈ ਇੱਕਠੇ ਕੇਦਾਰ ਵਜੋਂ ਕੰਮ ਕੀਤਾ ਅਤੇ 1870 ਦੇ ਦਹਾਕੇ ਵਿੱਚ ਪੁਣੇ ਨੇੜੇ ਮੂਲਾ-ਮੁਥਾ ਨਦੀ ਤੇ ਇੱਕ ਡੈਮ ਦੇ ਨਿਰਮਾਣ ਲਈ ਲੋੜੀਂਦੀ ਉਸਾਰੀ ਸਮੱ-ਗਰੀ ਦੀ ਸਪਲਾਈ ਕੀਤੀ। ਉਸਨੇ ਪੁਣੇ ਦੇ ਨੇੜੇ ਕਟਰਾਜ ਸੁਰੰਗ ਅਤੇ ਯਰਵਦਾ ਜੇਲ੍ਹ ਦੇ ਨਿਰਮਾਣ ਲਈ ਮਜ਼ਦੂਰ ਪ੍ਰਦਾਨ ਕਰਨ ਲਈ ਠੇਕੇ ਵੀ ਪ੍ਰਾਪਤ ਕੀਤੇ। ਉਸਦੇ ਕਾਰੋਬਾਰਾਂ ਵਿੱਚੋਂ ਇੱਕ ਧਾਤੂ ਕਾਸਟਿੰਗ ਉਪਕਰਣਾਂ ਦੀ ਸਪਲਾਈ ਸੀ ਜੋ 1863 ਵਿੱਚ ਸਥਾਪਿਤ ਕੀਤਾ ਗਿਆ ਸੀ। ਜੋਤੀਬਾ ਫੂਲੇ ਅਤੇ ਸਾਵਿਤਰੀ ਬਾਈ ਫੂਲੇ ਦੇ ਕੋਈ ਔਲਾਦ ਨਹੀਂ ਸੀ, ਇਸ ਲਈ ਉਨ੍ਹਾਂ ਨੇ ਇੱਕ ਵਿਧਵਾ ਦੇ ਬੱਚੇ ਯਸ਼ਵੰਤ ਨੂੰ ਹੀ ਗੋਦ ਲਿਆ। ਇਹ ਬੱਚਾ ਵੱਡਾ ਹੋ ਕੇ ਡਾਕਟਰ ਬਣ ਗਿਆ ਅਤੇ ਇਸ ਨੇ ਆਪਣੇ ਮਾਤਾ-ਪਿਤਾ ਦੇ ਸਮਾਜ ਸੇਵਾ ਦੇ ਕੰਮ ਨੂੰ ਵੀ ਅੱਗੇ ਤੋਰਿਆ। ਮਨੁੱਖਤਾ ਦੀ ਬਿਹਤਰੀ ਲਈ ਜੋਤੀਬਾ ਦੇ ਇਨ੍ਹਾਂ ਨਿਰਸਵਾਰਥ ਕੰਮਾਂ ਕਾਰਨ ਮਈ 1988 ਵਿੱਚ ਉਸ ਸਮੇਂ ਦੇ ਇੱਕ ਹੋਰ ਮਹਾਨ ਸਮਾਜ ਸੁਧਾਰਕ ਰਾਓ ਬਹਾਦਰ ਵਿੱਠਲ ਰਾਓ ਕ੍ਰਿਸ਼ਨਾ ਜੀ ਵਾਂਡੇਕਰਨੇ ਉਹਨਾਂ ਨੂੰ "ਮਹਾਤਮਾ"ਦੀ ਉਪਾਧੀ ਦਿੱਤੀ। ਜੁਲਾਈ 1988 ਵਿੱਚ ਉਨ੍ਹਾਂ ਨੂੰ ਅਧਰੰਗ ਦਾ ਦੌਰਾ ਪਿਆ ਜਿਸ ਕਾਰਨ ਉਸਦਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਸੀ ਪਰ ਉਸ ਦੀ ਆਤਮਾ ਅਤੇ ਮਨ ਕਦੇ ਕਮਜ਼ੋਰ ਨਹੀਂ ਹੋਏ। 27 ਨਵੰਬਰ 1890 ਨੂੰ ਉਸਨੇ ਆਪਣੇ ਸਾਰੇ ਸ਼ੁਭਚਿੰਤਕਾਂ ਨੂੰ ਬੁਲਾਇਆ ਅਤੇ ਕਿਹਾ ਕਿ ਹੁਣ ਮੇਰੇ ਜਾਣ ਦਾ ਸਮਾਂ ਆ ਗਿਆ ਹੈ, ਮੈਂ ਆਪਣੇ ਜੀਵਨ ਵਿੱਚ ਜੋ ਕਾਰਜ ਕੀਤੇ ਸਨ ਮੈਂ ਉਨ੍ਹਾਂ ਨੂੰ ਪੂਰਾ ਕਰ ਲਿਆ ਹੈ, ਮੇਰੀ ਪਤਨੀ ਸਾਵਿਤਰੀ ਨੇ ਹਮੇਸ਼ਾ ਪਰਛਾਵੇਂ ਵਾਂਗ ਮੇਰਾ ਸਾਥ ਦਿੱਤਾ, ਮੇਰਾ ਬੇਟਾ ਯਸ਼ਵੰਤ ਅਜੇ ਛੋਟਾ ਹੈ ਅਤੇ ਮੈਂ ਇਨ੍ਹਾਂ ਦੋਹਾਂ ਨੂੰ ਤੁਹਾਡੇ ਹਵਾਲੇ ਕਰਦਾ ਹਾਂ। 28 ਨਵੰਬਰ 1890 ਨੂੰ ਜੋਤੀਬਾ ਫੂਲੇ ਨੇ ਆਪਣਾ ਸਰੀਰ ਤਿਆਗ ਦਿੱਤਾ ਅਤੇ ਇੱਕ ਮਹਾਨ ਸਮਾਜ ਸੇਵਕ ਇਸ ਸੰਸਾਰ ਨੂੰ ਛੱਡ ਗਏ। ਉਨ੍ਹਾਂ ਦੀ ਕਿਤਾਬ ਗੁਲਾਮਗਿਰੀ ਬਹੁਤ ਹੀ ਮਹੱਤਵਪੂਰਨ ਹੈ। ਜੋਤੀਬਾ ਫੂਲੇ ਦੇ ਸਮਾਜਿਕ ਕਾਰਜਾਂ ਕਾਰਨ ਹੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਵੀ ਇਸਨੂੰ ਅਪਣਾ ਗੁਰੂ ਮੰਨਿਆ ਹੈ। ਸਮੇਂ ਸਮੇਂ ਤੇ ਸਰਕਾਰਾਂ ਵਲੋਂ ਇਸ ਮਹਾਨ ਆਗੂ ਨੂੰ ਯਾਦ ਕੀਤਾ ਜਾਂਦਾ ਹੈ। ਭਾਰਤੀ ਡਾਕ ਵਿਭਾਗ ਨੇ ਫੂਲੇ ਦੇ ਸਨਮਾਨ ਵਿੱਚ ਸਾਲ 1977 ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਸੀ। ਫੂਲੇ ਦੀ ਯਾਦ ਵਿੱਚ ਕਈ ਇਮਾਰਤਾਂ ਅਤੇ ਸਥਾਨ ਹਨ। ਉਨ੍ਹਾਂ ਦੀ ਮੂਰਤੀ ਵਿਧਾਨ ਭਵਨ (ਮਹਾਰਾਸ਼ਟਰ ਰਾਜ ਦੀ ਅਸੈਂਬਲੀ ਹਾਊਸ) ਦੇ ਅਹਾਤੇ ਵਿੱਚ ਲਗਾਈ ਗਈ ਹੈ। ਮੁੰਬਈ ਵਿੱਚ ਮਹਾਤਮਾ ਜੋਤੀਬਾ ਫੂਲੇ ਮੰਡੀ ਮਾਰਕੀਟ ਵਜੋਂ ਜਾਣੀ ਜਾਂਦੀ ਸੀ। ਪੁਣੇ ਵਿੱਚ ਮਹਾਤਮਾ ਫੂਲੇ ਅਜਾਇਬ ਘਰ ਬਣਾਇਆ ਗਿਆ ਹੈ। ਮਹਾਤਮਾ ਫੂਲੇ ਕ੍ਰਿਸ਼ੀ ਵਿਦਿਆਪੀਠ (ਖੇਤੀਬਾੜੀ ਯੂਨੀਵਰਸਿਟੀ), ਰਾਹੂਰੀ, ਅਹਿਮਦਨਗਰ ਜ਼ਿਲ੍ਹਾ ਮਹਾਰਾਸ਼ਟਰ ਵਿੱਚ ਹੈ। ਮਹਾਤਮਾ ਫੂਲੇ ਮੰਡੀ ਪੁਣੇ ਦੀ ਸਭ ਤੋਂ ਵੱਡੀ ਸਬਜ਼ੀ ਮੰਡੀ ਹੈ। ਮਹਾਤਮਾ ਜੋਤੀਬਾ ਫੂਲੇ ਰੋਹਿਲਖੰਡ ਯੂਨੀਵਰਸਿਟੀ ਬਣਾਈ ਗਈ ਹੈ। ਸੁਭਾਰਤੀ ਕਾਲਜ ਆਫ ਫਿਜ਼ੀਓਥੈਰੇਪੀ ਦਾ ਨਾਂ ਪਹਿਲਾਂ ਉਨ੍ਹਾਂ ਦੇ ਨਾਂ ਤੇ ਰੱਖਿਆ ਗਿਆ ਸੀ। ਜੀਪੀ ਦੇਸ਼ਪਾਂਡੇ ਦਾ ਜੀਵਨੀ ਨਾਟਕ ਸਤਿਆਸ਼ੋਧਕ (ਸੱਚਾਈ ਖੋਜੀ) ਪਹਿਲੀ ਵਾਰ 1992 ਵਿੱਚ ਜਨ ਨਾਟਿਆ ਮੰਚ ਦੁਆਰਾ ਪੇਸ਼ ਕੀਤਾ ਗਿਆ ਸੀ। ਮਹਾਤਮਾ ਫੂਲੇ ਸਮਾਜ ਸੁਧਾਰਕ ਬਾਰੇ ਇੱਕ ਭਾਰਤੀ ਮਰਾਠੀ ਭਾਸ਼ਾ ਦੀ ਜੀਵਨੀ ਫਿਲਮ ਪ੍ਰਹਿਲਾਦ ਕੇਸ਼ਵ ਅਤਰੇ ਦੁਆਰਾ ਨਿਰਦੇਸ਼ਿਤ ਕੀਤੀ ਗਈ ਸੀ। ਕ੍ਰਾਂਤੀ ਜਯੋਤੀ ਸਾਵਿਤਰੀਬਾਈ ਫੂਲੇ ਅਤੇ ਜੋਤੀਬਾ ਫੂਲੇ ਦੇ ਜੀਵਨ ਤੇ ਅਧਾਰਤ ਇੱਕ ਭਾਰਤੀ ਡਰਾਮਾ ਟੈਲੀਵਿਜ਼ਨ ਲੜੀ 2016 ਵਿੱਚ ਡੀਡੀ ਨੈਸ਼ਨਲ ਤੇ ਪ੍ਰਸਾਰਿਤ ਕੀਤੀ ਗਈ ਸੀ।

ਸਾਵਿਤਰੀ ਜਯੋਤੀ, ਸਾਵਿਤਰੀਬਾਈ ਅਤੇ ਜੋਤੀਬਾ ਫੂਲੇ ਦੇ ਜੀਵਨ ਅਤੇ ਕੰਮਾਂ ਤੇ ਅਧਾਰਤ ਇੱਕ ਮਰਾਠੀ ਡਰਾਮਾ ਟੈਲੀਵਿਜ਼ਨ ਲੜੀ 2019-2020 ਵਿੱਚ ਸੋਨੀ ਮਰਾਠੀ ਤੇ ਪ੍ਰਸਾਰਿਤ ਕੀਤੀ ਗਈ ਸੀ। ਸਾਵਿਤਰੀਬਾਈ ਫੂਲੇ ਇੱਕ ਭਾਰਤੀ ਕੰਨੜ ਭਾਸ਼ਾ ਦੀ ਬਾਇਓਪਿਕ ਫੂਲੇ ਬਾਰੇ 2018 ਵਿੱਚ ਬਣਾਈ ਗਈ ਸੀ। ਉਨ੍ਹਾਂ ਦੇ ਜਨਮ ਦਿਵਸ ਮੌਕੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵੱਖ ਵੱਖ ਥਾਵਾਂ ਤੇ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਸ ਮਹਾਨ ਸਮਾਜ ਸੁਧਾਰਕ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਨ੍ਹਾਂ ਵੱਲੋਂ ਸ਼ੁਰੂ ਕੀਤੇ ਸਮਾਜ ਸੇਵੀ ਕੰਮਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇ ਅਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਅਤੇ ਉਨ੍ਹਾਂ ਦੇ ਸੁਪਨਿਆਂ ਵਾਲਾ ਬਰਾਬਰਤਾ ਵਾਲਾ ਸਮਾਜ ਉਸਾਰਨ ਲਈ ਠੋਸ ਲਹਿਰ ਚਲਾਈ ਜਾਵੇ।



ਕੁਲਦੀਪ ਚੰਦ
91-9417563054

# ਜਲੰਧਰ ਜ਼ਿਮਨੀ ਚੋਣ ਲਈ ਨੋਟੀਫਿਕੇਸ਼ਨ 13 ਅਪ੍ਰੈਲ ਨੂੰ ਜਾਰੀ ਹੋਵੇਗਾ

**ਚੰਡੀਗੜ੍ਹ-** ਭਾਰਤੀ ਚੋਣ ਕਮਿਸ਼ਨ ਨੇ ਲੋਕ ਸਭਾ ਹਲਕਾ ਜਲੰਧਰ ਜ਼ਿਮਨੀ ਚੋਣ ਕਰਵਾਉਣ ਲਈ ਵਿਸਤ੍ਰਿਤ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਮੁੱਖ ਚੋਣ ਅਧਿਕਾਰੀ, ਪੰਜਾਬ (ਸੀ।ਈ।ਓ।) ਸਿਬਿਨ ਸੀ ਨੇ ਦੱਸਿਆ ਕਿ ਨੋਟੀਫਿਕੇਸ਼ਨ 13 ਅਪ੍ਰੈਲ, 2023 (ਵੀਰਵਾਰ) ਨੂੰ ਜਾਰੀ ਕੀਤਾ ਜਾਵੇਗਾ, ਜਦਕਿ ਨਾਮਜ਼ਦਗੀਆਂ ਕਰਨ ਦੀ ਆਖਰੀ ਮਿਤੀ 20 ਅਪ੍ਰੈਲ, 2023 (ਵੀਰਵਾਰ) ਹੈ।

ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਦੀ ਪੜਤਾਲ 21 ਅਪ੍ਰੈਲ, 2023 (ਸ਼ੁੱਕਰਵਾਰ) ਨੂੰ ਹੋਵੇਗੀ ਅਤੇ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 24 ਅਪ੍ਰੈਲ, 2023 (ਸੋਮਵਾਰ) ਹੈ। ਵੋਟਾਂ 10 ਮਈ, 2023 (ਬੁੱਧਵਾਰ) ਨੂੰ ਸਵੇਰੇ 8 ਵਜੇ ਤੋਂ ਸ਼ਾਮ 6।00 ਵਜੇ ਤੱਕ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ 13 ਮਈ, 2023 (ਸ਼ਨੀਵਾਰ) ਨੂੰ ਹੋਵੇਗੀ। ਸੀਈਓ ਨੇ ਦੱਸਿਆ ਕਿ ਚੋਣ ਪ੍ਰਕਿਰਿਆ 15 ਮਈ, 2023 (ਸੋਮਵਾਰ) ਨੂੰ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰ 13 ਅਪ੍ਰੈਲ, 2023 ਤੋਂ 20 ਅਪ੍ਰੈਲ, 2023 ਤੱਕ ਜਨਤਕ ਛੁੱਟੀ ਤੋਂ ਇਲਾਵਾ ਕਿਸੇ ਵੀ ਦਿਨ ਸਵੇਰੇ 11।00 ਵਜੇ ਤੋਂ ਬਾਅਦ ਦੁਪਹਿਰ 3।00 ਵਜੇ ਤੱਕ ਰਿਟਰਨਿੰਗ ਅਫ਼ਸਰ ਕੋਲ ਪੇਸ਼ ਕੀਤੇ ਜਾਣੇ ਹਨ। ਡਿਪਟੀ ਕਮਿਸ਼ਨਰ ਜਲੰਧਰ ਰਿ-ਟਰਨਿੰਗ ਅਫ਼ਸਰ ਹਨ। 04-ਜਲੰਧਰ (ੰਛ) ਸੰਸਦੀ ਹਲਕੇ ਲਈ। ਉਨ੍ਹਾਂ ਅੱਗੇ ਦੱਸਿਆ ਕਿ 04-ਜਲੰਧਰ (ਐਸ।ਸੀ।) ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਨਾਮਜ਼ਦਗੀ ਪੱਤਰ ਫਾਰਮ 2ਏ ਵਿੱਚ ਭਰੇ ਜਾਣੇ ਹਨ। ਖਾਲੀ ਫਾਰਮ ਰਿਟਰਨਿੰਗ ਅਫਸਰ ਕੋਲ ਉਪਲਬਧ ਹਨ। ਟਾਈਪ ਕੀਤੇ ਨਾਮਜ਼ਦਗੀ ਪੱਤਰ ਵੀ ਸਵੀਕਾਰ ਕੀਤੇ ਜਾਣਗੇ ਬਸ਼ਰਤੇ ਉਹ ਨਿਰਧਾਰਤ ਫਾਰਮ ਵਿੱਚ ਹੋਣ। ਇੱਕ ਸੰਸਦੀ ਚੋਣ ਖੇਤਰ (ਲੋਕ ਸਭਾ) ਸੀਟ ਲਈ ਯੋਗਤਾ ਪ੍ਰਾਪਤ ਕਰਨ ਲਈ, ਇੱਕ ਉਮੀਦਵਾਰ ਨੂੰ ਕਿਸੇ ਵੀ ਸੰਸਦੀ ਹਲਕੇ ਲਈ ਇੱਕ ਵੋਟਰ ਵਜੋਂ ਰਜਿਸਟਰ ਕੀਤਾ ਜਾਣਾ ਚਾਹੀਦਾ ਹੈ। ਇਸ ਨੁਕਤੇ 'ਤੇ ਸਬੰਧਤ ਰਿਟਰਨਿੰਗ ਅਫਸਰ ਨੂੰ ਸੰਤੁਸ਼ਟ ਕਰਨ ਲਈ, ਉਮੀਦਵਾਰਾਂ ਨੂੰ ਲਾਗੂ ਵੋਟਰ ਸੂਚੀ ਦੀ ਸੰਬੰਧਿਤ ਐਂਟਰੀ ਦੀ ਪ੍ਰਮਾਣਿਤ ਕਾਪੀ ਪੇਸ਼ ਕਰਨੀ ਚਾਹੀਦੀ ਹੈ।

ਵਿਸਾਖੀ ਤੇ ਵਿਸ਼ੇਸ਼

# 'ਗੁਰੂ ਗੋਬਿੰਦ ਸਿੰਘ ਜੀ'

ਮੇਰੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਤੋਂ,
ਮੈਂ ਜਾਵਾਂ ਬਲਿਹਾਰ ਲੋਕੋ।
ਜਿਸਨੇ ਦੱਬੇ ਕੁਚਲਿਆਂ ਲੋਕਾਂ ਨੂੰ,
ਲਾਕੇ ਗਲ਼ ਨਾਲ ਦਿੱਤਾ ਸਤਿਕਾਰ ਲੋਕੋ।
ਜਿਹਨਾਂ ਤੇ ਲੱਗੀਆਂ ਸੀ ਪਾਬੰਦੀਆਂ,
ਜਿਹਨਾਂ ਦੇ ਖੋਹੇ ਸੀ ਸਭੇ ਅਧਿਕਾਰ ਲੋਕੋ।
ਨਫ਼ਰਤ ਕਰਦੇ ਸੀ ਅਖੌਤੀ ਉੱਚ ਜਾਤੀ,
ਨੀਚ ਸਮਝਕੇ ਦਿੰਦੇ ਦੁਰਕਾਰ ਲੋਕੋ।
ਅਖੌਤੀ ਉੱਚੇ ਨੀਵਿਆਂ ਨੂੰ ਇੱਕ ਬਾਟੇ,
'ਅੰਮ੍ਰਿਤ' ਛਕਾਇਆ ਸੀ ਨਾਲ ਪਿਆਰ ਲੋਕੋ।
ਸਸਤਰਹੀਣ ਲੋਕਾਂ ਨੂੰ ਫੜਾ ਸਸਤਰ,
ਚੜਾਇਆ ਘੋੜਿਆਂ ਤੇ ਕਰਕੇ ਤਿਆਰ ਲੋਕੋ।
ਸੱਚੀ ਸੁੱਚੀ ਵਿਚਾਰਧਾਰਾ ਮੇਰੇ 'ਪਾਤਿਸ਼ਾਹ' ਦੀ,
ਜੋ ਦਿੱਤੀ ਬਹੁਤਿਆਂ ਨੇ ਵਿਸਾਰ ਲੋਕੋ।
'ਮੇਜਰ' ਤਾਹੀਂ ਅੱਜ ਸਿੱਖ ਕੌਮ ਅੰਦਰ,
ਆਇਆ ਹੈ ਵੱਡਾ ਨਿਘਾਰ ਲੋਕੋ।

**ਮੇਜਰ ਸਿੰਘ 'ਬੁਢਲਾਡਾ'**
94176 42327




# ਲੋਕਤੰਤਰ ਵਿੱਚ ਦਲ ਬਦਲਿਆਂ ਲਈ ਕਿੰਨੀ ਕੁ ਖੁੱਲ੍ਹ ਹੋਵੇ



**ਮੇਜਰ ਸਿੰਘ ਨਾਭਾ**
91-94635-53962

ਭਾਰਤ ਨੂੰ ਲੋਕਤੰਤਰੀ ਦੇਸ਼ ਮੰਨਿਆ ਗਿਆ ਹੈ। ਭਾਰਤੀ ਸੰਵਿਧਾਨ ਅੰਦਰ ਨਿਰਪੱਖ ਚੋਣਾਂ ਕਰਵਾਉਣ ਲਈ ਆਰਟੀਕਲ 324 ਅਧੀਨ ਚੋਣ ਕਮਿਸ਼ਨਰ ਦੀ ਵਿਵਸਥਾ ਕੀਤੀ ਗਈ ਹੈ ਜਿਸ ਨੂੰ ਸਮੇਂ ਤੋਂ ਪਹਿਲਾਂ ਹਟਾਉਣਾ ਮੁਸਕਿਲ ਹੈ। ਇਹ ਔਖੀ ਪ੍ਰਕ੍ਰਿਆ ਕਰਕੇ ਚੋਣ ਪ੍ਰਕ੍ਰਿਆ ਵਿੱਚ ਵੀ ਕਾਫੀ ਸੁਧਾਰ ਆਏ ਹਨ।ਸੰਨ 1950 'ਚ ਇੱਕ ਮੈਂਬਰੀ ਚੋਣ ਕਮਿਸ਼ਨਰ ਹੋਂਦ 'ਚ ਆ ਗਿਆ ਸੀ ਸਮੇਂ ਦੇ ਨਾਲ ਨਾਲ ਮੈਂਬਰਾਂ ਦੀ ਗਿਣਤੀ 'ਚ ਬਦਲਾਅ ਵੀ ਹੁੰਦਾ ਆ ਰਿਹਾ ਹੈ। ਚੋਣ ਪ੍ਰਕ੍ਰਿਆ ਵਿੱਚ ਸੁਧਾਰ ਕਰਨ ਲਈ ਸਮੇਂ ਦੇ ਨਾਲ ਨਾਲ ਚੋਣ ਕਮਿਸ਼ਨ ਵਲੋਂ ਨਵਾਂ ਚੋਣ ਜਾਬਤਾ ਲਾਇਆ ਜਾਂਦਾ ਹੈ। ਪਿਛਲੇ ਦੋ ਦਹਾਕੇ ਦੌਰਾਣ ਜਿੰਨੀਆਂ ਵੀ ਰਾਜਾਂ ਅਤੇ ਲੋਕ ਸਭਾ ਦੀਆਂ ਚੋਣਾਂ ਹੋਈਆਂ ਹਨ ਉਨ੍ਹਾਂ ਵਿੱਚ ਝੂਠੇ ਵਾਅਦੇ, ਇੱਕ ਦੂਜੇ ਤੇ ਚਿੱਕੜ ਉਛਾਲਣਾ, ਗੁੰਡਾਗਰਦੀ, ਅਸਭਿਅਕ ਬੋਲਣਾ, ਦਲ ਬਦਲੀ, ਆਦਿ ਦਾ ਬੋਲਬਾਲਾ ਵੱਧਦਾ ਹੀ ਆ ਰਿਹਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਤਾਂ ਦਲ ਬਦਲੂਆਂ ਨੇ ਹੱਦ ਹੀ ਕਰ ਦਿੱਤੀ। ਸਭ ਤੋਂ ਵੱਧ ਦਲ ਬਦਲੀ ਦਾ ਦੌਰ ਭਵਿੱਖ 'ਚ ਆ ਰਹੀਆਂ ਜਿਮਨੀ ਚੋਣਾਂ ਕਰਕੇ ਵੀ ਚਲ ਰਿਹਾ ਹੈ। ਕਿਸੇ ਰਾਜਨੀਤਕ ਨੇਤਾ ਨੂੰ ਇੱਕ ਪਾਰਟੀ ਪਹਿਲਾਂ ਮਾੜੀ ਲੱਗੀ, ਦੂਜੀ 'ਚ ਜਾ ਕੇ ਖੂਬ ਪਹਿਲੀ ਪਾਰਟੀ ਦੇ ਪ੍ਰਧਾਨ ਅਤੇ ਹੋਰ ਨੇਤਾਵਾਂ ਤੇ ਭਾਂਤ ਸਭਾਂਤੇ ਦੋਸ਼ ਲਾਏ ।ਪਰ ਜਦੋਂ ਉਸ ਨੂੰ ਦੂਜੀ ਪਾਰਟੀ 'ਚ ਵੀ ਉਸ ਤੋਂ ਵੀ ਵੱਧ ਮਾੜਾ ਲੱਗਿਆ ਤਾਂ ਫਸਿਆ ਮਹਿਸੂਸ ਕੀਤਾ ਤਾਂ ਫਿਰ ਉਸੇ ਪਹਿਲੀ ਪਾਰਟੀ 'ਚ ਆਉਣ ਦਾ ਮਨ ਬਣਾ ਲਿਆ, ਇਹੋ ਜਿਹੇ ਮੌਕੇ 'ਘਰ ਵਾਪਸੀ' ਕਹਿ ਕੇ ਖੁਸ਼ੀ ਮਨਾਈ ਜਾਂਦੀ ਹੈ। ਕਈਆਂ ਨੇ ਕਈ ਕਈ ਪਾਰਟੀਆਂ 'ਚ ਸਮੂਲੀਅਤ ਕੀਤੀ ਹੈ। ਕਈਆਂ ਨੇ ਨਵੀਂ ਪਾਰਟੀ ਬਣਾ ਕੇ ਆਪਣੀ ਵੱਖਰੀ ਹੋਂਦ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕੀਤੀ ਹੈ।

ਨਵੀਂ ਪਾਰਟੀ ਬਨਾਉਣ ਵਾਲਾ ਉਂਝ ਤਾਂ ਦਲ ਬਦਲੂਆਂ ਤੋਂ ਵਧੀਆ ਸੋਚ ਦਾ ਹੋ ਸਕਦਾ ਹੈ ਪਰ ਉਸ ਨੂੰ ਵੀ ਮਜਬੂਰਨ ਦਲ ਬਦਲੀ ਵਾਲੇ ਨੇਤਾ ਆਪਣੀ ਪਾਰਟੀ ਵਿੱਚ ਸਾਮਲ ਕਰਨੇ ਪੈ ਜਾਂਦੇ ਹਨ। ਇਸ ਤਰ੍ਹਾਂ ਇਹੋ ਜਿਹੀਆਂ ਬਣੀਆਂ ਪਾਰਟੀਆਂ ਹਮੇਸ਼ਾਂ ਤਕਰੀਬਨ ਖਤਮ ਹੁੰਦੀਆਂ ਆਈਆਂ ਹਨ ਜਾਂ ਕਿਸੇ ਪਾਰਟੀ ਵਿੱਚ ਰਲੇਵਾਂ ਕਰਨ ਲਈ ਮਜਬੂਰ ਹੋ ਜਾਂਦੀਆਂ ਹਨ। ਪਿਛਲੇ ਦੌਰ 'ਚ ਇਥੋਂ ਤੱਕ ਸਾਬਕਾ ਮੁੱਖ ਮੰਤਰੀ ਅਤੇ ਪਾਰਟੀਆਂ ਦੇ ਪ੍ਰਧਾਨ ਵੀ ਦਲ-ਬਦਲੂਆਂ ਦਾ ਠੱਪਾ ਲਵਾ ਚੁੱਕੇ ਹਨ । ਇੱਕ ਦਿਨ ਪਹਿਲਾਂ ਪਾਰਟੀ 'ਚ ਸਾਮਲ ਦੂਸਰੇ ਦਿਨ ਪਾਰਟੀ ਦੀ ਟਿਕਟ ਮਿਲ ਜਾਂਦੀ ਹੈ। ਮਿਹਨਤੀ ਵਰਕਰਾਂ ਲਈ ਇਹੋ ਜਿਹੇ ਹਾਲਾਤ ਨਾਮੋਸ਼ੀ ਪੈਦਾ ਕਰਦੇ ਹਨ। ਪੰਜਾਬ 'ਚ ਸਾਰੀਆਂ ਪਾਰਟੀਆਂ ਦੂਜੀਆਂ ਪਾਰਟੀਆਂ 'ਚੋਂ ਤੋੜ ਵਿਛੌੜਾ ਕਰਨ ਲਈ ਲੀਡਰਾਂ/ਮੈਂਬਰਾਂ ਨੂੰ ਗੰਢਣ 'ਚ ਲੱਗੀਆਂ ਹੋਈਆਂ ਹਨ। ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇੱਕਠੇ ਹੋ ਕੇ ਕੁਝ ਸ਼ਰਤਾਂ ਅਧੀਨ ਦੂਸਰੇ ਪਾਰਟੀ



ਮੈਂਬਰਾਂ ਦੀ ਸਮੂਲੀਅਤ ਲਈ ਸਹਿਮਤੀ ਬਣਾਉਣੀ ਚਾਹੀਦੀ ਹੈ। ਹੁਣ ਤਾਂ ਜਣੇ-ਖਣੇ ਦੇ ਗਲ 'ਚ ਦੋ ਮੀਟਰ ਕਪੜਾ ਪਾ ਕੇ ਸ਼ਾਮਲ ਕਰ ਲਿਆ ਜਾਂਦਾ ਹੈ।

ਅੱਜ ਦੇ ਵੋਟਰ ਲਈ ਕਿਸੇ ਵੀ ਚੋਣ ਲਈ ਸਹੀ ਉਮੀਦਵਾਰ ਦੀ ਚੋਣ ਕਰਨੀ ਮੁਸ਼ਕਿਲ ਕੰਮ ਹੋ ਗਿਆ ਹੈ। ਪਹਿਲਾਂ ਬਹੁਤੇ ਉਮੀਦਵਾਰਾਂ ਦਾ ਕਿਰਦਾਰ ਸਾਫ ਹੁੰਦਾ ਸੀ ਪਰ ਹੁਣ ਇਹ ਉਲਟ ਜਾਪਦਾ ਲੱਗ ਰਿਹਾ ਹੈ। ਭਾਰਤੀ ਚੋਣ ਕਮਿਸ਼ਨ ਨੇ ਚੋਣ ਪ੍ਰਕ੍ਰਿਆ ਵਿੱਚ ਭਾਵੇਂ ਬਹੁਤ ਸਾਰੇ ਸੁਧਾਰ ਕੀਤੇ ਹਨ ਪਰ ਅਜੇ ਵੀ ਹੋਰ ਸਖਤ ਕਦਮ ਪੁੱਟਣ ਦੀ ਲੋੜ ਹੈ। ਭਾਵੇਂ 1985 'ਚ ਦਲ-ਬਦਲੂ ਵਿਰੋਧੀ ਐਕਟ 52ਵੀਂ ਸੋਧ ਕਰਕੇ ਹੋਂਦ ਵਿੱਚ ਆ ਚੁੱਕਾ ਹੈ ਜਿਸ ਅਨੁਸਾਰ ਕਿਸੇ ਸੰਸਦ ਜਾਂ ਰਾਜ ਵਿਧਾਨ ਸਭਾ ਮੈਂਬਰ ਵਲੋਂ ਸਵੈ-ਇੱਛਾ ਨਾਲ ਦਲ ਨੂੰ ਤਿਆਗਣ ਕਰਕੇ ਜਾਂ ਪਾਰਟੀ ਵਿਪ੍ਹ ਦੀ ਉਲੰਘਣਾ ਕਰਨ ਕਰਕੇ ਉਸ ਦੀ ਮੈਂਬਰਸ਼ਿਪ ਖਤਮ ਹੋ ਸਕਦੀ ਹੈ। ਇਸ ਐਕਟ ਅਧੀਨ ਜੇਕਰ ਇੱਕ ਤਿਹਾਈ ਮੈਂਬਰ ਕਿਸੇ ਪਾਰਟੀ ਤੋਂ ਅਲੱਗ ਹੁੰਦੇ ਹਨ ਤਾਂ ਉਹ ਆਯੋਗ ਨਹੀਂ ਠਹਿਰਾਏ ਜਾ ਸਕਦੇ ਪਰ ਬਾਦ 'ਚ 91ਵੀਂ ਸੋਧ ਕਰਕੇ ਇਹ ਅਨੁਪਾਤ ਦੋ ਤਿਹਾਈ ਕਰ ਦਿੱਤਾ ਗਿਆ। ਇਸ ਅਨੁਸਾਰ ਉਹ ਨਵਾਂ ਗਰੁੱਪ ਨਹੀਂ ਬਣਾ ਸਕਦੇ ਸਗੋਂ ਕਿਸੇ ਦਲ ਵਿੱਚ ਸਾਮਲ ਹੋ ਸਕਦੇ ਹਨ। ਕਿਸੇ ਮੈਂਬਰ ਬਾਰੇ ਇਹ ਫੈਸਲਾ ਵਿਧਾਨ ਸਭਾ ਜਾਂ ਲੋਕ ਸਭਾ ਦੇ ਸਪੀਕਰ ਜਾਂ ਚੇਅਰਮੈਨ ਨੇ ਆਪਣੇ ਵਿਵੇਕ ਤੇ ਕਰਨਾ ਹੁੰਦਾ ਹੈ। ਭਾਵੇਂ ਇਸ ਪ੍ਰਕ੍ਰਿਆ ਨੂੰ ਨਿਆਂ ਪਾਲਿਕਾ ਦੇ ਘੇਰੇ ਤੋਂ ਮੁਕਤ ਰੱਖਿਆ ਗਿਆ ਪਰ ਫਿਰ ਵੀ ਨਿਆਂ ਪਾਲਿਕਾ ਨੂੰ ਕਈ ਕੇਸਾਂ ਵਿੱਚ ਦਖਲ ਦੇਣਾ ਪਿਆ ਹੈ। ਇਸ ਨਾਲ ਦਲ ਬਦਲੂਆਂ ਲਈ ਵੋਟਰ ਨੂੰ ਬੜਾ ਕੁਝ ਸੋਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਪਰ ਪੰਜਾਬ ਅੰਦਰ ਇਹ ਰੁਝਾਣ ਦਿਨੋ ਦਿਨ ਵੱਧਦਾ ਜਾ ਰਿਹਾ ਹੈ ਜੋ ਕਿ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ ਹੈ।

ਦਲ ਬਦਲੂ ਜਦੋਂ ਕਿਸੇ ਅਹੁੱਦੇ ਤੇ ਲੋਕਾਂ ਦੇ ਲੋਕ ਮੱਤ ਨਾਲ ਜੇਤੂ ਹੋਏ ਹੁੰਦੇ ਹਨ ਪਰ ਜਦੋਂ ਉਹੀ ਜੇਤੂ ਮੈਂਬਰ ਚੋਣਾਂ ਸਮੇਂ ਜਿਸ ਪਾਰਟੀ / ਪ੍ਰਧਾਨ ਦੇ ਖਿਲਾਫ ਮਾੜੇ ਤੋਂ ਮਾੜੇ ਸ਼ਬਦ ਬੋਲਦੇ ਸੀ ਹੁਣ ਦਲ ਬਦਲ ਕੇ ਉਨ੍ਹਾਂ ਨਾਲ ਜੱਫੀਆਂ ਪਾਉਂਦੇ ਦਿਖਾਈ ਦਿੰਦੇ ਹਨ। ਦਲ ਬਦਲੂਆਂ ਨੂੰ ਪੈਸੇ ਨਾਲ ਜਾਂ ਅਹੁੱਦਿਆਂ ਦੇ ਲਾਲਚ ਦੇ ਕੇ ਖਰੀਦਣ ਦੇ ਦੋਸ਼ ਵਿਰੋਧੀਆਂ ਵਲੋਂ ਲਗਾਏ ਜਾਂਦੇ ਹਨ।

ਦਲ ਬਦਲਣ ਵਾਲੇ ਜੇਤੂ ਮੈਂਬਰਾਂ ਦਾ ਚੋਣਾਂ 'ਚ ਉਨ੍ਹਾਂ ਲਈ ਦਿਨ ਰਾਤ ਮਿਹਨਤ ਕਰਨੇ ਵਾਲੇ ਵਿਰੋਧ ਕਰ ਰਹੇ ਹੁੰਦੇ ਹਨ ਕਿ ਉਨ੍ਹਾਂ ਨਾਲ ਵਿਸ਼ਵਾਸ਼ਘਾਤ ਕੀਤਾ ਹੈ, ਜਿਸ ਨਾਲ ਹਲਕੇ ਅੰਦਰ ਤਣਾਅ ਪੈਦਾ ਹੋਣ ਦਾ ਖਤਰਾ ਹੈ। ਹੁਣ ਇਹ ਸਾਡੇ ਦੇਸ਼ ਦੇ ਨੇਤਾਵਾਂ ਲਈ ਗੰਭੀਰਤਾ ਨਾਲ ਸੋਚਣ ਦਾ ਮਾਮਲਾ ਹੈ। ਕਿਸੇ ਵੀ ਪਾਰਟੀ ਦਾ ਅਨੁਸ਼ਾਸਣ ਸਾਰਿਆਂ ਲਈ ਮਹੱਤਵ ਰੱਖਦਾ ਹੈ। ਜੇਕਰ ਕਿਸੇ ਮੈਂਬਰ ਨੂੰ ਪਾਰਟੀ ਦਾ ਕੰਮ , ਨੀਤੀਆਂ ਆਦਿ ਚੰਗੀਆਂ ਨਹੀਂ ਲੱਗਦੀਆਂ ਤਾਂ ਉਹ ਪਾਰਟੀ ਤਾਂ ਛੱਡ ਸਕਦਾ ਹੋਵੇ ਪਰ ਹੋਰ ਪਾਰਟੀ 'ਚ ਜਾਣ ਲਈ ਉਸ ਲਈ ਸਮਾਂ ਤੈਅ ਕੀਤਾ ਜਾਣਾ ਚਾਹੀਦਾ ਹੈ ,ਕਿ ਕਿੰਨਾ ਸਮਾਂ ਹੋਰ ਕਿਸੇ ਪਾਰਟੀ ਵਿੱਚ ਨਹੀਂ ਜਾ ਸਕਦਾ। ਇਹ ਤਾਂ ਉਂਝ ਉਸ ਨੇਤਾ ਨੂੰ ਵੀ ਚਾਹੀਦਾ ਕਿ ਜਲਦੀ 'ਚ ਦੂਜੀ ਪਾਰਟੀ 'ਚ ਨਾ ਜਾਵੇ ਜਿਸ ਬਾਰੇ ਉਹ ਪਹਿਲਾਂ ਮੰਦਾ ਬੋਲ ਚੁੱਕਿਆ ਹੈ।ਇਸ ਨਾਲ ਉਸ ਦਾ ਅਕਸ਼ ਵੀ ਲੋਕਾਂ ਸਾਹਮਣੇ ਖਰਾਬ ਨਹੀਂ ਹੋਵੇਗਾ। ਇਸ ਤਰ੍ਹਾਂ ਦਾ ਵਰਤਾਰਾ ਸਾਡੇ ਸਮਾਜ ਅੰਦਰ ਨੈਤਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਲਈ ਰੋਲ ਅਦਾ ਕਰਦਾ ਹੈ।ਚੋਣ ਕਮਿਸਨ ਦਲ ਬਦਲੂਆਂ ਤੇ ਘੱਟੋ ਘੱਟ ਪੰਜ ਸਾਲ ਲਈ ਉਨ੍ਹਾਂ ਦੀਆਂ ਰਾਜਨੀਤਕ ਸਰਗਰਮੀਆਂ ਤੇ ਰੋਕ ਲਾਏ।

ਚੋਣਾਂ ਦੌਰਾਨ ਵਾਅਦਿਆਂ ਦੀਆਂ ਉਮੀਦਵਾਰਾਂ ਵਲੋਂ ਝੜੀਆਂ ਲਾ ਦਿੱਤੀਆਂ ਜਾਦੀਆਂ ਹਨ। ਅਸੰਭਵ ਨੂੰ ਸੰਭਵ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਪਰ ਜਿੱਤਣ ਬਾਅਦ ਉਮੀਦਵਾਰ ਵੋਟਰਾਂ ਦੀ ਪਹੁੰਚ ਤੋਂ ਦੂਰ ਰਹਿਣ ਲੱਗਦਾ ਹੈ। ਵੋਟਰ ਨੂੰ ਹੁਣ ਇਨ੍ਹਾਂ ਗਿਰਗਟ ਵਾਂਗ ਰੰਗ ਬਦਲਣ ਵਾਲੇ ਨੇਤਾਵਾਂ ਤੇ ਉਨ੍ਹਾਂ ਦੀ ਕਹੀ ਕਿਸੇ ਵੀ ਗੱਲ ਤੇ ਕੋਈ ਵਿਸ਼ਵਾਸ਼ ਨਹੀਂ ਰਿਹਾ। ਜਿਹੜੇ ਰਾਤੋ ਰਾਤ ਆਪਣੇ ਵਿਚਾਰ ਬਦਲ ਕੇ ਪਾਲਾ ਬਦਲ ਲੈਣ ਉਨ੍ਹਾਂ ਤੋਂ ਲੋਕਾਂ ਨੂੰ ਕੀ ਆਸਾਂ ਹੋ ਸਕਦੀਆਂ ਹਨ? ਲੋਕਤੰਤਰ ਦਾ ਭਵਿੱਖ ਭਾਰਤ ਵਿੱਚ ਧੁੰਦਲਾ ਦਿਖਾਈ ਦੇ ਰਿਹਾ ਹੈ।

ਲੋਕਾਂ ਦੁਆਰਾ ਚੁਣੇ ਸੱਤਾ ਦਾ ਆਨੰਦ ਮਾਣ ਰਹੇ ਮੁੱਖ ਮੰਤਰੀ ਤੱਕ ਹੁਣ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰਨ ਨੂੰ ਵੀ ਟਿੱਚ ਸਮਝਦੇ ਹਨ। ਸ਼ੋਸਲ ਮੀਡੀਏ 'ਚ ਉਨ੍ਹਾਂ ਦੇ ਆਪਾ ਵਿਰੋਧੀ ਬੋਲ ਸੁਣ ਕੇ ਕੀ ਉਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ ਹੋਵੇਗੀ, ਸ਼ਾਇਦ ਹੋਲੀ ਹੋਲੀ ਪੱਥਰ ਦਿਲ ਬਣਨ ਵੱਲ ਚਲੇ ਜਾਂਦੇ ਹਨ। ਹੁਣ ਵੋਟਰ ਨੂੰ ਵੀ ਆਪਣੀ ਵੋਟ ਸ਼ਕਤੀ ਨਾਲ ਬਦਲਾਅ ਕਰਨ ਦਾ ਅਧਿਕਾਰ ਹੈ ਪਰ ਯੋਗ ਉਮੀਦਵਾਰ ਪਛਾਣਨਾ ਉਸ ਲਈ ਚੁਣੌਤੀ ਭਰਿਆ ਕੰਮ ਹੈ, ਇਹੋ ਤ੍ਰਾਸ਼ਦੀ ਹੈ ਜੋ ਕਿ ਬਹੁਤੇ ਵੋਟਰ ਕਰ ਨਹੀਂ ਪਾਉਂਦੇ।

# ਤਾਂ ਜੋ ਪੇਪਰ ਤਸੱਲੀਬਖ਼ਸ਼ ਹੋਵੇ?



ਪ੍ਰੀਖਿਆ ਦਾ ਸਮਾਂ ਵਿਦਿਆਰਥੀ-ਵਰਗ ਲਈ ਪੜ੍ਹਾਈ ਦੇ ਬਾਕੀ ਸਮੇਂ ਨਾਲੋਂ ਕੁੱਝ ਕਠਿਨ ਪਰ ਫ਼ੈਸਲਾਕੁੰਨ ਹੁੰਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਉਨ੍ਹਾਂ ਦੇ ਉਸ ਗਿਆਨ-ਧਿਆਨ ਦੀ ਪਰਖ ਹੁੰਦੀ ਹੈ ਜੋ ਉਸ ਨੇ ਵਿਦਿਆਕ ਵਰ੍ਹੇ ਦੌਰਾਨ ਲਿਆ/ਦਿੱਤਾ ਹੁੰਦਾ ਹੈ। ਮਿਤੀਬੱਧ ਇਹ ਪਰਖ ਉਸ ਦੁਆਰਾ ਪੜ੍ਹੇ ਗਏ ਉਨ੍ਹਾਂ ਸਾਰੇ ਵਿਸ਼ਿਆਂ ਦੀ ਹੁੰਦੀ ਹੈ ਜਿਹੜੇ ਉਸ ਨੇ ਸਬੰਧਤ ਜਮਾਤ ਵਿਚ ਪੜ੍ਹੇ ਹੁੰਦੇ ਹਨ।ਇਨ੍ਹਾਂ ਵਿਸ਼ਿਆਂ ਦਾ ਸੁਭਾਅ ਅਤੇ ਨਿਭਾਅ ਵੱਖਰਾ-ਵੱਖਰਾ ਹੁੰਦਾ ਹੈ ਅਤੇ ਵਿਦਿਆਰਥੀ ਦੀ ਲਗਨ ਤੇ ਮਿਹਨਤ ਮੁਤਾਬਿਕ ਉਸ ਨੂੰ ਔਖਾ ਜਾਂ ਸੌਖਾ ਲੱਗਦਾ ਹੈ । ਪਰਖ ਦੀ ਘੱਸਵੱਟੀ 'ਤੇ ਲੱਗਣ ਵਾਲੇ ਇਨ੍ਹਾਂ ਵਿਸ਼ਿਆਂ ਵਿਚ 6 ਵਿਸ਼ੇ (ਗਣਿਤ, ਅੰਗਰੇਜ਼ੀ, ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ) ਨੂੰ ਮਹੱਤਵਪੂਰਨ ਭਾਵ ਵਧੇਰੇ ਤਰਜ਼ੀਹ ਵਾਲੇ ਵਿਸ਼ੇ ਮੰਨਿਆ ਜਾਂਦਾ ਹੈ। ਪੇਪਰ ਕਿਸੇ ਵੀ ਵਿਸ਼ੇ ਦਾ ਹੋਵੇ ਉਸ ਨੂੰ ਹੱਲ ਕਰਨ ਲਈ ਉਸ ਵਿਸ਼ੇ ਦਾ ਭਰਪੂਰ ਗਿਆਨ ਹੋਣ ਦੇ ਨਾਲ-ਨਾਲ ਸੁਚੱਜੀ ਪੇਸ਼ਕਾਰੀ ਦਾ ਢੰਗ ਵੀ ਆਉਣਾ ਚਾਹੀਦਾ ਹੈ।ਗਿਆਨ ਦੀ ਭਰਪੂਰਤਾ ਦੇ ਨਾਲ-ਨਾਲ ਉਸ ਗਿਆਨ ਦੀ ਪੇਸ਼ਕਾਰੀ ਵੀ ਪੇਪਰ ਵਿਚ ਚੰਗੇ ਅੰਕ ਹਾਸਲ ਕਰਵਾ ਸਕਦੀ ਹੈ। ਵਿਦਿਆਰਥੀ/ਪ੍ਰੀਖਿਆਰਥੀ ਦੁਆਰਾ ਨਿੱਠ ਕੇ ਕੀਤੀ ਵਿਸ਼ੇ ਦੀ ਮਿਹਨਤ ਅਤੇ ਉਸ ਵੱਲੋਂ ਦਿੱਤੇ ਗਏ ਲੋੜੀਂਦੇ ਜਵਾਬ ਉਸ ਨੂੰ ਪ੍ਰੀਖਿਅਕ/ਮੁਲਾਂਕਣ ਕਰਤਾ ਦਾ ਧਿਆਨ ਖਿੱਚ ਲੈਂਦੇ ਹਨ। ਇਹ ਧਿਆਨ ਉਸ (ਵਿਦਿਆਰਥੀ) ਨੂੰ ਚੰਗੇ ਅੰਕਾਂ ਦਾ ਭਾਗੀ ਬਣਾ ਦਿੰਦਾ ਹੈ ਜਿਸ ਨੂੰ ਵਿਦਿਆਰਥੀ ਜੀਵਨ ਦੀ ਇੱਕ ਅਹਿਮ ਅਤੇ ਵੱਡਮੁੱਲੀ ਪ੍ਰਾਪਤੀ ਮੰਨਿਆਂ ਜਾਂਦਾ ਹੈ।ਇਹ ਪ੍ਰਾਪਤੀ ਜਿਥੇ ਉਸ ਦੇ ਵਿਦਿਅਕ ਸਫ਼ਰ ਨੂੰ ਸੁਖ਼ਾਲਾ ਬਣਾਉਂਦੀ ਹੈ ਉਥੇ ਉਸ ਦੇ ਭਵਿੱਖ ਨੂੰ ਸੰਵਾਰਨਾ ਅਤੇ ਨਿਖ਼ਾਰਨ ਵਿਚ ਸਹਾਈ ਸਾਬਤ ਹੁੰਦੀ ਹੈ। ਪ੍ਰੀਖਿਆ ਦੇ ਨਜ਼ਰੀਏ ਤੋਂ ਹੇਠ ਦਿੱਤੇ ਗਏ ਕੁੱਝ ਕਾਰਗਰ ਨੁਕਤੇ ਹਨ ਜੋ ਵਿਦਿਅਰਥੀ-ਵਰਗ ਦੀ ਪ੍ਰੀਖਿਆ ਪੇਸ਼ਕਾਰੀ ਨੂੰ 'ਚਾਰ ਚੰਨ' ਲਗਾ ਸਕਦੇ ਹਨ।

**ਪ੍ਰਸ਼ਨ-ਪੱਤਰ ਨੂੰ ਧਿਆਨ ਨਾਲ ਪੜ੍ਹਨਾ:-** ਹੱਲ ਕਰਨ ਤੋਂ ਪਹਿਲਾਂ ਪੇਪਰ ਨੂੰ ਚੰਗੀ ਤਰ੍ਹਾਂ ਪੜ੍ਹਨਾ ਅਤੇ ਵਿਚਾਰਨਾ ਚਾਹੀਦਾ ਹੈ। ਪੜ੍ਹਨ ਤੋਂ ਬਾਅਦ ਹੀ ਪ੍ਰਸ਼ਨ ਦਾ ਸੁਭਾਅ ਅਤੇ ਉਸ ਦੀ ਲੋੜ ਬਾਬਤ ਸਹੀ ਪਤਾ ਲੱਗਦਾ ਹੈ ਅਤੇ ਇਸ ਲੋੜ ਮੁਤਾਬਿਕ ਹੀ ਉੱਤਰ ਦੇਣਾ ਬਣਦਾ ਹੈ।

**ਰਮੇਸ਼ ਬੱਗਾ ਚੋਹਲਾ**
91-94631-32719

**ਸੰਖੇਪ ਅਤੇ ਭਾਵਪੂਰਤ ਉੱਤਰ:-** ਵਿਸ਼ੇ ਨਾਲ ਸੰਬੰਧਤ ਜਿਹੜੀ ਸਮੱਗਰੀ ਪੁਸਤਕਾਂ ਅਤੇ ਸਹਾਇਕ ਪੁਸਤਕਾਂ ਵਿਚੋਂ ਪੜ੍ਹਨ ਨੂੰ ਮਿਲਦੀ ਹੈ ਉਹ ਕਾਫ਼ੀ ਵਿਸਥਾਰ ਵਾਲੀ ਅਤੇ ਅਕਾਊ ਹੁੰਦੀ ਹੈ ਪਰ ਪ੍ਰੀਖਿਆ ਦਾ ਸਮਾਂ ਸੀਮਤ ਹੁੰਦਾ ਹੈ। ਸਮੇਂ ਦੀ ਸੀਮਾ ਨੂੰ ਮੁੱਖ ਰੱਖ ਕੇ ਹੀ ਜਵਾਬ ਦੇਣ ਵਿਚ ਸਮਝਦਾਰੀ ਹੈ ਨਹੀਂ ਤਾਂ ਕੁੱਝ ਪ੍ਰਸ਼ਨ ਅਣਛੋਹੇ ਹੀ ਰਹਿ ਸਕਦੇ ਹਨ। ਇਹ ਅਣਛੋਹ ਅੰਕ-ਕਸਾਰੇ ਦੀ ਬਾਇਸ ਵੀ ਬਣ ਸਕਦੀ ਹੈ।

**ਪੜ੍ਹਨਯੋਗ ਲਿਖ਼ਤ:-** ਉੱਤਰ-ਪੱਤਰੀ ਵਿਚਲੀ ਲਿਖ਼ਾਵਟ ਅਤੇ ਬਣਾਵਟ ਭਾਵੇਂ ਮੋਤੀ ਪ੍ਰੋਣ ਵਾਲੀ ਨਾ ਵੀ ਹੋਵੇ ਪਰ ਪੜ੍ਹਨਯੋਗ ਜ਼ਰੂਰ ਹੋਣੀ ਚਾਹੀਦੀ ਹੈ। ਜਿਹੜੇ ਪੇਪਰ ਭਾਸ਼ਾਵਾਂ ਨਾਲ ਸੰਬੰਧਤ ਹਨ ਉਨ੍ਹਾਂ ਦੀ ਲਿਖਾਈ ਜ਼ਰੂਰ ਸੁੰਦਰ ਅਤੇ ਪ੍ਰਭਾਵਸ਼ਾਲੀ ਹੋਣੀ ਚਾਹੀਦੀ ਹੈ।

**ਪਹਿਲਤਾਈ:-** ਪੇਪਰ ਨੂੰ ਹੱਲ ਕਰਦੇ ਸਮੇਂ ਪਹਿਲਤਾਈ ਦਾ ਵੀ ਵਿਸ਼ੇਸ਼ ਮਹੱਤਵ ਹੈ। ਇਸ ਦੇ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਦੇ ਜਵਾਬ ਤਸੱਲੀਬਖਸ਼ ਢੰਗ ਨਾਲ ਦਿੱਤੇ ਜਾ ਸਕਦੇ ਹਨ। ਅੱਧੇ-ਅਧੂਰੇ ਉੱਤਰਾਂ ਵਾਲੇ ਪ੍ਰਸ਼ਨ ਬਾਅਦ ਵਿਚ ਹੱਲ ਕਰਨੇ ਚਾਹੀਦੇ ਹਨ ਤਾਂ ਜੋ ਮੁਲਾਂਕਣ-ਕਰਤਾ 'ਤੇ ਕੋਈ ਨਾਂਹ ਪੱਖੀ ਪ੍ਰਭਾਵ ਨਾ ਪੈ ਸਕੇ।ਇਹ ਪ੍ਰਭਾਵ ਨਤੀਜੇ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

**ਕੋਈ ਪ੍ਰਸ਼ਨ ਵੀ ਅਣਛੋਹਿਆ ਨਾ ਰਹੇ:-** ਉਪਰੋਕਤ ਨੁਕਤਿਆਂ ਨੂੰ ਦ੍ਰਿਸ਼ਟੀਗੋਚਰ ਕਰਨ ਤੋਂ ਇਲਾਵਾ ਪ੍ਰੀਖਿਆਰਥੀ ਨੂੰ ਇਸ ਗੱਲ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਪ੍ਰਸ਼ਨ ਹੱਲ ਕਰਨ ਤੋਂ ਬਗ਼ੈਰ ਨਾ ਰਹਿ ਜਾਵੇ। ਹਰ ਪ੍ਰਸ਼ਨ ਦਾ ਬਣਦਾ-ਸਰਦਾ ਜਵਾਬ ਜ਼ਰੂਰ ਦੇਣਾ ਚਾਹੀਦਾ ਹੈ।

ਉਪਰੋਕਤ ਕੁੱਝ ਨੁਕਤਿਆਂ ਨੂੰ ਮੱਦੇ ਨਜ਼ਰ ਰੱਖ ਕੋਈ ਵੀ ਤਾਲਿਬਇਲਮ ਆਪਣੇ ਵੱਖ-ਵੱਖ ਵਿਸ਼ਿਆਂ ਦੇ ਪੇਪਰ ਨੂੰ ਪ੍ਰਭਾਵਸ਼ਾਲੀ ਬਣਾ ਸਕਦਾ ਹੈ ਅਤੇ ਆਪਣੀ ਪ੍ਰਾਪਤੀ ਦਾ ਕੱਦ ਉੱਚਾ ਕਰ ਸਕਦਾ ਹੈ।

# ਧਿਆਨ ਦਾ ਦੂਸਰਾ ਨਾਮ ਬੁੱਧ ਹੈ- ਓਸ਼ੋ



ਬੁੱਧ ਬਾਰਾਂ ਸਾਲਾਂ ਬਾਅਦ ਆਪਣੇ ਘਰ ਪਰਤੇ, ਉਹਨਾਂ ਦੀ ਪਤਨੀ ਨਾਰਾਜ਼ ਸੀ। ਉਸ ਨੇ ਆਪਣੇ ਪੁੱਤਰ ਨੂੰ ਉਨ੍ਹਾਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ। ਉਸ ਨੇ ਕਿਹਾ, ਰਾਹੁਲ - ਇਹ ਤੇਰੇ ਪਿਤਾ ਹਨ। ਉਹ ਘਰੋਂ ਭੱਜ ਗਏ ਸੀ। ਹੁਣ ਮਿਲ ਗਏ ਹਨ, ਦੁਬਾਰਾ ਕਦੇ ਮਿਲਣ ਹੋਵੇ ਜਾਂ ਨਾ ਹੋਵੇ, ਇਹਨਾਂ ਤੋਂ ਤੂੰ ਆਪਣੀ ਵਸੀਅਤ ਮੰਗ ਲੈ।

ਇਹ ਇੱਕ ਮਜ਼ਾਕ ਸੀ। ਬੁੱਧ ਦੇ ਕੋਲ ਹੁਣ ਦੇਣ ਲਈ ਕਿਹੜੀ ਵਸੀਅਤ ਸੀ? ਉਹ ਭਿਖਾਰੀ ਸਨ। ਹੱਥ ਵਿਚ ਸਿਰਫ਼ ਭੀਖ ਮੰਗਣ ਵਾਲਾ ਕਟੋਰਾ ਸੀ। ਮਾਂ ਮਜ਼ਾਕ ਕਰ ਰਹੀ ਸੀ। ਉਹ ਆਪਣੇ ਪੁੱਤਰ ਨੂੰ ਕਹਿ ਰਹੀ ਸੀ ਕਿ ਦੇਖ, ਇਹ ਤੇਰਾ ਪਿਤਾ ਹੈ। ਤੂੰ ਬਾਰ ਬਾਰ ਪੁੱਛਦਾ ਸੀ ਕਿ ਮੇਰੇ ਪਿਤਾ ਕੌਣ ਹਨ ? ਤੇਰੇ ਸਾਹਮਣੇ ਖੜ੍ਹਾ ਇਹ ਭਿਖਾਰੀ ਹੀ ਤੇਰਾ ਪਿਤਾ ਹੈ। ਇਸ ਨੇ ਤੈਨੂੰ ਜਨਮ ਦਿੱਤਾ, ਜ਼ਿੰਮੇਵਾਰੀ ਨਾ ਸਮਝੀ ਤੇ ਘਰੋਂ ਭੱਜ ਗਿਆ। ਹੁਣ ਤੇਰੀ ਮਰਜ਼ੀ ਉਸ ਕੋਲੋਂ ਮੰਗ ਲੈ ਵਸੀਅਤ, ਸ਼ਾਇਦ ਮੁੜ ਕੇ ਮਿਲੇ ਜਾਂ ਨਹੀਂ, ਫਿਰ ਉਹ ਆਵੇ ਜਾਂ ਨਾ ਪਰ ਯਸ਼ੋਧਰਾ ਨੂੰ ਇਹ ਨਹੀਂ ਪਤਾ ਸੀ ਕਿ ਜੇ ਤੁਸੀਂ ਬੁੱਧਾਂ ਦੇ ਨਾਲ ਮਜ਼ਾਕ ਕਰਨ ਵਿਚ ਸ਼ਾਮਲ ਹੋਵੋ ਤਾਂ ਮਜ਼ਾਕ ਵੀ ਮਹਿੰਗਾ ਪੈ ਜਾਂਦਾ ਹੈ। ਰਾਹੁਲ ਨੇ ਆਪਣੇ ਹੱਥ ਫੈਲਾਏ। ਮਾਂ ਕਹਿੰਦੀ ਸੀ ਵਸੀਅਤ ਮੰਗੋ।



ਸਤਨਾਮ ਸਿੰਘ ਸਹੂੰਗੜ੍ਹਾ
91- 94170-71532

ਉਹ ਇਹ ਦਿਖਾਉਣਾ ਚਾਹੁੰਦੀ ਸੀ ਕਿ ਬੁੱਧ ਨੂੰ ਇਹ ਸਮਝ ਆ ਜਾਏ ਕਿ ਉਹ ਭਿਖਮੰਗੇ ਹੋ ਗਏ। ਕੀ ਮਿਲਿਆ ? ਬਹੁਤ ਕੁਝ ਗਵਾਇਆ। ਬਾਦਸ਼ਾਹ ਸੀ, ਭਿਖਾਰੀ ਬਣ ਗਏ। ਅੱਜ ਪੁੱਤਰ ਹੱਥ ਪਸਾਰ ਕੇ ਖੜ੍ਹਾ ਹੈ ਤੇ ਤੁਹਾਡੇ ਕੋਲ ਦੇਣ ਲਈ ਇੱਕ ਵੀ ਪੈਸਾ ਨਹੀਂ ਹੈ। ਤੁਹਾਨੂੰ ਕੀ ਮਿਲਿਆ ? ਕੀ ਕਮਾ ਕੇ ਵਾਪਿਸ ਆਏ, ਮਾਂ ਇਹ ਕਹਿ ਰਹੀ ਸੀ।

ਬੁੱਧ ਨੇ ਆਪਣਾ ਭੀਖ ਮੰਗਣ ਵਾਲਾ ਕਟੋਰਾ ਰਾਹੁਲ ਦੇ ਫੈਲੇ ਹੋਏ ਹੱਥਾਂ 'ਚ ਦੇ ਦਿੱਤਾ ਅਤੇ ਕਿਹਾ, ਤੇਰੀ ਦੀਖਸ਼ਾ ਹੋ ਗਈ, ਤੂੰ ਵੀ ਭਿਖਸ਼ੂ ਬਣ ਗਿਆ। ਮੇਰੇ ਕੋਲ ਇਹੀ ਧਨ ਹੈ, ਤੈਨੂੰ ਦੇਣ ਲਈ। ਮੈਂ ਧਿਆਨ ਨਾਲ ਲੈ ਕੇ ਮੁੜਿਆ ਹਾਂ, ਧਿਆਨ ਹੀ ਤੈਨੂੰ ਦੇਵਾਂਗਾ। ਉਹਨਾਂ ਯਸ਼ੋਧਰਾ ਨੂੰ ਕਿਹਾ ਕਿ ਤੈਨੂੰ ਵੀ ਮੇਰਾ ਸੱਦਾ ਹੈ। ਮੈਂ ਪਰਮ ਸੰਪਦਾ ਲੈ ਕੇ ਆਇਆ ਹਾਂ, ਤੂੰ ਵੀ ਇਸ ਦਾ ਹਿੱਸਾ ਬਣ। ਮੈਂ ਕੁੱਝ ਗਵਾ ਕੇ ਨਹੀਂ ਮੁੜਿਆ, ਕਮਾ ਕੇ ਹੀ ਵਾਪਿਸ ਆਇਆ ਹਾਂ। ਮੇਰੀਆਂ ਅੱਖਾਂ ਨੂੰ ਦੁਬਾਰਾ ਤੋਂ ਦੇਖ। ਇਹ ਉਹ ਆਦਮੀ ਨਹੀਂ ਹੈ, ਜਿਸ ਨੇ ਤੈਨੂੰ ਛੱਡ ਦਿੱਤਾ ਸੀ। ਮੇਰੇ ਹੱਥ ਵਿੱਚ ਭੀਖ ਮੰਗਣ ਵਾਲੇ ਕਟੋਰੇ ਵੱਲ ਵੇਖਦੀ ਹੈ, ਮੇਰੀ ਆਤਮਾ ਨੂੰ ਤਾਂ ਦੇਖ। ਚਾਰੇ ਪਾਸਿਓਂ ਝਰਦੀ ਹੋਈ ਮੇਰੀ ਆਭਾ ਨੂੰ ਤਾਂ ਦੇਖ। ਇਹ ਸੰਗੀਤ ਜੋ ਮੇਰੇ ਹਿਰਦੈ ਅੰਦਰ ਵੱਜ ਰਿਹਾ ਹੈ, ਇਸ ਨੂੰ ਤਾਂ ਸੁਣ। ਯਸ਼ੋਧਰਾ ਗੁੱਸੇ ਵਿੱਚ ਸੀ ਅਤੇ ਇਹ ਗੁੱਸਾ ਵੀ ਸੁਭਾਵਿਕ ਹੀ ਸੀ ਪਰ ਬੁੱਧ ਦੀ ਇਹ ਸ਼ੇਰ ਵਰਗੀ ਦਹਾੜ! ਯਸ਼ੋਧਰਾ ਨੇ ਆਪਣੇ ਹੰਝੂ ਪੂੰਝੇ, ਬੁੱਧ ਵੱਲ ਧਿਆਨ ਨਾਲ ਦੇਖਿਆ। ਇਹ ਵੈਰਾਗ! ਇਹ ਸੁੰਦਰਤਾ! ਇਹ ਯਕੀਨੀ ਤੌਰ 'ਤੇ ਦੂਜਾ ਵਿਅਕਤੀ ਹੀ ਹੈ। ਸਰੀਰ ਉਹੀ ਹੈ ਪਰ ਆਤਮਾ ਬਦਲ ਗਈ। ਇਹ ਗਰਿਮਾ, ਇਹ ਗੌਰਵਮਈ ਦਿੱਖ, ਇਸ ਧਰਤੀ ਦੀ ਨਹੀਂ ਹੈ। ਇਹ ਦੂਜੇ ਸੰਸਾਰ ਤੋਂ ਉਤਰਿਆ ਹੈ, ਦੈਵੀ ਹੈ।

ਪੱਛਮ ਦੇ ਮਹਾਨ ਚਿੰਤਕ ਤੇ ਇਤਿਹਾਸਕਾਰ ਐਚ। ਜੀ। ਵੇਲਜ਼ ਨੇ ਲਿਖਿਆ ਹੈ ਕਿ ਇਸ ਧਰਤੀ 'ਤੇ ਬੁੱਧ ਤੋਂ ਵੱਧ ਈਸ਼ਵਰ ਵਿਹੀਣ ਤੇ ਈਸ਼ਵਰ ਵਰਗਾ ਵਿਅਕਤੀ ਕੋਈ ਹੋਰ ਨਹੀਂ ਹੈ। ਬੁੱਧ ਈਸ਼ਵਰ ਨੂੰ ਮੰਨਦੇ ਨਹੀਂ ਸੀ, ਇਸ ਲਈ ਅਜਿਹਾ ਲਿਖਿਆ ਗਿਆ ਹੈ। "ਸੋ ਗੋਡਲੈੱਸ ਐਂਡ ਸੋ ਗੋਡਲਾਈਫ" : ਇੰਨਾ ਈਸ਼ਵਰ ਸ਼ੂਨਯ ਅਤੇ ਇੰਨਾ ਹੀ ਈਸ਼ਵਰ ਵਰਗਾ।

ਯਸ਼ੋਧਰਾ ਝੁੱਕ ਗਈ, ਭਿਖਸ਼ਣੀ ਬਣ ਗਈ।

ਧਿਆਨ ਧਨ ਹੈ। ਭਗਤ ਧਿਆਨ ਨੂੰ ਹੀ ਨਾਮ ਸਮਰਣ ਕਹਿੰਦੇ ਹਨ। ਇਹ ਭਗਤੀ ਦਾ ਨਾਮ ਹੈ।

## ਵਿਸਾਖੀ ਤੇ ਵਿਸ਼ੇਸ਼

"ਸਾਡੇ ਘਰ ਦਾਣੇ ਵੀ, ਲਿਆਈ ਨੀ ਵਿਸਾਖੀਏ"
ਆ ਜਾਂਦੀ ਗਰਮੀ ਤੇ ਮੁੱਕਦਾ ਸਿਆਲ ਏ
ਖੇਤਾਂ ਵਿੱਚ ਕਣਕਾ ਦਾ ਰੰਗ ਹੁੰਦਾ ਲਾਲ ਏ
ਖੁਸ਼ੀਆਂ ਦੇ ਨਾਲ ਫੇਰਾ, ਪਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀ ਏ

ਸਾਡੇ ਘਰ ਆਟੇ ਵਾਲੇ, ਪੀਪੇ ਹੋਏ ਖਾਲੀ ਨੀ
ਕਦੇ ਵੀ ਨਾ ਹੋਈ, ਸਾਡੀ ਜਿੰਦਗੀ ਸੁਖਾਲੀ ਨੀ
ਦੀਵਾ ਆ ਕੇ ਖੁਸ਼ੀ ਦਾ, ਜਗ੍ਹਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਅਸੀਂ ਵੀ ਤਾਂ ਅੱਖਾਂ ਵਿਚ, ਸੁਪਨੇ ਨੇ ਬੁੰਨਣੇ
ਝੜ ਝੜ ਡਿੱਗੇ ਜਿਹੜੇ, ਸਿੱਟੇ ਅਸੀ ਚੁੰਨਣੇ
ਸਭ ਦੇ ਭੜੋਲੇ, ਤੂੰ ਭਰਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਵਿਸਾਖ ਦੇ ਮਹੀਨੇ ਚੋ, ਹਨੇਰੀ ਜਾਵੇ ਝੁੱਲ ਨਾ
ਸਾਨੂੰ ਕਿਤੇ ਪੈ ਜਾਵੇ, ਆਟਾ ਲੈਣਾ ਮੁੱਲ ਨਾ
ਐਸੀ ਤੂੰ ਹਨੇਰੀ, ਨਾ ਝੁਲਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਗੁਲਾਮੀ ਵਾਲਾ ਆਖੇ, ਭਰੀ ਸਭ ਦੇ ਭੜੋਲੇ ਤੂੰ
ਰੋਟੀ ਨਾ ਗਰੀਬ ਕੋਲੋ, ਕਰੀ ਕਿਤੇ ਉਹਲੇ ਤੂੰ
ਹਰ ਘਰ ਰਿੱਜਕ, ਪਹੁੰਚਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਤੂੰ ਲਿਆਈ ਨੀ ਵਿਸਾਖੀਏ

**ਬੂਟਾ ਗੁਲਾਮੀ ਵਾਲਾ**
**ਕੋਟ ਈਸੇ ਖਾ ਮੋਗਾ**
91-94171-97395

## ਛੇਵੇਂ ਸਾਲ 'ਚ ਹੋ ਗਈ ਏਕਨੂਰ



ਛੇਵੇਂ ਸਾਲ 'ਚ ਹੋ ਗਈ ਏਕਨੂਰ
ਦਾਦੇ ਸੂਬੇਦਾਰ ਨੇ ਮੂੰਹ 'ਚ ਕੇਕ ਪਾਇਆ
ਦਾਦੀ ਨੇ ਵੀ ਨੂਰ ਨਾਲ ਲਾਡ ਲਡਾਇਆ
ਤਾੜੀਆਂ ਮਾਰ ਸਭਨਾ ਨੇ ਖੂਬ ਆਵਾਜ਼ ਆਈ
ਸਭਨਾ ਨੂਰ ਨੂੰ ਜਨਮ ਦਿਨ ਦਿੱਤੀ ਵਧਾਈ

ਪਾਪਾ ਮੰਮੀ ਨੇ ਪਿਆਰ ਨਾਲ ਸੀ ਗਲਵਕੜੀ ਪਾ
ਮਿੱਠਾ ਮੂੰਹ ਨੂਰ ਦਾ ਕਰਾਇਆ
ਖੁਸ਼ੀ ਦਾ ਠਿਕਾਣਾ ਨਹੀਂ ਸੀ ਨੂਰ ਦਾ
ਜਦੋਂ ਮਨਕੀਰਤ ਤੇ ਰਹਿਮਤ ਵੀ ਆਈ
ਸਭਨਾਂ ਨੇ ਨੂਰ ਨੂੰ ਜਨਮ ਦਿਨ ਦਿੱਤੀ ਵਧਾਈ

ਚਾਚਾ ਚਾਚੀ ਨੇ ਵੀ ਕੇਕ ਨਾਲ ਮੂੰਹ ਮਿੱਠਾ ਕਰਾਇਆ
ਗਿਫਟਾਂ ਨਾਲ ਸਾਰਿਆਂ ਨੂਰ ਨੂੰ ਸੀ ਚਾਅ ਚੜ੍ਹਾਇਆ
ਭੂਆ ਪ੍ਰੀਤੀ ਨੇ ਵੀ ਵੀਡੀਓ ਕਾਲ ਲਗਾਈ
ਵਧਾਈ ਦੇ ਉਸ ਮਿਹਰ ਨਾਲ ਗੱਲ ਕਰਾਈ
ਸਭਨਾਂ ਨੇ ਨੂਰ ਨੂੰ ਜਨਮ ਦਿਨ ਦਿੱਤੀ ਵਧਾਈ

ਗਿਫਟਾਂ ਨੂੰ ਖੋਲ੍ਹਣ ਦੀ ਕਰਦੀ ਕਾਹਲੀ
ਦੇਖ ਦੇਖ ਕੇ ਭਾਂਤ ਸਵਾਂਤੇ ਰੌਲਾ ਬੜਾ ਹੈ ਪਾਂਦੀ
ਸਾਰਿਆਂ ਇਸ ਦਿਨ ਖੁਸ਼ੀ ਦੀ ਛਹਿਬਰ ਲਾਈ
ਨੂਰ ਨੇ ਰਹਿਮਤ 'ਤੇ ਮਿਹਰ ਨਾਲ ਕੀਤੀ ਖੁਸ਼ੀ ਸਵਾਈ
ਸਭਨਾ ਜਨਮ ਦਿਨ ਦੀ ਦਿੱਤੀ ਨੂਰ ਨੂੰ ਵਧਾਈ

**-ਮੇਜਰ ਸਿੰਘ ਨਾਭਾ**

# ਅਪ੍ਰੈਲ ਮਹੀਨੇ ਵਿਚ ਰਿਲੀਜ਼ ਹੋਣ ਵਾਲੀਆਂ ਪੰਜਾਬੀ ਫਿਲਮਾਂ - ਅੰਮ੍ਰਿਤ ਪਵਾਰ



ਪੰਜਾਬੀ ਸਿਨੇਮਾ ਲਈ ਸਾਲ 2023 ਕਾਫੀ ਸ਼ਾਨਦਾਰ ਸਾਬਤ ਹੋ ਰਿਹਾ ਹੈ। ਹੁਣ ਫਿਲਮਾਂ ਦੀ ਕੁਆਲਟੀ ਤੇ ਕਹਾਣੀ ਵਿਚ ਕਾਫੀ ਸੁਧਾਰ ਕੀਤਾ ਜਾ ਰਿਹਾ ਹੈ। ਇਸ ਦੀ ਤਾਜ਼ਾ ਮਿਸਾਲ ਹਨ ਫਿਲਮਾਂ 'ਕਲੀ ਜੋਟਾ' ਤੇ 'ਮਿੱਤਰਾਂ ਦਾ ਨਾਂ ਚੱਲਦਾ'। ਇਨ੍ਹਾਂ ਫਿਲਮਾਂ ਨੇ ਇਹ ਸਾਬਤ ਕੀਤਾ ਹੈ ਕਿ ਪੰਜਾਬੀ ਸਿਨੇਮਾ ਸਿਰਫ ਹਾਸੇ ਠੱਠੇ ਤੱਕ ਹੀ ਸੀਮਤ ਨਹੀਂ ਹੈ। ਹੁਣ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਆਉਣ ਵਾਲੇ ਨਵੇਂ ਮਹੀਨੇ ਯਾਨਿ ਅਪ੍ਰੈਲ ਵਿਚ ਕਿਹੜੀ ਕਿਹੜੀ ਫਿਲਮਾਂ ਸਿਨੇਮਾਘਰਾਂ ਵਿਚ ਤੁਹਾਡਾ ਮਨੋਰੰਜਨ ਕਰਨਗੀਆਂ। ਤਾਂ ਆਓ ਦੇਖੋ ਇਹ ਲਿਸਟ:

**ਏਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ (7 ਅਪ੍ਰੈਲ)**

ਇਹ ਨੀਰੂ ਬਾਜਵਾ ਦੀ 2023 ਵਿਚ ਸਭ ਤੋਂ ਵੱਧ ਉਡੀਕੀਆਂ ਜਾਣ ਵਾਲੀਆਂ ਫਿਲਮਾਂ ਵਿਚੋਂ ਇੱਕ ਹੈ। ਪਹਿਲਾਂ ਇਹ ਫਿਲਮ 24 ਮਾਰਚ ਨੂੰ ਰਿਲੀਜ਼ ਹੋਣੀ ਸੀ, ਪਰ ਪੰਜਾਬ ਦੇ ਮਾੜੇ ਹਾਲਾਤ ਨੂੰ ਦੇਖਦੇ ਹੋਏ ਫਿਲਮ ਦੀ ਰਿਲੀਜ਼ ਡੇਟ ਚੇਂਜ ਕਰਕੇ 7 ਅਪ੍ਰੈਲ ਕੀਤੀ ਗਈ। ਦੱਸ ਦਈਏ ਕਿ ਫਿਲਮ ਵਿਚ ਨੀਰੂ ਬਾਜਵਾ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ, ਗੁਰਪ੍ਰੀਤ ਘੁੱਗੀ ਤੇ ਰੁਪਿੰਦਰ ਰੂਪੀ ਮੁੱਖ ਕਿਰਦਾਰਾਂ ਵਿਚ ਨਜ਼ਰ ਆਉਣਗੇ। ਫਿਲਮ ਨੂੰ ਉਦੈ ਪ੍ਰਤਾਪ ਸਿੰਘ ਨੇ ਡਾਇਰੈਕਟ ਕੀਤਾ ਹੈ।

**ਸ਼ਿੰਦਾ ਸ਼ਿੰਦਾ ਨੋ ਪਾਪਾ (14 ਅਪ੍ਰੈਲ)**

ਸ਼ਿੰਦਾ ਸ਼ਿੰਦਾ ਨੋ ਪਾਪਾ ਵਿਚ ਗਿੱਪੀ ਗਰੇਵਾਲ ਦੀ ਆਪਣੇ ਪੁੱਤਰ ਸ਼ਿੰਦਾ ਨਾਲ ਜੋੜੀ ਨਜ਼ਰ ਆਵੇਗੀ। ਇਸ ਫਿਲਮ ਨੂੰ ਅਮਰਪ੍ਰੀਤ ਛਾਬੜਾ ਨੇ ਡਾਇਰੈਕਟ ਕੀਤਾ ਹੈ।

**ਯਾਰਾਂ ਦਾ ਰੁਤਬਾ (14 ਅਪ੍ਰੈਲ)**

ਦੇਵ ਖਰੌੜ ਦੀ ਇਸ ਸਾਲ ਦੀ ਪਹਿਲੀ ਫਿਲਮ ਹੈ 'ਯਾਰਾਂ ਦਾ ਰੁਤਬਾ'। ਇਸ ਫਿਲਮ ਵਿਚ ਦੇਵ ਦੇ ਨਾਲ ਨਾਲ ਪ੍ਰਿੰਸ ਕੰਵਲਜੀਤ ਸਿੰਘ, ਰਾਹੁਲ ਦੇਵ ਤੇ ਯਸ਼ ਸਾਗਰ ਵੀ ਐਕਟਿੰਗ ਕਰਦੇ ਨਜ਼ਰ ਆਉਣਗੇ। ਇਹ ਫਿਲਮ 14 ਅਪ੍ਰੈਲ ਨੂੰ ਰਿਲੀਜ਼ ਹੋਣ ਜਾ ਰਹੀ ਹੈ।

**ਅੰਨ੍ਹੀ ਦਿਆ ਮਜ਼ਾਕ ਏ (21 ਅਪ੍ਰੈਲ)**

ਅੰਨ੍ਹੀ ਦੇਆ ਮਜ਼ਾਕ ਏ ਫਿਲਮ ਵਿਚ ਐਮੀ ਵਿਰਕ ਤੇ ਪਰੀ ਪੰਧੇਰ ਦੀ ਰੋਮਾਂਟਿਕ ਕੈਮਿਸਟਰੀ ਦੇਖਣ ਨੂੰ ਮਿਲੇਗੀ। ਪਹਿਲਾਂ ਇਸ ਫਿਲਮ ਨੇ 7 ਅਪ੍ਰੈਲ ਨੂੰ ਰਿਲੀਜ਼ ਹੋਣਾ ਸੀ, ਪਰ ਹੁਣ ਇਸ ਦੀ ਰਿਲੀਜ਼ ਡੇਟ ਨੂੰ ਬਦਲ ਕੇ 21 ਅਪ੍ਰੈਲ ਕੀਤਾ ਗਿਆ ਹੈ।

**ਉਡੀਕਾਂ ਤੇਰੀਆਂ (21 ਅਪ੍ਰੈਲ)**

ਇਸ ਫਿਲਮ ਵਿਚ ਜਸਵਿੰਦਰ ਭੱਲਾ, ਅਮਰ ਨੂਰੀ, ਸੀਮਾ ਕੌਸ਼ਲ, ਵਿੰਦੂ ਦਾਰਾ ਸਿੰਘ, ਪੁਖਰਾਜ ਭੱਲਾ, ਗੁੰਜਨ ਕਟੋਚ, ਹਾਰਬੀ ਸੰਘਾ ਐਕਟਿੰਗ ਕਰਦੇ ਨਜ਼ਰ ਆਉਣਗੇ। ਇਸ ਫਿਲਮ ਦੀ ਐਮੀ ਵਿਰਕ ਦੀ ਫਿਲਮ 'ਅੰਨ੍ਹੀ ਦੇਆ ਮਜ਼ਾਕ ਏ' ਨਾਲ ਟੱਕਰ ਦੇਖਣ ਨੂੰ ਮਿਲੇਗੀ।

**ਬੂ ਮੈਂ ਡਰਗੀ (28 ਅਪ੍ਰੈਲ)**

ਇਸ ਫਿਲਮ ਵਿਚ ਰੌਸ਼ਨ ਪ੍ਰਿੰਸ, ਈਸ਼ਾ ਰਿੱਖੀ, ਬੀਐਨ ਸ਼ਰਮਾ, ਯੋਗਰਾਜ ਸਿੰਘ, ਅਨੀਤਾ ਦੇਵਗਨ, ਸੁਖਵਿੰਦਰ ਚਾਹਲ ਪਰਦੇ 'ਤੇ ਐਕਟਿੰਗ ਕਰਦੇ ਨਜ਼ਰ ਆਉਣਗੇ। ਫਿਲਮ ਨੂੰ ਮਨਜੀਤ ਸਿੰਘ ਟੋਨੀ ਨੇ ਡਾਇਰੈਕਟ ਕੀਤਾ ਹੈ।

**ਮਾਈਨਿੰਗ: ਰੇਤੇ 'ਤੇ ਕਬਜ਼ਾ (28 ਅਪ੍ਰੈਲ)**

ਫਿਲਮ ਦਾ ਨਾਮ ਸੁਣ ਕੇ ਹੀ ਕੁੱਝ ਆਈਡੀਆ ਹੋ ਜਾਂਦਾ ਹੈ ਕਿ ਇਸ ਦੀ ਕਹਾਣੀ ਕੀ ਹੋਵੇਗੀ। ਪੰਜਾਬ ਵਿਚ ਹਮੇਸ਼ਾ ਹੀ ਭਖਦਾ ਮਸਲਾ ਰਿਹਾ ਹੈ ਮਾਈਨਿੰਗ ਦਾ ਮੁੱਦਾ। ਹੁਣ ਇਸੇ ਟੌਪਿਕ 'ਤੇ ਇੱਕ ਫਿਲਮ ਵੀ ਬਣਨ ਜਾ ਰਹੀ ਹੈ, ਜਿਸ ਵਿੱਚ ਰਾਂਝਾ ਵਿਕਰਮ ਸਿੰਘ, ਸਾਰਾ ਗੁਰਪਾਲ, ਸਵੀਤਾਜ ਬਰਾੜ ਤੇ ਪ੍ਰਦੀਪ ਰਾਵਤ ਐਕਟਿੰਗ ਕਰਦੇ ਨਜ਼ਰ ਆਉਣਗੇ। ਇਹ ਫਿਲਮ 28 ਅਪ੍ਰੈਲ ਨੂੰ ਰਿਲੀਜ਼ ਹੋਵੇਗੀ।

**ਲੈਂਬਰਗਿਨੀ (28 ਅਪ੍ਰੈਲ)**


ਇਸ ਸਾਲ ਰਣਜੀਤ ਬਾਵਾ ਦੀ ਫਿਲਮ ਵੀ ਰਿਲੀਜ਼ ਹੋਣ ਜਾ ਰਹੀ ਹੈ। ਉਹ ਆਪਣੀ ਫਿਲਮ 'ਲੈਂਬਰਗਿਨੀ' ਨੂੰ ਲੈਕੇ ਕਾਫੀ ਜ਼ਿਆਦਾ ਚਰਚਾ ਵਿੱਚ ਹੈ। ਇਸ ਫਿਲਮ ਵਿਚ ਉਹ ਮਾਹਿਰਾ ਸ਼ਰਮਾ ਦੇ ਨਾਲ ਰੋਮਾਂਸ ਕਰਦਾ ਨਜ਼ਰ ਆਵੇਗਾ।


















# ਫਿਲਮ ਜਗਤ ਦੀ ਬਿਹਤਰੀਨ ਅਦਾਕਾਰਾ ਸੀ ਮੀਨਾ ਕੁਮਾਰੀ

ਪਹਿਲੀ ਅਗਸਤ 1933 ਨੂੰ ਥੀਏਟਰ ਅਦਾਕਾਰ ਅਲੀ ਬਖ਼ਸ਼ ਦੇ ਘਰ ਪੈਦਾ ਹੋਈ ਬੱਚੀ ਦਾ ਨਾਂ ਮਾਤਾ-ਪਿਤਾ ਨੇ 'ਮਹਿਜ਼ਬੀਨ ਬਾਨੋ' ਰੱਖਿਆ। ਬੱਚੀ ਦੀ ਮਾਂ ਦਾ ਨਾਂ ਇਕਬਾਲ ਬੇਗ਼ਮ ਸੀ। ਮਹਿਜ਼ਬੀਨ ਆਪਣੇ ਮਾਤਾ-ਪਿਤਾ ਦੀ ਤੀਜੀ ਔਲਾਦ ਸੀ। ਉਸ ਦੀਆਂ ਦੋ ਵੱਡੀਆਂ ਭੈਣਾਂ ਖੁਰਸ਼ੀਦ ਅਤੇ ਮਧੂ ਸਨ। ਖੁਰਸ਼ੀਦ ਨੇ ਵੀ ਕੁਝ ਫਿਲਮਾਂ ਵਿੱਚ ਕੰਮ ਕੀਤਾ। ਪੜ੍ਹਾਈ ਵਿੱਚ ਦਿਲਚਸਪੀ ਨਾ ਰੱਖਣ ਵਾਲੀ ਮਹਿਜ਼ਬੀਨ ਦਾ ਬਚਪਨ ਦਾ ਜ਼ਿਆਦਾ ਸਮਾਂ ਆਪਣੀ ਨਾਨੀ ਕੋਲ ਹੀ ਗੁਜ਼ਰਿਆ।

ਭੁਪਿੰਦਰ ਸਿੰਘ

ਮਹਿਜ਼ਬੀਨ ਜਦੋਂ ਬਾਲ ਫਿਲਮਾਂ ਰਾਹੀਂ ਪਰਦੇ 'ਤੇ ਆਈ ਉਸ ਸਮੇਂ ਉਸ ਦੀ ਉਮਰ 12 ਕੁ ਸਾਲ ਦੀ ਸੀ। 1939 ਵਿੱਚ ਮੰਨੇ-ਪ੍ਰਮੰਨੇ ਨਿਰਮਾਤਾ ਨਿਰਦੇਸ਼ਕ ਵਿਜੇ ਭੱਟ ਨੇ ਜਦੋਂ ਇਸ ਲੜਕੀ ਨੂੰ ਆਪਣੀ ਫਿਲਮ 'ਲੈਦਰ ਫੇਸ' ਵਿੱਚ ਬਾਲ ਕਲਾਕਾਰ ਦੇ ਰੂਪ ਵਿੱਚ ਦਰਸ਼ਕਾਂ ਦੇ ਰੂਬਰੂ ਕੀਤਾ ਤਾਂ ਇਸ ਦਾ ਨਾਂ ਬਦਲ ਕੇ ਬੇਬੀ ਮੀਨਾ ਰੱਖ ਦਿੱਤਾ। ਇਸ ਮਗਰੋਂ ਮੀਨਾ, 'ਬੱਚੋਂ ਕਾ ਖੇਲ' ਰਾਹੀਂ ਹੀਰੋਇਨ ਦੇ ਰੂਪ ਵਿੱਚ ਪਰਦੇ 'ਤੇ ਆਈ। ਇਸ ਫਿਲਮ ਵਿੱਚ ਆਪਣੇ ਜ਼ਬਰਦਸਤ ਅਭਿਨੈ ਸਦਕਾ, ਮੀਨਾ ਨੇ ਇਹ ਸਿੱਧ ਕਰ ਦਿੱਤਾ ਕਿ ਉਹ ਅਦਾਕਾਰੀ ਦੇ ਮਾਮਲੇ ਵਿਚ ਉਸ ਸਮੇਂ ਦੀਆਂ ਮਸ਼ਹੂਰ ਹੀਰੋਇਨਾਂ ਕਾਮਿਨੀ ਕੌਸ਼ਲ, ਨਿਰੂਪਾ ਰਾਏ ਅਤੇ ਦੇਵਿਕਾ ਰਾਣੀ ਨਾਲੋਂ ਘੱਟ ਨਹੀਂ।

ਸਾਲ 1953 ਵਿੱਚ ਪਹਿਲੀ ਵਾਰ ਉਸ ਨੂੰ ਫਿਲਮ ਫੇਅਰ ਐਵਾਰਡ ਨਾਲ ਨਿਵਾਜਿਆ। ਜਿਨ੍ਹਾਂ ਫਿਲਮਾਂ ਨੇ ਮੀਨਾ ਨੂੰ ਹੋਰ ਪ੍ਰਸਿੱਧੀ ਦਿਵਾਈ ਉਨ੍ਹਾਂ ਵਿੱਚੋਂ ਸਨ 'ਪ੍ਰਣੀਤਾ' (1953), 'ਇਏਕ ਹੀ ਰਾਸਤਾ' (1956), 'ਸ਼ਾਰਦਾ' (1957), 'ਦਿਲ ਅਪਨਾ ਔਰ ਪ੍ਰੀਤ ਪਰਾਈ' (1960), 'ਕੋਹਿਨੂਰ' ਅਤੇ ਗੁਰੂਦੱਤ ਵੱਲੋਂ ਨਿਰਦੇਸ਼ਿਤ 'ਸਾਹਿਬ ਬੀਵੀ ਔਰ ਗੁਲਾਮ' ਆਦਿ ਜ਼ਿਕਰਯੋਗ ਹਨ। 1962 ਵਿੱਚ ਮੀਨਾ ਕੁਮਾਰੀ ਨੂੰ ਉਸ ਦੀਆਂ ਫਿਲਮਾਂ 'ਮੈਂ ਚੁੱਪ ਰਹੂੰਗੀ', 'ਆਰਤੀ' ਅਤੇ 'ਬਹੂ ਬੇਗ਼ਮ' ਲਈ ਫਿਲਮਫੇਅਰ ਐਵਾਰਡ ਮਿਲੇ। ਇਸ ਤੋਂ ਇਲਾਵਾ 'ਬੈਜੂ ਬਾਵਰਾ' ਨੇ ਪੂਰੇ ਭਾਰਤ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰਕੇ ਮੀਨਾ ਕੁਮਾਰੀ ਨੂੰ ਸ੍ਰੇਸ਼ਠ ਅਭਿਨੈ ਦਾ ਫਿਲਮਫੇਅਰ ਐਵਾਰਡ ਵੀ ਦਿਵਾਇਆ। ਉਸ ਨੇ ਲਗਪਗ 90 ਫਿਲਮਾਂ ਵਿੱਚ ਅਦਾਕਾਰੀ ਕੀਤੀ। 24 ਮਈ 1952 ਵਿੱਚ ਮੀਨਾ ਨੇ ਨਿਰਮਾਤਾ ਨਿਰਦੇਸ਼ਕ ਲੇਖਕ ਕਮਾਲ ਅਮਰੋਹੀ ਨਾਲ ਲਵ ਮੈਰਿਜ ਕਰਵਾ ਲਈ, ਪਰ ਦੋਵਾਂ ਦਾ ਗ੍ਰਹਿਸਥੀ ਜੀਵਨ ਸਫਲ ਨਾ ਰਿਹਾ ਕਿਉਂਕਿ ਇੱਕ ਤਾਂ ਕਮਾਲ ਅਮਰੋਹੀ, ਮੀਨਾ ਕੁਮਾਰੀ ਤੋਂ ਉਮਰ ਵਿੱਚ ਕਾਫ਼ੀ ਵੱਡੇ ਸਨ, ਦੂਜੇ ਉਨ੍ਹਾਂ ਦੇ ਆਪਸੀ ਵਿਚਾਰਾਂ ਨੇ ਵੀ ਤਾਲਮੇਲ ਨਾ ਖਾਧਾ। ਜਿਸ ਦਾ ਮਾੜਾ ਅਸਰ ਮੀਨਾ ਦੇ ਵਿਅਕਤੀਗਤ ਜੀਵਨ ਅਤੇ ਫਿਲਮਾਂ 'ਤੇ ਵੀ ਪੈਂਦਾ ਗਿਆ। ਉਹ ਸ਼ਰਾਬ ਦਾ ਸੇਵਨ ਕਰਨ ਲੱਗ ਪਈ। ਉਨ੍ਹਾਂ ਦਿਨਾਂ ਵਿੱਚ ਹੀ ਫਿਲਮ ਇੰਡਸਟਰੀ ਵਿੱਚ ਆਪਣੇ ਪੈਰ ਜਮ-ਾਉਣ ਲਈ ਸੰਘਰਸ਼ ਕਰ ਰਿਹਾ ਇੱਕ ਨਵਾਂ ਚਿਹਰਾ ਧਰਮਿੰਦਰ ਉਸ ਦੇ ਨਜ਼ਦੀਕ ਆਇਆ। ਮੀਨਾ ਕੁਮਾਰੀ ਨੂੰ ਧਰਮਿੰਦਰ ਵਿੱਚ ਇੱਕ ਸੱਚਾ ਹਮਦਰਦ ਵਿਖਾਈ ਦਿੱਤਾ ਜੋ ਉਸ ਦੇ ਜਜ਼ਬਾਤ ਨੂੰ ਸਮਝ ਸਕਦਾ ਸੀ। ਦੋਹਾਂ ਦੀ ਨੇੜਤਾ 1965 ਵਿੱਚ ਫਿਲਮ 'ਕਾਜਲ' ਦੀ ਸ਼ੂਟਿੰਗ ਦਰਮਿਆਨ ਵਧੀ। ਇਹ ਫਿਲਮ ਬਹੁਤ ਸਫਲ ਰਹੀ। ਫੇਰ ਮੀਨਾ ਕੁਮਾਰੀ ਦੀ ਸਿਫਾਰਸ਼ 'ਤੇ ਹੀ 1966 ਵਿੱਚ ਨਿਰਮਾਤਾ-ਨਿਰਦੇਸ਼ਕ ਓਪੀ ਰਲਹਨ ਨੇ ਧਰਮਿੰਦਰ ਨੂੰ




ਆਪਣੀ ਫਿਲਮ 'ਫੂਲ ਔਰ ਪੱਥਰ' ਵਿੱਚ ਹੀਰੋ ਦਾ ਰੋਲ ਦਿੱਤਾ। ਇਸ ਫਿਲਮ ਨੇ ਆਸ ਤੋਂ ਵੱਧ ਸਫਲਤਾ ਹਾਸਲ ਕੀਤੀ। ਇਸ ਨੇ ਧਰਮਿੰਦਰ ਦੇ ਪੈਰ ਸਦਾ ਲਈ ਫਿਲਮ ਇੰਡਸਟਰੀ ਵਿੱਚ ਜਮ੍ਹਾ ਦਿੱਤੇ। ਧਰਮਿੰਦਰ ਅਤੇ ਮੀਨਾ ਕੁਮਾਰੀ ਦੀ ਨੇੜਤਾ ਕਾਰਨ ਹੀ ਕਮਾਲ ਅਮਰੋਹੀ ਅਤੇ ਮੀਨਾ ਕੁਮਾਰੀ ਦੀ ਜ਼ਿੰਦਗੀ ਵਿੱਚ ਦਰਾੜ ਆ ਚੁੱਕੀ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਦੋਵੇਂ ਬਿਨਾਂ ਤਲਾਕ ਹੀ ਅੱਡ-ਅੱਡ ਰਹਿਣ ਲੱਗ ਪਏ ਸਨ। ਪਰ ਮੀਨਾ ਕੁਮਾਰੀ ਨੇ ਇਸ ਦੇ ਬਾਵਜੂਦ ਕਮਾਲ ਅਮਰੋਹੀ ਨਾਲ ਪ੍ਰੋਫੈਸ਼ਨਲ ਤੌਰ 'ਤੇ ਕੋਈ ਗਿਲਾ ਨਾ ਰੱਖਿਆ ਅਤੇ ਉਸ ਦੀ ਲੰਮੇ ਸਮੇਂ ਤੋਂ ਬਣ ਰਹੀ ਫਿਲਮ 'ਪਾਕੀਜ਼ਾ' ਨੂੰ ਪੂਰਾ ਕੀਤਾ। ਇਹ ਫਿਲਮ ਦੋਹਾਂ ਦੇ ਜੀਵਨ ਵਿੱਚ ਮੀਲ ਦਾ ਪੱਥਰ ਸਾਬਤ ਹੋਈ। ਕਮਾਲ ਅਮਰੋਹੀ ਦਾ ਨਾਮ ਸਫਲ ਨਿਰਦੇਸ਼ਕਾਂ ਦੀ ਗਿਣਤੀ ਵਿੱਚ ਆ ਗਿਆ। ਕਮਾਲ ਅਮਰੋਹੀ ਨੇ ਮੀਨਾ ਨੂੰ ਧਿਆਨ ਵਿੱਚ ਰੱਖ ਕੇ ਹੀ ਫਿਲਮ 'ਰਜ਼ੀਆ ਸੁਲਤਾਨ' ਦੀ ਕਹਾਣੀ ਲਿਖੀ ਕਿਉਂਕਿ ਮੀਨਾ ਕੁਮਾਰੀ ਦੀ ਸਿਹਤ ਠੀਕ ਨਹੀਂ ਸੀ ਉਸ ਨੇ ਆਪਣੀ ਬੇਵਸੀ ਪ੍ਰਗਟਾਉਂਦਿਆਂ ਇਹ ਫਿਲਮ ਕਰਨ ਤੋਂ ਇਨਕਾਰ ਕਰ ਦਿੱਤਾ। ਕਮਾਲ ਅਮਰੋਹੀ ਨੂੰ ਯਕੀਨ ਸੀ ਕਿ ਮੀਨਾ ਦੇ ਸਿਹਤਯਾਬ ਹੁੰਦਿਆਂ ਹੀ ਉਹ 'ਪਾਕੀਜ਼ਾ' ਵਾਂਗ ਹੀ ਇਸ ਫਿਲਮ ਨੂੰ ਵੀ ਕਰਨ ਲਈ ਰਾਜ਼ੀ ਹੋ ਜਾਵੇਗੀ, ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਮੀਨਾ ਦੇ ਅਕਾਲ ਚਲਾਣੇ ਤੋਂ ਬਾਅਦ ਕਮਾਲ ਅਮਰੋਹੀ ਨੂੰ?ਰਜ਼ੀਆ ਸੁਲਤਾਨ ਲਈ ਹੇਮਾ ਮਾਲਿਨੀ ਨੂੰ ਲੈਣਾ ਪਿਆ। ਇਸ ਫਿਲਮ ਦੇ ਗੀਤ ਬੇਹੱਦ ਹਰਮਨਪਿਆਰੇ ਸਨ, ਪਰ ਫਿਲਮ ਫਲਾਪ ਸੀ। ਮੀਨਾ ਕੁਮਾਰੀ ਬੇਸ਼ੱਕ ਅੱਜ ਸਾਡੇ ਵਿਚਕਾਰ ਨਹੀਂ ਹੈ, ਪਰ ਫਿਲਮੀ ਦੁਨੀਆ ਦੀ ਬਿਹਤਰੀਨ ਹਸਤੀ ਵਜੋਂ ਅਤੇ ਸਫਲ ਅਦਾਕਾਰਾ ਦੇ ਰੂਪ ਵਿੱਚ ਉਹ ਅੱਜ ਵੀ ਸਾਡੇ ਦਰਮਿਆਨ ਜਿਉਂਦੀ ਹੈ ਅਤੇ ਹਮੇਸ਼ਾਂ ਰਹੇਗੀ।

# ਸ਼ਖ਼ਸੀਅਤ ਬਿਆਨ ਕਰਦਾ ਹੈ ਤੁਹਾਡਾ ਗੱਲਬਾਤ ਕਰਨ ਦਾ ਢੰਗ



ਪ੍ਰੋਫ਼ੈਸਰ ਮਨਜੀਤ ਤਿਆਗੀ
'ਸਟੇਟ ਐਵਾਰਡੀ'
91-98140-96108

ਅਜੋਕਾ ਯੁੱਗ ਸ਼ਰਮ-ਸ਼ਰਮਾਉਣ ਦਾ ਵਿਰੋਧੀ ਤੇ ਪ੍ਰਗਟਾਵੇ ਦਾ ਯੁੱਗ ਹੈ। ਸਤਯੁੱਗ ਵਿਚ ਬੰਦਾ ਜਿੰਨਾਂ ਘੱਟ ਬੋਲਦਾ ਸੀ, ਉਸਨੂੰ ਉਨਾਂ ਹੀ ਵਿਦਵਾਨ ਸਮਝਿਆ ਜਾਂਦਾ ਸੀ। ਭਾਵ ਗੰਭੀਰਤਾ ਨੂੰ ਗਿਆਨ ਨਾਲ ਜੋੜ ਦਿੱਤਾ ਜਾਂਦਾ ਸੀ। ਪਰ ਹੁਣ ਤਾਂ ਕਲਯੁਗ ਚਲ ਰਿਹਾ ਹੈ ਭਾਵ ਕਲਾ ਦਾ ਯੁੱਗ ਚਲ ਰਿਹਾ ਹੈ। ਜੇਕਰ ਤੁਸੀਂ ਗੱਲਬਾਤ ਕਰਨ ਦੀ ਕਲਾ ਵਿੱਚ ਮਾਹਿਰ ਹੋ, ਤਾਂ ਤੁਹਾਡੇ ਸਫ਼ਲ ਹੋਣ ਦੀਆਂ ਸੰਭਾਵਨਾਵਾਂ ਕਈ ਗੁਣਾਂ ਵੱਧ ਜਾਂਦੀਆਂ ਹਨ। ਅੱਜ ਤੋਂ ਪੰਜ ਕੁ ਦਹਾਕੇ ਪਹਿਲਾਂ ਸਿਰਫ਼ ਸਰਟੀਫਿਕੇਟ ਦੇਖ ਕੇ ਹੀ ਵਿਅਕਤੀ ਨੂੰ ਨੌਕਰੀ ਦੇ ਦਿੱਤੀ ਜਾਂਦੀ ਸੀ। ਸਮਾਂ ਬਦਲਣ ਦੇ ਨਾਲ ਯੋਗਤਾ ਪਰਖ਼ਣ ਦੇ ਪੈਮਾਨੇ ਵਿੱਚ ਵੀ ਤਬਦੀਲੀ ਆਈ। ਮੌਜੂਦਾ ਸਮੇਂ 'ਚ ਜੇਕਰ ਤੁਸੀਂ ਕਿਸੇ ਵੀ ਖੇਤਰ ਵਿੱਚ ਨੌਕਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇੰਟਰਵਿਊ ਦੌਰਾਨ ਤੁਹਾਡੇ ਗਿਆਨ ਦੀ ਪਰਖ ਕੀਤੀ ਜਾਂਦੀ ਹੈ। ਜੇਕਰ ਤੁਸੀਂ ਗੱਲਬਾਤ ਰਾਹੀਂ ਪ੍ਰੀਖਿਅਕ ਨੂੰ ਪ੍ਰਭਾਵਿਤ ਕਰਨ ਵਿੱਚ ਸਫ਼ਲ ਹੋ ਜਾਂਦੇ ਹੋਂ ਤਾਂ ਨੌਕਰੀ ਮਿਲਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਇੱਕ ਵਾਰ ਰੂਸੀ ਲੇਖਕ ਟਾੱਲਸਟਾਏ ਨੂੰ ਉਸ ਦੇ ਦੋਸਤ ਨੇ ਕਿਹਾ, ਉਮੈਂ ਤੂਹਾਡੇ ਕੋਲ ਇੱਕ ਯੋਗ ਅਤੇ ਹੋਣਹਾਰ ਲੜਕਾ ਭੇਜਿਆ ਸੀ। ਜਿਸ ਨੇ ਕਈ ਡਿਗਰੀਆਂ ਵੀ ਪ੍ਰਾਪਤ ਕੀਤੀਆਂ ਹੋਈਆਂ ਸੀ। ਪਰ ਮੈਨੂੰ ਹੈਰਾਨੀ ਹੋਈ ਕਿ ਤੁਸੀਂ ਉਸਨੂੰ ਛੱਡ ਕੇ ਅਜਿਹੇ ਉਮੀਦਵਾਰ ਨੂੰ ਚੁਣਿਆ ਹੈ ਜਿਸ ਦੇ ਕੋਲ ਯੋਗਤਾ ਦਾ ਕੋਈ ਪ੍ਰਮਾਣ-ਪੱਤਰ ਵੀ ਨਹੀਂ ਹੈ। ਆਖਿਰ ਉਸ ਉਮੀਦਵਾਰ ਵਿਚ ਅਜਿਹੀ ਕਿਹੜੀ ਗੱਲ ਸੀ ਜੋ ਤੁਹਾਨੂੰ ਪ੍ਰਭਾਵਿਤ ਕਰ ਗਈ ਤੇ ਤੁਸੀਂ ਉਸਨੂੰ ਨੌਕਰੀ ਦੇ ਦਿੱਤੀ?"

ਟਾੱਲਸਟਾਏ ਨੇ ਮੁਸਕਰਾਉਂਦੇ ਹੋਏ ਕਿਹਾ, "ਜਿਸ ਲੜਕੇ ਨੂੰ ਮੈਂ ਚੁਣਿਆਂ ਹੈ ਉਸਦੇ ਕੋਲ ਤਾਂ ਯੋਗਤਾ ਦਾ ਬਹੁਤ ਵੱਡਾ ਪ੍ਰਮਾਣ ਪੱਤਰ ਹੈ।"

ਦੋਸਤ ਨੇ ਹੈਰਾਨੀ ਨਾਲ ਪੁੱਛਿਆ ਕਿ ਇਸ ਤਰ੍ਹਾਂ ਦਾ ਉਸ ਕੋਲ ਕੀ ਹੈ? ਮੈਨੂੰ ਵੀ ਤਾਂ ਪਤਾ ਲੱਗੇ।

ਟਾੱਲਸਟਾਏ ਨੇ ਕਿਹਾ, "ਉਸਨੇ ਕਮਰੇ ਵਿੱਚ ਵੜਨ ਤੋਂ ਪਹਿਲਾ ਮੇਰੇ ਕੋਲੋ ਆਗਿਆ ਲਈ ਤੇ ਅੰਦਰ ਵੜ ਕੇ ਉਸਨੇ ਦਰਵਾਜ਼ੇ ਨੂੰ ਹੌਲੀ-ਹੌਲੀ ਛੱਡਿਆ ਤਾਂ ਕਿ ਖੜਕਾ ਨਾ ਹੋਵੇ, ਫਿਰ ਉਹ ਕੁਰਸੀ ਸਾਫ਼ ਕਰਕੇ ਬੈਠ ਗਿਆ। ਉਸ ਦੀ ਅਵਾਜ਼ ਵਿੱਚ ਕਮਾਲ ਦਾ ਆਤਮ ਵਿਸ਼ਵਾਸ਼ ਝਲਕ ਰਿਹਾ ਸੀ। ਉਸਨੇ ਬੜੇ ਵਿਸ਼ਵਾਸ਼ ਨਾਲ ਮੇਰੇ ਪ੍ਰਸ਼ਨਾ ਦੇ ਉੱਤਰ ਦਿੱਤੇ। ਇੰਟਰਵਿਊ ਖ਼ਤਮ ਹੋਣ ਤੋਂ ਬਾਅਦ ਉਹ ਮੇਰੇ ਕੋਲੋ ਆਗਿਆ ਲੈ ਕੇ ਚੁਪ-ਚਾਪ ਬਾਹਰ ਚਲਿਆ ਗਿਆ। ਉਸਨੇ ਆਪਣੀ ਚੋਣ ਲਈ ਨਾ ਤਾਂ ਕੋਈ ਸਿਫ਼ਾਰਸ ਕੀਤੀ ਤੇ ਨਾ ਹੀ ਕੋਈ ਚਾਪਲੂਸੀ ਕੀਤੀ। ਇਹ ਸਾਰੇ ਗੁਣ ਅਜਿਹੇ ਪ੍ਰਮਾਣ-ਪੱਤਰ ਹਨ ਜੋ ਬਹੁਤ ਘੱਟ ਉਮੀਦਵਾਰਾਂ ਕੋਲ ਹੁੰਦੇ ਹਨ। ਮੇਰਾ ਵਿਚਾਰ ਹੈ ਕਿ ਅਜਿਹੇ ਗੁਣਵਾਨ ਵਿਅਕਤੀਆਂ ਕੋਲ ਜੇ ਲਿਖਿਤ ਪ੍ਰਮਾਣ ਪੱਤਰ ਨਹੀਂ ਹੈ ਤਾਂ ਸਾਨੂੰ ਅੱਖੋ-ਪਰੋਖੇ ਕਰ ਦੇਣਾ ਚਾਹੀਦਾ ਹੈ ਕਿਉਂਕਿ ਅਸਲੀ ਪ੍ਰਮਾਣ-ਪੱਤਰ ਤਾਂ ਵਿਵਹਾਰ ਤੇ ਗੱਲਬਾਤ ਕਰਨ ਦਾ ਢੰਗ ਹੈ। ਲਿਖਤੀ ਪ੍ਰਮਾਣ-ਪੱਤਰ ਤਾਂ ਕੋਈ ਵੀ ਪ੍ਰਾਪਤ ਕਰ ਸਕਦਾ ਹੈ। ਹੁਣ ਤੁਸੀਂ ਹੀ ਦੱਸੋ ਕੀ ਮੈਂ ਠੀਕ ਕੀਤਾ ਜਾਂ ਗ਼ਲਤ?"

ਇਹ ਸਭ ਸੁਣ ਕੇ ਟਾੱਲਸਟਾਏ ਦਾ ਦੋਸਤ ਲਾਜਵਾਬ ਹੋ ਗਿਆ। ਸਹੀ ਤਰੀਕੇ ਨਾਲ ਗੱਲਬਾਤ ਕਰਨ ਦਾ ਢੰਗ ਤੁਹਾਨੂੰ ਸਫ਼ਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੰਦਾ ਹੈ। ਸਮਾਜ ਵਿੱਚ ਚੰਗਾ ਅਕਸ਼ ਬਣਾਉਣ ਲਈ ਵੀ ਗੱਲਬਾਤ ਕਰਨ ਦੀ ਕਲਾ ਵਿੱਚ ਮੁਹਾਰਤ ਹਾਸਲ ਕਰਨਾ ਜ਼ਰੂਰੀ ਹੋ ਗਿਆ ਹੈ। ਕਿਹਾ ਜਾਂਦਾ ਹੈ ਕਿ ਜੁਬਾਨ ਦੀ ਤਾਕਤ ਵੱਡੀ ਤੋਂ ਵੱਡੀ ਸੈਨਾ ਦੀ ਤਾਕਤ ਤੋਂ ਵੀ ਜ਼ਿਆਦਾ ਹੁੰਦੀ ਹੈ। ਗ਼ੈਰ-ਜ਼ੁੰਮੇਵਾਰਾਨਾ ਢੰਗ ਨਾਲ ਕੀਤੀ ਗੱਲਬਾਤ ਨਾਲ ਦੋਸਤ ਵੀ ਦੁਸ਼ਮਣ ਬਣਾ ਸਕਦਾ ਹੈ ਜਦੋਂ ਕਿ ਚੰਗੀ ਗੱਲਬਾਤ ਕਰਕੇ ਦੁਸ਼ਮਣ ਨੂੰ ਵੀ ਦੋਸਤ ਬਣਾਇਆ ਜਾ ਸਕਦਾ ਹੈ। ਇਸ ਲਈ ਗੱਲਬਾਤ ਨੂੰ ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿਚ ਰੱਖੋ।

1. ਸਤਿ ਸ੍ਰੀ ਅਕਾਲ ਬੁਲਾ ਕੇ ਆਪਣੀ ਜਾਣ ਪਹਿਚਾਣ ਕਰਾਉ।
2. ਦਿਮਾਗ਼ 'ਚੋਂ ਇਹ ਡਰ ਕੱਢ ਦਿਓ ਕਿ ਦੂਜਾ ਬੰਦਾ ਤੁਹਾਡੇ ਨਾਲ ਗੱਲਬਾਤ ਨਹੀ ਕਰੇਗਾ।



3. ਲੋਕਾਂ ਦੇ ਨਾਮ ਯਾਦ ਰੱਖਣ ਦੀ ਕੋਸ਼ਿਸ਼ ਕਰੋ।ਹਰੇਕ ਨੂੰ ਆਪਣਾ ਨਾਂ ਸੁਣਨਾ ਚੰਗਾ ਲਗਦਾ ਹੈ। ਜਦੋਂ ਤੁਸੀਂ ਵਿਅਕਤੀ ਨੂੰ ਉਸਦਾ ਨਾਂ ਲੈ ਕੇ ਬੁਲਾਉਂਦੇ ਹੋ ਉਸਦੇ ਕੰਨਾਂ ਨੂੰ ਸਿਤਾਰ ਦੀਆਂ ਤਰੰਗਾਂ ਸੁਣਨ ਵਰਗਾ ਅਹਿਸਾਸ ਹੁੰਦਾ ਹੈ। ਜੇਕਰ ਤੁਸੀਂ ਕਿਸੇ ਵਿਅਕਤੀ ਦਾ ਨਾਂ ਭੁੱਲ ਗਏ ਤਾਂ ਉਸਨੂੰ ਦੁਬਾਰਾ ਪੁੱਛ ਸਕਦੇ ਹੋ।
4. ਦੂਜਿਆਂ ਨਾਲ ਗੱਲਬਾਤ ਕਰਦੇ ਸਮੇਂ ਉਨ੍ਹਾਂ ਤੋਂ ਅੱਗੇ ਹੋਰ ਜਾਣਕਾਰੀ ਲੈਣ ਲਈ ਉਤਸੁਕਤਾ ਦਿਖਾਓ। ਜੇਕਰ ਤੁਸੀਂ ਉਨ੍ਹਾਂ ਨੂੰ ਧਿਆਨ ਨਾਲ ਸੁਣ ਰਹੇ ਤਾਂ ਇਸ ਤੋਂ ਇਹ ਸੰਕੇਤ ਜਾਵੇਗਾ ਕਿ ਤੁਸੀਂ ਉਨ੍ਹਾਂ ਨਾਲ ਗੱਲਬਾਤ ਕਰਨ ਵਿੱਚ ਰੁਚੀ ਲੈ ਰਹੇ ਹੋ।
5. ਹਰ ਇੱਕ ਨੂੰ ਆਪਣੀ ਸੋਚ ਮੁਤਾਬਕ ਬੋਲਣ ਦੀ ਅਜ਼ਾਦੀ ਹੈ। ਕਈ ਵਾਰ ਦੂਜੇ ਵਿਅਕਤੀ ਦੇ ਵਿਚਾਰ ਬਿਲਕੁਲ ਅਲੱਗ ਹੁੰਦੇ ਹਨ। ਜੇਕਰ ਦਲੀਲਾਂ ਦੇਣ ਦੇ ਬਾਵਜੂਦ ਉਹ ਤੁਹਾਡੀ ਰਾਇ ਨਾਲ ਸਹਿਮਤ ਨਹੀਂ ਹੁੰਦਾ ਤਾਂ ਇਸ ਸਥਿਤੀ ਵਿੱਚ ਤੁਹਾਨੂੰ ਉਸ ਨਾਲ ਨਾਰਾਜ਼ ਹੋਣ ਦੀ ਬਜਾਏ ਉਸ ਨਾਲ ਸਹਿਮਤ ਹੋਣ ਦਾ ਸਲੀਕਾ ਵੀ ਹੋਣਾ ਚਾਹੀਦਾ ਹੈ।
6. ਅੱਖਾਂ 'ਚ ਅੱਖਾਂ ਪਾ ਕੇ ਗੱਲਬਾਤ ਕਰਨ ਨਾਲ ਤੁਹਾਡਾ ਸਵੈ-ਵਿਸ਼ਵਾਸ ਵੱਧਦਾ ਹੈ। ਪਰ ਇੱਕ ਗੱਲ ਦਾ ਖਾਸ ਧਿਆਨ ਰੱਖੋ ਕਿ ਨਾ ਤਾਂ ਦੂਜੇ ਵੱਲ ਟਿਕਟਿਕੀ ਲਾ ਕੇ ਦੇਖੋ ਨਾ ਹੀ ਨੀਵੀਂ ਪਾ ਕੇ ਗੱਲ ਕਰੋ। ਗਰਦਨ ਸਿੱਧੀ ਰੱਖ ਕੇ ਸਵੈ-ਵਿਸ਼ਵਾਸ ਨਾਲ ਗੱਲਬਾਤ ਕਰੋ।
7. ਜਦੋਂ ਤੁਹਾਨੂੰ ਕੋਈ ਕੁਝ ਸੁਣਾ ਰਿਹਾ ਹੋਵੇ ਤਾਂ ਤੁਸੀਂ ਸਥਿਤੀ ਮੁਤਾਬਿਕ ਸਿਰ ਨਾਲ ਹਾਂ ਜਾਂ ਨਾ ਦਾ ਇਸ਼ਾਰਾ ਕਰ ਸਕਦੇ ਹੋ।ਇਸ ਤੋਂ ਇਹ ਸੰਕੇਤ ਜਾਵੇਗਾ ਕਿ ਤੁਸੀਂ ਸੁਣਨ ਵਿਚ ਰੁਚੀ ਲੈ ਰਹੇ ਹੋ।
8. ਗੱਲਬਾਤ ਦਾ ਪੱਧਰ ਉੱਚਾ ਰੱਖੋ। ਨੀਵੇਂ ਪੱਧਰ ਦੀ ਗੱਲਬਾਤ ਕਰਕੇ ਉੱਚਾ ਰੁਤਬਾ ਹਾਸਿਲ ਨਹੀਂ ਕੀਤਾ ਜਾ ਸਕਦਾ। ਇਸ ਤੋਂ ਤੁਹਾਡੀ ਸਖ਼ਸੀਅਤ ਝਲਕਦੀ ਹੈ।
9. ਗੱਲਬਾਤ ਨੂੰ ਰੌਚਿਕ ਬਣਾਉਣ ਲਈ ਰੌਚਿਕ ਅਤੇ ਹਾਸ-ਰਾਸ ਭਰਪੂਰ ਘਟਨਾਵਾਂ ਸੁਣਾਈਆਂ ਜਾ ਸਕਦੀਆਂ ਹਨ।
10. ਗੱਲਬਾਤ ਦੌਰਾਨ ਜੇਕਰ ਸਥਿਤੀ ਤਣਾਅ ਪੂਰਵਕ ਹੋ ਜਾਵੇ ਤਾਂ ਹਲਕੀ ਮੁਸਕੁਰਾਹਟ ਨਾਲ ਗੱਲਬਾਤ ਦਾ ਵਿਸ਼ਾ ਬਦਲਣ ਦੀ ਕੋਸ਼ਿਸ਼ ਕਰੋ।
11. ਵੱਖ-ਵੱਖ ਤੱਥਾਂ, ਘਟਨਾਵਾਂ ਅਤੇ ਵਿਸ਼ਿਆਂ ਉੱਪਰ ਦੂਜਿਆਂ ਦੀ ਰਾਇ ਜਾਣਨ ਦੀ ਕੋਸ਼ਿਸ਼ ਕਰੋ।
12. ਗਿਆਨ ਦੇ ਆਦਾਨ ਪ੍ਰਦਾਨ ਨੂੰ ਹੀ ਸਾਰਥਿਕ ਗੱਲਬਾਤ ਮੰਨਿਆ ਜਾਂਦਾ ਹੈ।ਇਸ ਲਈ ਧਿਆਨ ਰੱਖੋ ਕਿ ਤੁਸੀਂ ਕਿਤੇ ਇਕੱਲੇ ਤਾਂ ਹੀ ਨਹੀ ਬੋਲੀ ਜਾ ਰਹੇ। ਦੂਜੇ ਨੂੰ ਵੀ ਬੋਲਣ ਦਾ ਮੌਕਾ ਦਿਓ ਤਾਂ ਕਿ ਉਹ ਵੀ ਆਪਣੇ ਵਿਚਾਰ ਸਾਂਝੇ ਕਰ ਸਕੇ। ਦੂਜੇ ਦੇ ਵਿਚਾਰਾਂ ਨੂੰ ਜਾਣੇ ਬਿਨ੍ਹਾਂ ਲੰਬੀ ਗੱਲਬਾਤ ਕਰਨੀ ਸੰਭਵ ਨਹੀ। ਵਾਰਤਾਲਾਪ ਉਸ ਸਮੇਂ ਹੀ ਸੰਭਵ ਹੈ, ਜਦੋਂ ਇੱਕ ਵਿਅਕਤੀ ਬੋਲਦਾ ਹੈ ਅਤੇ ਦੂਜਾ ਸੁਣਦਾ ਹੈ ਜਾਂ ਦੂਜਾ ਬੋਲਦਾ ਹੈ ਤੇ ਪਹਿਲਾ ਸੁਣਦਾ ਹੈ। ਜੇਕਰ ਦੋਨੋਂ ਬੋਲਣ ਲੱਗ ਜਾਣ ਤੇ ਕੋਈ ਵੀ ਨਾ ਸੁਣੇ ਤਾਂ ਇਸ ਨੂੰ ਗੱਲਬਾਤ ਨਹੀਂ ਰੌਲਾ-ਰੱਪਾ ਕਿਹਾ ਜਾਂਦਾ ਹੈ। ਚੁੱਪ-ਚਾਪ ਤੇ ਸਬਰ- ਸੰਤੋਖ ਨਾਲ ਦੂਜੇ ਦੀ ਗੱਲਬਾਤ ਸੁਣਨਾ ਵੀ ਇੱਕ ਕਲਾ ਹੈ। ਜਦੋਂ ਤੁਸੀਂ ਸੰਜਮ ਨਾਲ ਕਿਸੇ ਵਿਅਕਤੀ ਦੀ ਗੱਲ ਸੁਣਦੇ ਹੋ ਤਾਂ ਅਸਿੱਧੇ ਤੌਰ ਤੇ ਉਸ ਵਿਅਕਤੀ ਦਾ ਵਡਮੁੱਲਾ ਤਜ਼ਰਬਾ ਗ੍ਰਹਿਣ ਕਰ ਰਹੇ ਹੁੰਦੇ ਹੋ। ਉਸ ਵਿਅਕਤੀ ਦੇ ਚੰਗੇ ਤਜ਼ਰਬੇ ਬਿਨ੍ਹਾਂ ਯਤਨ ਕੀਤਿਆਂ ਹੀ ਤੁਹਾਡੀ ਜ਼ਿੰਦਗੀ ਦਾ ਭਾਗ ਬਣਦੇ ਹਨ, ਜਿਨ੍ਹਾਂ ਨੂੰ ਤੁਸੀਂ ਆਪਣੀ ਵਿਵਹਾਰਿਕ ਜ਼ਿੰਦਗੀ ਵਿੱਚ ਲਾਗੂ ਕਰ ਕੇ ਸਫ਼ਲ ਹੋ ਸਕਦੇ ਹੋ। ਜੇ ਤੁਸੀਂ ਕੁਝ ਚੰਗਾ ਸੁਣੋਗੇ ਤਾਂ ਹੀ ਕੁੱਝ ਚੰਗਾ ਬੋਲੋਗੇ। ਜਿਹੜਾ ਬੰਦਾ ਕੁੱਝ ਸੁਣਨ ਨੂੰ ਹੀ ਤਿਆਰ ਨਹੀਂ ਉਹ ਬੋਲਾ ਹੋਣ ਦੇਨਾਲ-ਨਾਲ ਗੂੰਗਾ ਵੀ ਹੁੰਦਾ ਹੈ।
13. ਗੱਲਬਾਤ ਦੌਰਾਨ 'ਮੈਂ" ਸ਼ਬਦ ਦੀ ਵਰਤੋਂ ਲੋੜ ਤੋ ਜ਼ਿਆਦਾ ਨਾ ਕਰੋ।
14. ਇੰਗਲੈਂਡ ਵਿੱਚ ਲੋਕ ਰਸਮੀ ਗੱਲਬਾਤ ਦਾ ਆਗ਼ਾਜ ਮੌਸਮ ਬਾਰੇ ਜਾਣਕਾਰੀ ਸਾਂਝੀ ਕਰਕੇ ਕਰਦੇ ਹਨ।
15. ਸਾਨੂੰ ਕਿਸੇ ਦੀਆਂ ਨਿੱਜੀ ਅਤੇ ਖਾਣ ਪੀਣ ਦੀਆਂ ਆਦਤਾਂ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ।ਹਰ ਇੱਕ ਆਪਣੀ ਪਸੰਦ ਲਈ ਆਜ਼ਾਦ ਹੈ।

ਜੇਕਰ ਚੰਗੀਆਂ ਆਦਤਾਂ ਅਪਨਾਓ ਤਾਂ ਉਸਦਾ ਭਲਾ, ਮਾੜੀਆਂ ਆਦਤਾਂ ਅਪਨਾਉਣ ਤੇ ਉਸਦਾ ਨੁਕਸਾਨ ਹੀ ਹੋਵੇਗਾ।

16. ਬ੍ਰਹਮਗਿਆਨੀ ਹੋਣ ਦਾ ਢੋਂਗ ਨਾ ਕਰੋ। ਜੇਕਰ ਤੁਹਾਨੂੰ ਕਿਸੇ ਚੀਜ਼ ਬਾਰੇ ਜਾਣਕਾਰੀ ਨਹੀਂ ਹੈ ਤਾਂ ਤੁਸੀਂ ਇਮਾਨਦਾਰੀ ਨਾਲ ਕਹੋ ਕਿ ਮੈਂ ਇਸ ਬਾਰੇ ਨਹੀਂ ਜਾਣਦਾ। ਇਸ ਤਰ੍ਹਾਂ ਤੁਹਾਡੇ ਸਟਾਰ ਨਹੀਂ ਲਹਿਣ ਲੱਗੇ, ਸਗੋਂ ਤੁਹਾਡੀ ਭਰੋਸੇਯੋਗਤਾ ਹੀ ਵਧੇਗੀ।
17. ਦੂਜੇ ਦੀ ਗੱਲ ਇਕਾਗਰਤਾ ਨਾਲ ਸੁਣੋ। ਸੁਣਨ ਸਮੇਂ ਜ਼ਿਆਦਾ ਨਾ ਸੋਚੋ। ਇਸ ਨਾਲ ਤੁਹਾਡਾ ਧਿਆਨ ਕਿਤੇ ਹੋਰ ਜਾ ਸਕਦਾ ਹੈ।
18. ਗੱਲਬਾਤ ਦੌਰਾਨ ਦੂਜੇ ਵਿਅਕਤੀ ਵੱਲੋਂ ਬੋਲੇ ਸ਼ਬਦਾਂ ਨੂੰ ਵਾਰ-ਵਾਰ ਉਸੇ ਤਰ੍ਹਾਂ ਨਾ ਦੁਹਰਾਓ।ਜ਼ਰੂਰੀ ਨਹੀਂ ਕਿ ਹਰ ਭਾਵ ਬੋਲ ਕੇ ਪ੍ਰਗਟ ਕੀਤਾ ਜਾਵੇ। ਕਈ ਵਾਰ ਚੁੱਪ ਰਹਿ ਕੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ।
19. ਦੂਜੇ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਦਾ ਸਤਿਕਾਰ ਕਰੋ।
20. ਗਿਆਨ ਭਰਪੂਰ ਗੱਲਬਾਤ ਕਰੋ। ਇਸ ਲਈ ਜ਼ਰੂਰੀ ਹੈ ਕਿ ਤੁਹਾਨੂੰ ਵੱਖ ਵੱਖ ਵਿਸ਼ਿਆਂ ਬਾਰੇ (ਰਾਜਨੀਤੀ, ਖੇਡਾਂ, ਅਰਥ ਸ਼ਾਸ਼ਤਰ, ਚਲੰਤ ਮਾਮਲੇ) ਜਾਣਕਾਰੀ ਹੋਵੇ। ਗਿਆਨ ਤੋਂ ਬਿਨ੍ਹਾਂ ਗੱਲਬਾਤ ਸੰਭਵ ਨਹੀਂ।
21. ਕਈ ਵਾਰ ਛੇਤੀ-ਛੇਤੀ ਗੱਲ ਕਰਨ ਦੇ ਚੱਕਰ ਵਿੱਚ ਮੂੰਹੋਂ ਕੁੱਝ ਹੋਰ ਹੀ ਨਿੱਕਲ ਜਾਂਦਾ ਹੈ, ਜਿਸ ਨਾਲ ਤੁਹਾਡਾ ਅਕਸ਼ ਖ਼ਰਾਬ ਹੁੰਦਾ ਹੈ। ਜਿੰਨ੍ਹਾਂ ਚਿਰ ਸ਼ਬਦ ਤੁਹਾਡੇ ਬੁੱਲ੍ਹਾਂ ਦੇ ਦਰਵਾਜ਼ੇ ਅੰਦਰ ਬੰਦ ਹਨ, ਸ਼ਬਦ ਤੁਹਾਡੇ ਹਨ। ਪਰ ਜਦੋਂ ਬੁੱਲ੍ਹ ਖੁੱਲ੍ਹ ਗਏ ਤੇ ਜੀਭ ਹਿੱਲ ਗਈ ਤਾਂ ਸ਼ਬਦ ਮੂੰਹੋਂ ਤੀਰ ਵਾਂਗ ਨਿੱਕਲ ਜਾਂਦੇ ਹਨ ਤੇ ਮੁੜ ਕੇ ਤੁਹਾਡੇ ਕੰਟਰੋਲ ਵਿੱਚ ਨਹੀਂ ਆਉਂਦੇ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਪਹਿਲਾ ਤੋਲੋ ਫਿਰ ਬੋਲੋ। ਇਸ ਕਰਕੇ ਕਾਹਲੀ ਨਾ ਕਰੋ ਤੇ ਆਰਾਮ ਨਾਲ ਆਪਣੀ ਗੱਲ ਕਰੋ। ਜੇਕਰ ਬੋਲਣ ਵੇਲੇ ਕੋਈ ਗੱਲ ਯਾਦ ਆ ਰਹੀ ਹੋਵੇ ਤਾਂ ਥੋੜਾ ਸੋਚੋ ਪਰ ਹੜਬੜੀ ਨਾ ਦਿਖਾਓ।
22. ਜਦੋਂ ਦੂਜਾ ਵਿਅਕਤੀ ਬੋਲ ਰਿਹਾ ਹੋਵੇ, ਉਸ ਨੂੰ ਆਪਣੀ ਗੱਲ ਪੂਰੀ ਕਰਨ ਦਿਓ। ਉਸ ਨੂੰ ਵਿਚਕਾਰ ਨਾ ਟੋਕੋ ਦੂਜੇ ਨੂੰ ਵਿਚਕਾਰ ਟੋਕਣਾ ਉਸ ਦਾ ਪੈਰ ਮਿੱਧਣ ਵਾਂਗ ਹੀ ਹੈ।
23. ਜੇਕਰ ਤੁਸੀਂ ਗਰੁੱਪ ਵਿੱਚ ਬੈਠੇ ਕਈ ਬੰਦਿਆਂ ਨਾਲ ਗੱਲ ਕਰ ਰਹੇ ਹੋ ਤਾਂ ਕਿਸੇ ਇੱਕ ਬੰਦੇ ਵੱਲ ਹੀ ਉਲਾਰ ਨਾ ਦਿਖਾਓ ਸਗੋਂ ਸਾਰਿਆਂ ਨੂੰ ਬਰਾਬਰ ਦਾ ਮਹੱਤਵ ਦਿਓ।
24. ਕਿਸੇ ਨਾਲ ਗੱਲਬਾਤ ਕਰਦੇ ਸਮੇਂ ਮੋਬਾਇਲ 'ਤੇ ਗੇਮ ਨਾ ਖੇਡੋ ਤੇ ਨਾ ਹੀ ਵੱਟਸ ਐੱਪ ਜਾਂ ਫੇਸਬੁੱਕ ਦੀ ਦੁਨੀਆ ਵਿੱਚ ਗੁੰਮ ਹੋਵੋ।

ਗੱਲਬਾਤ ਦੌਰਾਨ ਸਪੱਸ਼ਟਤਾ ਬਹੁਤ ਜ਼ਰੂਰੀ ਹੈ। ਕਿਸੇ ਗੱਲ ਨੂੰ ਸ਼ਪੱਸ਼ਟ ਕਰਨ ਲਈ ਉਦਾਹਰਨ ਦਾ ਸਹਾਰਾ ਲਿਆ ਜਾ ਸਕਦਾ ਹੈ। ਗੱਲਬਾਤ ਕਰਦੇ ਸਮੇਂ ਚਿਹਰੇ ਦੇ ਹਾਵ-ਭਾਵ, ਪੋਜ਼ ਤੇ ਤੁਹਾਡੇ ਬੋਲਣ ਦਾ ਢੰਗ ਗੱਲਬਾਤ ਨੂੰ ਕਲਾਤਮਕਤਾ ਪ੍ਰਦਾਨ ਕਰਦੇ ਹਨ। ਪੜ੍ਹੇ ਲਿਖੇ ਦੇ ਗਲ ਵਿੱਚ ਕੋਈ ਟੱਲ ਨਹੀਂ ਪਾਇਆ ਹੁੰਦਾ ਕਿ ਇਹ ਐਮ.ਏ. ਪਾਸ ਹੈ, ਇਸਦੇ ਵੱਡਾ ਟੱਲ ਪਾਇਆ ਹੈ ਤੇ ਦੂਜਾ ਦਸਵੀਂ ਪਾਸ ਹੈ ਉਸਦੇ ਛੋਟੀ ਟੱਲੀ ਪਾਈ ਹੋਈ ਹੈ।

ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੁੰਦੀ, ਸਿਰਫ਼ ਤੁਹਾਡੇ ਗੱਲਬਾਤ ਦੇ ਢੰਗ ਤੋਂ ਹੀ ਤੁਹਾਡੀ ਸ਼ਖ਼ਸੀਅਤ ਝਲਕਦੀ ਹੈ। ਜੇਕਰ ਤੁਸੀਂ ਗੱਲਬਾਤ ਦਾ ਪੱਧਰ ਉੱਚਾ ਰੱਖਦੇ ਹੋ ਤਾਂ ਦੂਜੇ ਤੇ ਤੁਹਾਡਾ ਚੰਗਾ ਪ੍ਰਭਾਵ ਪੈਂਦਾ ਹੈ। ਗੱਲਬਾਤ ਕਰਨਾ ਇਕ ਕਲਾ ਹੈ, ਜਿਸ ਨੂੰ ਜਾਣਕਾਰੀ ਅਤੇ ਗਿਆਨ ਦੇ ਨਾਲ ਨਿਖ਼ਾਰਿਆ ਜਾ ਸਕਦਾ ਹੈ।

# ਜਲੰਧਰ ਜ਼ਿਮਨੀ ਚੋਣ ਤੇ ਆਮ ਆਦਮੀ ਪਾਰਟੀ ਦੇ ਅਸਾਰ



ਆਰ. ਐਸ. ਲੱਧੜ IAS (R)
91-94175-00610

ਮੁੱਖ ਮੰਤਰੀ ਪੰਜਾਬ ਨੇ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਲਈ 10 ਅਤਿ-ਆਧੁਨਿਕ ਸੈਂਟਰ ਖੋਲ੍ਹੇਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਸੈਂਟਰ ਨੌਜਵਾਨਾਂ ਨੂੰ ਯੂਪੀਐਸਸੀ ਦੀ ਪ੍ਰੀਖਿਆ ਪਾਸ ਕਰਨ ਅਤੇ ਸੂਬੇ ਅਤੇ ਦੇਸ਼ ਵਿੱਚ ਵੱਕਾਰੀ ਅਹੁਦਿਆਂ 'ਤੇ ਪੁੱਜਣ ਲਈ ਮਿਆਰੀ ਸਿਖਲਾਈ ਦੇਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਨੌਜਵਾਨ ਉੱਚ ਅਹੁਦਿਆਂ 'ਤੇ ਬੈਠਣ, ਨਾ ਕਿ ਕਿਸੇ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ ਹੋ ਕੇ ਜੇਲ੍ਹਾਂ ਵਿੱਚ ਪੁੱਜਣ।

ਮਾਨ ਸਾਹਿਬ ਨੂੰ ਇਹ ਯਾਦ ਨਹੀਂ ਕਿ ਪੰਜਾਬ ਸਰਕਾਰ ਦਾ ਮੋਹਾਲੀ ਦੇ ਫੇਜ ਤਿੰਨ ਵਿੱਚ ਪਹਿਲਾਂ ਹੀ ਇੱਕ ਡਾਕਟਰ ਬੀ ਆਰ ਅੰਬੇਡਕਰ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਸ ਚੱਲ ਰਿਹਾ ਹੈ ਜਿੱਥੇ ਅ. ਜਾਤੀ ਵਿਦਿਆਰਥੀਆਂ ਨੂੰ ਅਫਸਰ ਬਣਨ ਲਈ ਮੁੱਫਤ ਸਿਖਲਾਈ ਦਿੱਤੀ ਜਾਂਦੀ ਹੈ, ਪਰ ਇਸ ਪੰਜਾਬ ਭਲਾਈ ਵਿਭਾਗ ਦੁਆਰਾ ਚਲਾਏ ਜਾਂਦੇ ਕਾਲਜ ਵਿੱਚ ਨਾ ਤਾ ਪ੍ਰਿੰਸੀਪਲ ਤਾਇਨਾਤ ਹੈ ਨਾ ਇੱਕ ਵੀ ਟੀਚਰ।

ਸਾਰੀਆਂ ਪੋਸਟਾਂ ਲੰਬੇ ਸਮੇਂ ਤੋਂ ਖਾਲੀ ਹਨ। ਮਾਨ ਸਾਹਿਬ ਲਈ ਦਲਿਤ ਨੌਜਵਾਨ , ਨੌਜਵਾਨਾਂ ਦੀ ਗਿਣਤੀ ਚ ਹੀ ਨਹੀਂ ਆਉਂਦੇ।

ਆਉ ਬਾਕੀ ਆਪ ਪਾਰਟੀ ਦਾ ਦਲਿਤਾਂ ਲਈ ਪਿਆਰ ਵਾਰੇ ਚਰਚਾ ਕਰ ਲੈਂਦੇ ਹਾਂ:

2. ਰਾਜ ਸਭਾ ਵਿੱਚ 7 ਮੈਂਬਰ ਰਾਜ ਸਭਾ ਚ ਭੇਜੇ, ਪੰਜਾਬ ਦੀ ਇੱਕ ਕਰੋੜ ਦੀ ਦਲਿਤ ਅਬਾਦੀ ਵਿੱਚੋਂ ਇੱਕ ਵੀ ਰਾਜ ਸਭਾ ਚ ਭੇਜਣ ਦੇ ਯੋਗ ਨਹੀਂ ਸਮਝਿਆ।

ਇਸੇ ਤਰਾਂ ਦਿੱਲੀ ਵਿੱਚ ਵੀ ਤਿੰਨ ਮੈਂਬਰ ਰਾਜ ਸਭਾ ਭੇਜੇ, ਕੇਜਰੀਵਾਲ ਨੇ ਇੱਕ ਵੀ ਓ ਬੀ ਸੀ , ਐਸ ਸੀ ਜਾਂ ਐਸ ਟੀ ਨਹੀਂ ਭੇਜਿਆ। ਜ਼ਿਆਦਾ ਉਹ ਲੋਕ ਭੇਜੇ ਗਏ ਜ਼ਿਹਨਾਂ ਦੀ ਪੰਜਾਬ, ਪੰਜਾਬੀਅਤ ਜਾਂ ਪੰਜਾਬੀ ਵਿੱਚ ਕੋਈ ਦੇਣ ਨਹੀਂ ਹੈ।

3. ਕੇਜਰੀਵਾਲ ਨੇ ਵਿਦਿਆਰਥੀ ਜੀਵਨ ਵਿੱਚ ਮੰਡਲ ਕਮਿਸ਼ਨ ਦੀ ਵਿਰੋਧਤਾ ਕੀਤੀ , ਮੁਜ਼ਾਹਰੇ ਕੀਤੇ ਕਿ ਪੱਛੜੀ ਸ਼੍ਰੇਣੀ ਨੂੰ ਉਹਨਾਂ ਦੇ ਬਣਦੇ ਅਧਿਕਾਰ ਨਾ ਮਿਲਣ ਤੇ ਬਤੌਰ ਮੁੱਖ ਮੰਤਰੀ ਦਿੱਲੀ ਸ਼ਰੇਆਮ ਜਾਤ ਅਧਾਰਤ ਰਾਖਵਾਂਕਰਣ ਦੀ ਵਿਰੋਧਤਾ ਕੀਤੀ। ਸੋਸ਼ਲ ਮੀਡੀਆ ਤੇ ਅੱਜ ਵੀ ਉਹਨਾਂ ਦੀਆਂ ਟਿੱਪਣੀਆਂ ਵੇਖੀਆਂ ਜਾ ਸਕਦੀਆਂ ਹਨ।

4. ਪੰਜਾਬ ਵਿੱਚ ਆਮ ਆਦਮੀ ਸਰਕਾਰ ਨੇ 158 ਲਾਅ ਅਫਸਰ ਰੱਖੇ ਪਰ ਇੱਕ ਵੀ ਰਾਖਵਾਂਕਰਣ ਦੀ ਨੀਤੀ ਅਨੁਸਾਰ ਨਹੀਂ ਰੱਖਿਆ। ਕੀ ਇਹੀ ਹੈ ਦਲਿਤ ਪ੍ਰੇਮ ?

5. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਗਡਵਾਸੂ ਯੂਨੀਵਰਸਿਟੀਆਂ ਲੁਧਿਆਣਾ ਵਿੱਚ ਟੀਚਿੰਗ ਸਟਾਫ਼ ਵਿੱਚ ਜੀਰੋ ਰਾਖਵਾਂਕਰਣ ਕਿਉਂ?

6. ਪੰਜਾਬ ਦੀ 35% ਅ. ਜਾਤੀ ਵੱਸੋਂ ਕੋਲ ਨਾ ਜ਼ਮੀਨ ਹੈ( ਸਿਰਫ 3।2%) ਨਾ ਬਿਜਨਸ ਨਾ ਹੀ ਨੌਕਰੀਆਂ। ਸਰਕਾਰ ਨੇ ਅ। ਜਾਤੀ ਬੱਚਿਆਂ ਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ



1800.00 ਕਰੋੜ ਤੋਂ ਘਟਾ ਕੇ 60.0 ਕਰੋੜ ਕਰ ਦਿੱਤਾ ਹੈ। ਐਸ ਸੀ ਸਬ ਪਲਾਨ ਤਹਿਤ ਮੌਜੂਦਾ ਵਰੇ ਦੌਰਾਨ 13678 ਕਰੋੜ ਰੁਪਏ ਦੀ (ਬੱਜਟ ਦਾ ਸਿਰਫ 6%) ਪਰੋਵਿਜਨ ਕੀਤੀ ਗਈ ਹੈ। ਜੇਕਰ ਗਵਰਨਰ ਨੇ ਸੂਚਨਾ ਮੰਗੀ ਕਿ ਪਿਛਲੇ ਵਰੇ 2.00 ਲੱਖ ਅ. ਜਾਤੀ ਵਿਦਿਆਰਥੀ ਕਿੱਥੇ ਗਿਆ (ਡਰਾਪ ਕਿਉਂ ਕਰ ਗਿਆ ) ਤਾਂ ਜਵਾਬ ਦੇਣ ਦੀ ਬਜਾਏ ਮੁੱਖ ਮੰਤਰੀ ਮਾਨ ਸਾਹਿਬ ਕਹਿੰਦੇ ਹਨ ਕਿ ਪੰਜਾਬ ਗਵਰਨਰ ਸਰਕਾਰ ਦੇ ਕੰਮ ਵਿੱਚ ਦਖਲਅੰਦਾਜੀ ਕਰ ਰਿਹਾ ਹੈ। ਦਲਿਤ ਤਾਂ ਸਰਕਾਰ ਦਾ ਸਰੋਕਾਰ ਹੈ ਹੀ ਨਹੀਂ, ਸਿਰਫ ਵੋਟਾਂ ਤੱਕ ਹੀ ਉਹਨਾਂ ਦੀ ਲੋੜ ਹੈ। ਵੋਟਾਂ ਤਾਂ ਬਾਬਾ ਸਾਹਿਬ ਦੀ ਫੋਟੋ ਨਾਲ, ਰੇਲ ਗੱਡੀ ਨੂੰ ਹਰੀ ਝੰਡੀ ਨਾਲ, ਇੱਕ ਚੈਂਕ ਦੇਣ ਨਾਲ ਜਾਂ ਕੋਈ ਸਾਬਕਾ ਐਮ ਐਲ ਨੂੰ ਪਾਰਟੀ ਚ ਮਿਲਾਉਣ ਨਾਲ ਮਿਲ ਹੀ ਜਾਣੀਆਂ।

ਦਲਿਤਾਂ ਕੋਲ ਕਿਹੜੀ ਸੋਚਣ ਸ਼ਕਤੀ ਹੈ ਜੋ ਉਹ ਸੋਚ ਸਮਝ ਕੇ ਵੋਟ ਪਾਉਣਗੇ। ਇਹਨਾਂ ਕੋਲ ਕਹਿੜਾ ਬਾਬਾ ਸਾਹਿਬ ਵਰਗਾ ਦਿਮਾਗ਼ ਹੈ ਜੋ ਮੰਨਦੇ ਸੀ ਕਿ ਮੈਂ ਵੋਟ ਦਾ ਅਧਿਕਾਰ ਤੁਹਾਨੂੰ ਹੁਕਮਰਾਨ ਬਣਨ ਲਈ ਲੈ ਕੇ ਦਿੱਤਾ। ਜੇਕਰ ਅਜਿਹਾ ਹੁੰਦਾ ਤਾਂ ਅੱਜ ਤੱਕ ਕੋਈ ਆਪਣਾ ਮੁੱਖ ਮੰਤਰੀ ਨਾ ਬਣਾ ਲੈਂਦੇ। ਇਹ ਤਾਂ ਨਾਹਰੇ ਲਾਉਣ ਜੋਗੇ ਹਨ," ਬਾਬਾ ਸਾਹਿਬ ਤੇਰੀ ਸੋਚ ਤੇ ਪਹਿਰਾ ਦੇਵਾਗੇਂ ਠੋਕ ਕੇ"।

7. ਪੰਜਾਬ ਵਿੱਚ ਕਾਂਗਰਸ , ਅਕਾਲੀ ਤੇ ਹੁਣ ਆਪ ਸਰਕਾਰ ਪੱਛੜੀਆ ਸ਼੍ਰੇਣੀਆਂ ( 42% ਵੱਸੋਂ) ਨੂੰ 12% ਰਾਖਵਾਂਕਰਣ ਦੇ ਰਹੀ ਹੈ। ਜੇਕਰ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨੂੰ 2019 ਵਿੱਚ 10% ਰਾਖਵਾਂਕਰਣ ਦਿੱਤਾ ਜਾ ਸਕਦਾ ਹੈ ਤਾਂ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਪੱਛੜੀਆ ਸ਼੍ਰੇਣੀਆਂ ਨੂੰ 27.5% ਰਾਖਵਾਂਕਰਣ ਕਿਉਂ ਨਹੀਂ?

8. ਪੰਜਾਬ ਵਿੱਚ ਅ ਜਾਤੀ ਦੀ 35% ਵੱਸੋਂ ਲਈ ਤਰੱਕੀਆਂ ਵਿੱਚ ਕਲਾਸ ਇੱਕ ਅਤੇ ਦੋ ਨੂੰ 14% ਤੇ ਕਲਾਸ ਤਿੰਨ ਅਤੇ ਚਾਰ ਨੂੰ 20% ਰਾਖਵਾਂਕਰਣ ਦਾ ਕੀ ਤਰਕ ਹੈ ? ਕੀ ਇਹ ਸੰਵਿਧਾਨ ਦੀ ਪਾਲਣਾ ਹੋ ਰਹੀ ਹੈ? ਦੇਸ਼ ਦਾ ਸੰਵਿਧਾਨ ਕਹਿੰਦਾ ਹੈ ਪੱਛੜੀਆ ਅਤੇ ਅ. ਜਾਤੀ ਤੇ ਜਨ ਜਾਤੀਆਂ ਨੂੰ ਵੱਸੋਂ ਮੁਤਾਬਕ ਰਾਖਵਾਂਕਰਣ ਦਿੱਤਾ ਜਾਵੇ।

ਪੰਜਾਬ ਸਰਕਾਰ ਸੰਵਿਧਾਨ ਦੀ ਸੌਂਹ ਖਾ ਕੇ ਸੰਵਿਧਾਨ ਨੂੰ ਨਹੀਂ ਮੰਨਦੀ। ਬਸ ਬਾਬਾ ਸਾਹਿਬ ਦੀ ਦਫ਼ਤਰਾਂ ਵਿੱਚ ਫੋਟੋ ਲਾਕੇ ਦਲਿਤਾਂ ਨੂੰ ਮੂਰਖ ਬਣਾ ਰਹੀ ਹੈ। ਸ਼ਹੀਦੇ ਅੰਜਾਮ ਭਗਤ ਸਿੰਘ ਦੀ ਫੋਟੋ ਲਾ ਕੇ ਕੱਟੜ ਇਮਾਨਦਾਰ ਸਰਕਾਰ ਦਾ ਸਰਟੀਫਿਕੇਟ ਆਪੇ ਆਪਣੇ-ਆਪ ਨੂੰ ਦੇਈ ਜਾਂਦੀ ਹੈ।

ਸੰਗਰੂਰ ਜ਼ਿਮਨੀ ਚੋਣ ਹਾਲੇ ਭੁੱਲੀ ਨਹੀਂ ਸੀ ਕਿ ਹੁਣ ਜਲੰਧਰ ਜ਼ਿਮਨੀ ਚੋਣ ਸਿਰ ਤੇ ਆ ਪਈ। ਆਪ ਜੋ ਆਮ ਆਦਮੀ ਲੋਕਾਂ ਦੀ ਸਰਕਾਰ ਅਤੇ ਪਾਰਟੀ ਕਹਿੰਦੀ ਥੱਕਦੀ ਨਹੀਂ ਸੀ ਹੁਣ ਖਾਸ ਆਦਮੀਆਂ ਦੀ ਭਾਲ ਵਿੱਚ ਤਰਲੋ ਮੱਛੀ ਹੋ ਰਹੀ ਹੈ। ਜਗਵੀਰ ਸਿੰਘ ਬਰਾੜ ਸਾਬਕਾ ਐਮ ਐਲ ਏ ਤੋਂ ਬਾਅਦ ਹੁਣ ਸੁਸ਼ੀਲ ਕੁਮਾਰ ਰਿੰਕੂ ਨੂੰ ਪਾਰਟੀ ਚ ਸ਼ਾਮਲ ਕੀਤਾ ਗਿਆ ਹੈ। ਪਹਿਲੇ 52 ਐਮ ਐਲ ਏਜ ਵੀ ਅਪਰਾਧਿਕ ਪਿਛੋਕੜ ਵਾਲੇ ਹਨ ਜਿਹਨਾਂ ਦੇ ਸਬੂਤ ਉਹਨਾਂ ਵੱਲੋਂ ਚੋਣ ਕਮਿਸ਼ਨ ਭਾਰਤ ਨੂੰ ਜਮਾਂ ਦਸਤਾਵੇਜ਼ਾਂ ਵਿੱਚ ਦਰਜ ਹਨ।

ਇੱਕ ਵਜ਼ੀਰ ਜੇਲ ਜਾ ਚੁੱਕਾ ਹੈ, ਇੱਕ ਐਮ ਐਲ ਏ ਜੇਲ ਅੰਦਰ ਹੈ ਅਤੇ ਇੱਕ ਵਜ਼ੀਰ ਤੋਂ ਵਜ਼ਾਰਤ ਤਾਂ ਖੋ ਲਈ ਹੈ ਪਰ ਅਪਰਾਧਿਕ ਮਾਮਲਾ ਦਰਜ ਨਹੀਂ ਕੀਤਾ ਕੱਟੜ ਇਮਾਨਦਾਰ ਸਰਕਾਰ ਨੇ।

ਇਹ ਵੀ ਮੀਡੀਆ ਵਿੱਚ ਸਰਗਰਮ ਗੱਲ ਰਹੀ ਕਿ ਰਿੰਕੂ ਤੋਂ ਪਹਿਲਾਂ ਕਾਂਗਰਸ ਨੇਤਾ ਮਹਿੰਦਰ ਸਿੰਘ ਕੇ ਪੀ ਨੂੰ ਆਪ ਪਾਰਟੀ ਵੱਲੋਂ ਜਲੰਧਰ ਸੀਟ ਆਫਰ ਕੀਤੀ ਗਈ ਸੀ। ਪਰ ਉਸ ਨੇ ਆਮ ਆਦਮੀ ਪਾਰਟੀ ਚ ਆਉਣ ਤੋਂ ਸਖਤ ਮਨਾ ਕਰ ਦਿੱਤਾ। ਜੇਕਰ ਦਲਿਤਾਂ ਪ੍ਰਤੀ ਆਪ ਨੇ ਕੋਈ ਸੁਹਿਰਦ ਪਾਲਿਸੀ ਅਪਣਾਈ ਹੁੰਦੀ ਤਾਂ ਅੱਜ ਇਸ ਤਰਾਂ ਦਲਿਤ ਨੇਤਾਵਾਂ ਦੀਆਂ ਲੇਲੜੀਆਂ ਨਾ ਕੱਢਣੀਆਂ ਪੈਂਦੀਆਂ। ਦਲਿਤ ਨੇਤਾ ਲੋਕਾਂ ਵਿੱਚ ਆਪ ਸਰਕਾਰ ਦੀ ਜਾਂ ਪਾਰਟੀ ਦੀ ਕੋਈ ਵੀ ਅੱਛੀ ਗੱਲ ਕੀ ਲੈ ਕੇ ਜਾਣ ? ਸਾਰੀਆਂ ਨੀਤੀਆਂ ਤਾਂ ਦਲਿਤ ਮਾਰੂ ਹਨ ਆਪ ਦੀਆਂ। ਕੇਜਰੀਵਾਲ ਅਤੇ ਮਾਨ ਸਾਹਿਬ ਨੂੰ ਦਲਿਤ ਸਿਵਾਏ ਵੋਟਾਂ ਤੋਂ ਵੱਧ ਇਹਨਾਂ ਨੂੰ ਕੁੱਝ ਨਹੀਂ ਲੱਗਦੇ। ਪਰ ਦੁਆਬਾ ਦਾ ਦਲਿਤ ਖਾਸ ਕਰ ਜਲੰਧਰ ਦਾ ਪੂਰੇ ਵਿਸ਼ਵ ਦਾ ਭਰਮਣ ਕਰ ਚੁੱਕਾ ਹੈ, ਸੱਭ ਤੋਂ ਵੱਧ ਪੜਿਆ ਲਿਖਿਆ ਹੈ, ਨੌਕਰੀਆਂ ਵਿੱਚ ਸਰਕਾਰ ਦੀ ਵਰਤੋ ਤੋਂ ਜਾਣੂ ਹੈ,ਪ੍ਰਸ਼ਾਸਨ ਨੂੰ ਅੰਦਰੋਂ -ਬਾਹਰੋਂ ਜਾਣਦਾ ਹੈ, ਪੁਰਾਣੀ ਪੈਸ਼ਨ ਸਕੀਮ ਵਰਗੇ ਆਪ ਦੇ ਝੂਠੇ ਵਾਇਦਿਆਂ ਨੂੰ ਭਲੀ ਭਾਂਤ ਸਮਝਦਾ ਹੈ, ਇੱਕ ਸਾਲ ਬਾਅਦ ਡੇਰਾ ਬੱਲਾਂ ਨੂੰ 25.00 ਕਰੋੜ ਦੇ ਚੈਂਕ ਬਦਲੇ ਆਪਣੇ ਆਪ ਨੂੰ ਗਿਰਵੀ ਰੱਖਣ ਲਈ ਤਿਆਰ ਨਹੀਂ ਹੈ। ਜਲੰਧਰ ਜ਼ਿਮਨੀ ਚੋਣਾਂ ਵਿੱਚ ਦਲਿਤ ਵੋਟਰ ਉਸੇ ਤਰਾਂ ਸਰਕਾਰ ਦੀ ਗੋਡਣੀ ਲੁਆਇਣ ਲਈ ਤਿਆਰ ਹੈ ਜਿਵੇਂ ਸੰਗਰੂਰ ਜ਼ਿਮਨੀ ਚੋਣ ਵਿੱਚ ਨਤੀਜਾ ਸਾਹਮਣੇ ਆਇਆ ਸੀ। ਖ਼ੈਰ ਦਲਿਤ ਆਪਣੀ ਅਣਖ ਨੂੰ ਕਿੰਨਾ ਕੁ ਤਰਜੀਹ ਦਿੰਦੇ ਹਨ 13 ਮਈ ਨੂੰ ਨਤੀਜੇ ਦੱਸ ਦੇਣਗੇ।

ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜਦੀ-ਸਪੈਸ਼ਲ ਗਿਰਦਾਵਰੀਆਂ ( ਬਿਨਾ ਕਿਸੇ ਮਜ਼ਦੂਰਾਂ ਨੂੰ ਮੁਆਵਜ਼ੇ ਦੇ) ,ਟੋਲ ਪਲਾਜਿਆਂ ਦੀ ਮਿਆਦ ਖਤਮ ਹੋਣ ਤੇ ਫੋਟੋ ਸੈਸ਼ਨ, ਬਿਜਲੀ ਦੀ ਸਬਸਿਡੀ ਤੇ ਜਲੰਧਰੋਂ ਰੇਲ ਗੱਡੀ ਨੂੰ ਝੰਡੀ ਦੇਣੀ ਜਾਂ ਟ੍ਰੇਨਿੰਗ ਲਈ ਜਾ ਰਹੇ ਪਿੰਸੀਪਲਾਂ ਦੀਆਂ ਬੱਸਾਂ ਨੂੰ ਹਰੀਆਂ ਝੰਡੀਆਂ ਦੇਣੀਆਂ ਕਿੰਨੀਆਂ ਕੁ ਕਾਰਗਾਰ ਸਾਬਿਤ ਹੁੰਦੀਆਂ ਹਨ , ਸਰਕਾਰ ਦਾ ਕਿਰਨਦੀਪ ਟੈਸਟ ਦਾ ਰੰਗ ਜਲਦੀ ਹੀ ਸਾਹਮਣੇ ਆ ਜਾਵੇਗਾ।

# ਸਹਿਕਾਰੀ ਖੰਡ ਮਿੱਲ ਵੱਲੋਂ ਸੇਵਾਕਾਲ ਦੌਰਾਨ ਫੌਤ ਹੋਏ ਆਪਣੇ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਰੋਜ਼ਗਾਰ ਦੇਣ ਸਬੰਧੀ ਮਤਾ ਪਾਸ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੇ ਬੋਰਡ ਆਫ ਡਾਇਰੈਕਟਰਜ ਦੀ ਬੀਤੀ ਕਲ੍ਹ ਸਰਤਾਜ ਸਿੰਘ, ਡਾਇਰੈਕਟਰ, ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ’ਚ 19 ਮ੍ਰਿਤਕ



ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਰੋਜ਼ਗਾਰ ਦੇਣ ਸਬੰਧੀ ਮਤਾ ਪਾਸ ਕੀਤਾ ਗਿਆ।

ਮੀਟਿੰਗ ਉਪਰੰਤ ਜਨਰਲ ਮੈਨੇਜਰ ਸੁਰਿੰਦਰ ਪਾਲ ਵੱਲੋਂ ਦੱਸਿਆ ਗਿਆ ਕਿ ਮਿੱਲ ਵਿੱਚ ਪਿਛਲੇ ਸਮੇਂ ਦੌਰਾਨ ਆਪਣੇ ਮਿੱਲ ਦੇ ਸੇਵਾਕਾਲ ਦੌਰਾਨ ਜਿਨ੍ਹਾਂ ਮਿੱਲ ਕਰਮਚਾਰੀਆਂ ਦੀ ਮੌਤ ਹੋਈ ਸੀ, ਦੇ ਆਸ਼ਰਿਤਾਂ ਨੂੰ ਤਰਸ ਦੇ ਆਧਾਰ ’ਤੇ ਨਿਯੁਕਤੀ ਦੇਣ ਸਬੰਧੀ ਲੰਬਿਤ ਮਾਮਲੇ ਨੂੰ ਵਿਚਾਰਿਆ ਗਿਆ। ਇਸ ਮੀਟਿੰਗ ਦੌਰਾਨ 19 ਮ੍ਰਿਤਕ ਕਰਮਚਾਰੀਆਂ ਦੇ ਆਸ਼ਰਿਤਾਂ ਨੂੰ ਰੋਜ਼ਗਾਰ ਦੇਣ ਸਬੰਧੀ ਮਤਾ ਪਾਸ ਕੀਤਾ ਗਿਆ, ਜਿਨ੍ਹਾਂ ਨੂੰ ਮਿੱਲ ਵੱਲੋਂ ਜਲਦੀ ਹੀ ਨਿਯੁਕਤੀ ਪੱਤਰ ਦਿੱਤੇ ਜਾਣਗੇ। ਇਸ ਮੀਟਿੰਗ ਦੌਰਾਨ ਮਿੱਲ ਦੇ ਯੋਗ ਵਰਕਰਾਂ ਨੂੰ ਵਰਦੀ ਦੇਣ ਸਬੰਧੀ ਮਤਾ ਵੀ ਪ੍ਰਵਾਨ ਕੀਤਾ ਗਿਆ।

ਮੀਟਿੰਗ ਦੌਰਾਨ ਕਿਸਾਨ ਯੂਨੀਅਨ ਅਤੇ ਸਮੂਹ ਜਿਮੀਂਦਾਰਾਂ ਵੱਲੋਂ 10 ਮਾਰਚ 2023 ਉਪਰੰਤ, ਉਨ੍ਹਾਂ ਵੱਲੋਂ ਨੇੜਲੀਆਂ ਮਿੱਲਾਂ ਵਿੱਚ ਸਪਲਾਈ ਕੀਤੇ ਗਏ ਗੰਨੇ ਨੂੰ ਇਸ ਮਿੱਲ ਦੀ ਬੌਂਡ ਦੀ ਸਪਲਾਈ ਵਿੱਚ ਐਡਜਸਟ ਕਰਨ ਸਬੰਧੀ ਕੀਤੀ ਗਈ ਮੰਗ ’ਤੇ ਵੀ ਵਿਚਾਰ ਵਟਾਂਦਰਾ ਹੋਇਆ। ਇਸ ਤੋਂ ਇਲਾਵਾ ਮਿੱਲ ਏਰੀਏ ਦੇ ਜਿਮੀਂਦਾਰਾਂ ਵੱਲੋਂ ਗੰਨਾ ਯਾਰਡ ਨੂੰ ਪੱਕਾ ਕਰਨ ਅਤੇ ਮਿੱਲ ਦੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਦਿੱਖ ਸੁਧਾਰਨ ਦੀ ਕਾਫੀ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਜਿਮੀਂਦਾਰਾਂ ਦੀ ਇਸ ਮੰਗ ਨੂੰ ਮੁੱਖ ਰੱਖਦੇ ਹੋਏ ਮੀਟਿੰਗ ਦੌਰਾਨ ਗੰਨਾ ਯਾਰਡ ਨੂੰ ਪੱਕਾ ਕਰਨ ਅਤੇ 51 ਲੱਖ ਰੁਪਏ ਨਾਲ ਮਿੱਲ ਦੇ ਗੁਰਦੁਆਰਾ ਸਾਹਿਬ ਦੀ ਨਵੀ ਇਮਾਰਤ ਦੀ ਉਸਾਰੀ ਲਈ ਬੋਰਡ ਆਫ ਡਾਇਰੈਕਟਰਜ ਵੱਲੋਂ ਮਤੇ ਨੂੰ ਸਰਵਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਅਤੇ ਇਸ ਮਤੇ ਦੀ ਅੰਤਿਮ ਪ੍ਰਵਾਨਗੀ ਮਿੱਲ ਦੇ ਹੋਣ ਵਾਲੇ ਸਲਾਨਾ ਆਮ ਇਜਲਾਸ ਵਿੱਚ ਲੈਣ ਉਪਰੰਤ, ਇਸ ਸਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਸਮੇਂ ਤੱਕ ਮਿੱਲ ਵੱਲੋਂ ਲਗਪਗ 30।25 ਲੱਖ ਕੁਇੰਟਲ ਗੰਨੇ ਦੀ ਪਿੜਾਈ ਕੀਤੀ ਜਾ ਚੁੱਕੀ ਹੈ ਅਤੇ ਜਿਮੀਂਦਾਰਾਂ ਤੋਂ ਖਰੀਦੇ ਕੀਤੇ ਗਏ ਗੰਨੇ ਦੀ ਮਿਤੀ 20।03।2023 ਤੱਕ ਬਣਦੀ ਅਦਾਇਗੀ ਆਪਣੇ ਵਸੀਲਿਆਂ ਅਤੇ ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਕੀਤੀ ਜਾ ਚੁੱਕੀ ਹੈ ਜੋ ਕਿ ਕੁੱਲ ਦੇਣਯੋਗ ਰਾਸ਼ੀ ਦਾ 80 ਫ਼ੀਸਦੀ ਬਣਦੀ ਹੈ ਅਤੇ ਰਾਜ ਦੀਆਂ ਦੂਸਰੀਆਂ ਸਹਿਕਾਰੀ ਖੰਡ ਮਿੱਲਾਂ ਤੋਂ ਜ਼ਿਆਦਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮਿੱਲ ਦਾ ਪਿੜਾਈ ਸੀਜ਼ਨ ਏਰੀਏ ਦਾ ਸਾਰਾ ਗੰਨਾ ਪੀੜਨ ਉਪਰੰਤ ਹੀ ਸਮਾਪਤ ਕੀਤਾ ਜਾਵੇਗਾ।

# ਸੀਤਾਰਮਨ ਨੇ ਕੌਮਾਂਤਰੀ ਮੁਦਰਾ ਫੰਡ ਦੀ ਅਧਿਕਾਰੀ ਗੋਪੀਨਾਥ ਨਾਲ ਮੁਲਾਕਾਤ ਕੀਤੀ

**ਵਾਸ਼ਿੰਗਟਨ (ਬਿਊਰੋ)-** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕੌਮਾਂਤਰੀ ਮੁਦਰਾ ਫੰਡ ਦੀ ਪਹਿਲੀ ਉਪ ਪ੍ਰਬੰਧ ਨਿਰਦੇਸ਼ਕ ਗੀਤਾ ਗੋਪੀਨਾਥ ਨਾਲ ਮੁਲਾਕਾਤ ਦੌਰਾਨ ਕਰਜ਼ੇ ਦੇ ਸੰਕਟ ਅਤੇ ਹੋਰ ਮੁੱਦਿਆਂ 'ਤੇ ਚਰਚਾ ਕੀਤੀ। ਸੀਤਾਰਮਨ ਆਈਐੱਮਐੱਫ ਅਤੇ ਵਿਸ਼ਵ ਬੈਂਕ ਦੀ ਸਾਲਾਨਾ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਇੱਥੇ ਉੱਚ ਪੱਧਰੀ ਭਾਰਤੀ ਵਫ਼ਦ ਦੀ ਅਗਵਾਈ ਕਰ ਰਹੀ ਹੈ। ਵਿੱਤ ਮੰਤਰਾਲੇ ਨੇ ਬੈਠਕ ਤੋਂ ਬਾਅਦ ਟਵੀਟ ਕੀਤਾ ਕਿ ਸੀਤਾਰਮਨ ਨੇ ਗੋਪੀਨਾਥ ਨੂੰ ਗਲੋਬਲ ਸੋਵਰੇਨ ਡੈਬਟ ਗੋਲਮੇਜ਼ 'ਤੇ ਭਾਰਤ ਦੇ ਕੰਮ ਨੂੰ ਤੇਜ਼ ਕਰਨ ਲਈ ਵਧਾਈ ਦਿੱਤੀ ਅਤੇ ਕਰਜ਼ੇ ਨਾਲ ਸਬੰਧਤ ਸੰਵੇਦਨਸ਼ੀਲਤਾ ਨੂੰ ਹੱਲ ਕਰਨ ਲਈ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ।



# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਦਾ ਨਤੀਜਾ ਐਲਾਨਿਆ

**ਪਠਾਨਕੋਟ, ਅਪ੍ਰੈਲ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਕੂਲ ਸਿੱਖਿਆ ਬੋਰਡ (ਫੰਓਭ) ਵੱਲੋਂ ਅੱਜ ਪੰਜਵੀਂ ਜਮਾਤ ਦੇ ਨਤੀਜੇ ਦਾ ਬਾਅਦ ਦੁਪਹਿਰ 3 ਵਜੇ ਐਲਾਨ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦਿੱਤੀ। ਉਨ੍ਹਾਂ ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪਹਿਲਾਂ ਨਤੀਜਾ 5 ਅਪ੍ਰੈਲ ਨੂੰ ਐਲਾਨਿਆ ਜਾਣਾ ਸੀ ਪਰ ਕੁਝ ਵਿਭਾਗੀ ਕਾਰਨਾਂ ਕਰਕੇ ਅਜਿਹਾ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ 5205 ਬੱਚਿਆਂ ਨੇ ਪੰਜਵੀਂ ਦੀ ਪ੍ਰੀਖਿਆ ਦਿੱਤੀ ਸੀ ਜਿਨ੍ਹਾਂ ਵਿੱਚੋਂ 5195 ਬੱਚਿਆਂ ਨੇ ਇਸ ਪ੍ਰੀਖਿਆ ਨੂੰ ਪਾਸ ਕੀਤਾ ਹੈ। ਇਸ ਤਰ੍ਹਾਂ ਪਠਾਨਕੋਟ ਦੀ ਪਾਸ ਪ੍ਰਤੀਸ਼ਤਤਾ 99,81 ਪ੍ਰਤੀਸ਼ਤ ਰਹੀ ਹੈ। ਜ਼ਿਲ੍ਹਾ ਅਧਿਕਾਰੀਆਂ ਨੇ ਪੰਜਵੀਂ ਬੋਰਡ ਦੇ ਨਤੀਜਿਆਂ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਲਈ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਧਿਆਪਕ ਸਾਹਿਬਾਨ ਆਪਣੀ ਮਿਹਨਤ ਅਤੇ ਜਜ਼ਬੇ ਨਾਲ ਇਸ ਨਤੀਜੇ ਨੂੰ ਆਉਂਣ ਵਾਲੇ ਸਾਲ ਵਿੱਚ ਹੋਰ ਬਿਹਤਰ ਕਰਣਗੇ। ਉਨ੍ਹਾਂ ਦੱਸਿਆ ਕਿ ਸਾਰੇ ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ 'ਤੇ ਜਾ ਕੇ ਰੋਲ ਨੰਬਰ ਜਾਂ ਨਾਮ ਅਨੁਸਾਰ ਨਤੀਜਾ ਦੇਖ ਸਕਣਗੇ।



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

**WASH, LUBE, BRAKES**

Call:

650-642-0697

## 3525 Highway 99, West Corning, CA 96021

Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust